13-SEP-PAGE-1.qxd 9/12/2025 10:46 PM Page 1

ਸ਼ਨੀਵਾਰ, 13 ਸਤੰਬਰ, 2025

29 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 103

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 13 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਕੱਲਾ-ਕੱਲਾ ਪੈਸਾ ਦੇਣ ਤੱਕ ਸੌਣਾ ਨਹੀਂ : ਮਾਨ

## ਗਿਰਦਾਵਰੀ ਤੇ ਮੁਆਵਜ਼ੇ ਦੀ ਵੰਡ ਦੀਵਾਲੀ ਤੋਂ ਪਹਿਲਾਂ-ਪਹਿਲਾਂ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਡਿਪਟੀ ਕਮਿਸ਼ਨਰਾਂ ਨਾਲ ਵਰਚੂਅਲ ਮੀਟਿੰਗ ਕਰਨ ਮਗਰੋਂ ਐਲਾਨ ਕੀਤਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਰਾਸ਼ੀ ਡੇਢ ਮਹੀਨੇ ਦੇ ਅੰਦਰ-ਅੰਦਰ ਵੰਡ ਦਿੱਤੀ ਜਾਵੇਗੀ ਅਤੇ ਪਹਿਲਾ ਚੈੱਕ ਇੱਕ ਮਹੀਨੇ 'ਚ ਤਿਆਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 30 ਤੋਂ 40 ਦਿਨਾਂ 'ਚ ਸਪੈਸ਼ਲ ਗਿਰਦਾਵਰੀ ਦਾ ਕੰਮ ਮੁਕੰਮਲ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਜਿੰਨਾ ਸਮਾਂ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਦਾ 'ਕੱਲਾ 'ਕੱਲਾ ਪੈਸਾ ਲੋਕਾਂ ਨੂੰ ਮਿਲ ਨਹੀਂ ਜਾਂਦਾ, ਉਦੋਂ ਤੱਕ ਉਹ ਨਾ ਖ਼ੁਦ ਚੈਨ ਨਾਲ ਸੌਣਗੇ ਅਤੇ ਨਾ ਹੀ ਅਧਿਕਾਰੀਆਂ ਨੂੰ ਸੌਣ ਦੇਣਗੇ। ਮਾਨ ਨੇ ਅੱਜ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਦੱਸਿਆ ਕਿ ਦੀਵਾਲੀ ਤੱਕ ਮੁਆਵਜ਼ਾ ਰਾਸ਼ੀ ਲੋਕਾਂ ਤੱਕ ਪਹੁੰਚ ਜਾਵੇਗੀ ਅਤੇ ਕਿਸੇ ਵੀ ਘਰ ਦਾ ਚੁੱਲ੍ਹਾ ਬੁਝਣ ਨਹੀਂ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਫ਼ਸਲਾਂ ਦੇ ਨੁਕਸਾਨ ਦਾ 20 ਹਜ਼ਾਰ ਰੁਪਏ ਏਕੜ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਮਜ਼ਦੂਰਾਂ ਦੀ ਮਦਦ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੁਕਸਾਨੇ ਪਸ਼ੂ ਦਾ 37,500 ਰੁਪਏ ਅਤੇ ਡਿੱਗੇ ਮਕਾਨਾਂ ਦਾ 40 ਹਜ਼ਾਰ ਰੁਪਏ ਪ੍ਰਤੀ ਘਰ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਅੱਜ ਡਿਪਟੀ ਕਮਿਸ਼ਨਰਾਂ ਨੂੰ ਪਾਣੀ ਘਟਣ 'ਤੇ ਫ਼ੌਰੀ ਵਿਸ਼ੇਸ਼ ਗਿਰਦਾਵਰੀ ਕਰਨ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੇ ਖੇਤਾਂ 'ਚ ਚੜ੍ਹੀ ਰੇਤ ਨੂੰ ਹਟਾਉਣ ਲਈ ਪੰਜਾਬ ਸਰਕਾਰ ਨਵੀਆਂ ਜੇ ਸੀ ਬੀ ਮਸ਼ੀਨਾਂ ਖ਼ਰੀਦ ਰਹੀ ਹੈ ਅਤੇ ਇਹ ਮਸ਼ੀਨਾਂ ਰੇਤ ਹਟਾਉਣ ਲਈ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਦੱਸਿਆ ਕਿ ਹੜ੍ਹਾਂ ਕਾਰਨ ਹੁਣ ਤੱਕ 55 ਮੌਤਾਂ ਹੋ ਚੁੱਕੀਆਂ ਹਨ, ਜਿਨ੍ਹਾਂ 'ਚੋਂ 42 ਪੀੜਤ ਪਰਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਘੱਗਰ ਦਾ ਹਾਲੇ ਖ਼ਤਰਾ ਬਰਕਰਾਰ ਹੈ ਅਤੇ ਸਰਕਾਰ ਨੇ ਨਜਿੱਠਣ ਲਈ ਇੱਕ ਲੱਖ ਬੋਰੀ ਰੇਤ ਦੀ ਭਰ ਕੇ ਰੱਖੀ ਹੋਈ ਹੈ। ਉਹ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਪੂਰਾ ਲੇਖਾ ਜੋਖਾ ਤਿਆਰ ਕਰਕੇ ਪ੍ਰਧਾਨ ਮੰਤਰੀ ਨੂੰ ਮਿਲਣ ਜਾਣਗੇ।

ਮੁੱਖ ਮੰਤਰੀ ਨੇ 12 ਹਜ਼ਾਰ ਕਰੋੜ ਦੇ ਵਿਵਾਦਿਤ ਰਾਹਤ ਫ਼ੰਡਾਂ ਬਾਰੇ ਵੀ ਸਪੱਸ਼ਟ ਕਰਦਿਆਂ ਕਿਹਾ ਕਿ 'ਆਪ' ਸਰਕਾਰ ਦੇ ਸੱਤਾ 'ਚ ਆਉਣ ਮਗਰੋਂ ਸਟੇਟ ਡਿਜਾਸਟਰ ਰਿਸਪਾਂਸ ਫ਼ੰਡ ਤਹਿਤ 1582 ਕਰੋੜ ਰੁਪਏ ਪ੍ਰਾਪਤ ਹੋਏ ਸਨ, ਜਿਸ 'ਚੋਂ 649 ਕਰੋੜ ਰੁਪਏ ਖ਼ਰਚ ਕੀਤੇ ਜਾ ਚੁੱਕੇ ਹਨ। ਭਗਵੰਤ ਮਾਨ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਐਤਕੀਂ ਝੋਨੇ ਦੀ ਫ਼ਸਲ ਜਲਦ ਮੰਡੀਆਂ 'ਚ ਆ ਗਈ ਹੈ, ਜਿਸ ਦੀ ਖ਼ਰੀਦ ਲਈ ਤਿਆਰੀਆਂ ਚੱਲ ਰਹੀਆਂ ਹਨ। ਇਸ ਮੌਕੇ ਮੁੱਖ ਮੰਤਰੀ ਨੇ ਵਿਰੋਧੀ ਆਗੂਆਂ ਵੱਲੋਂ ਕੀਤੀਆਂ ਟਿੱਪਣੀਆਂ ਦਾ ਵੀ ਜੁਆਬ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਰਦਾਸਪੁਰ ਆਏ ਸਨ ਤਾਂ ਪਹਿਲੀ ਕਤਾਰ 'ਚ ਕਾਂਗਰਸ 'ਚੋਂ ਭਾਜਪਾ 'ਚ ਗਏ ਨੇਤਾ ਬੈਠੇ ਹੋਏ ਸਨ, ਜਦੋਂ ਕਿ ਅਸਲੀ ਭਾਜਪਾ ਵਾਲੇ ਚੌਥੇ-ਪੰਜਵੀਂ ਕਤਾਰ 'ਚ ਬਿਰਾਜਮਾਨ ਸਨ। ਉਨ੍ਹਾਂ ਸੁਨੀਲ ਜਾਖੜ ਨੂੰ ਮੁਖ਼ਾਤਬ ਹੁੰਦੇ ਆਖਿਆ ਕਿ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਉਹ ਸ਼ਖ਼ਸ ਨੇ, ਜਿਨ੍ਹਾਂ ਨੇ ਬੀਬੀ ਰਜਿੰਦਰ ਕੌਰ ਭੱਠਲ ਦੇ ਰਿਸ਼ਤੇਦਾਰ ਨੂੰ ਹਰਾਇਆ। ਉਨ੍ਹਾ ਇਹ ਵੀ ਕਿਹਾ ਕਿ 'ਸਾਡੇ ਨਾਮ ਸਿੱਖ ਲਓ, ਅੱਗੇ ਵੀ ਆਵਾਂਗੇ।' ਮੁੱਖ ਮੰਤਰੀ ਨੇ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਬੀਜ ਦੇਣ ਦੇ ਕੀਤੇ ਐਲਾਨ 'ਤੇ ਤਨਜ਼ ਕਰਦਿਆਂ ਕਿਹਾ ਕਿ 'ਕਿਸਾਨ ਚੌਕਸ ਰਹਿਣ ਕਿਉਂਕਿ ਸੁਖਬੀਰ ਬਾਦਲ ਬੀਜ ਵੀ ਨਕਲੀ ਹੀ ਦੇਵੇਗਾ।' ਮੁੱਖ ਮੰਤਰੀ ਨੇ ਕਿਹਾ 'ਸਾਬਕਾ ਖੇਤੀ ਮੰਤਰੀ ਮਰਹੂਮ ਤੋਤਾ ਸਿੰਘ ਵੇਲੇ ਦਾ ਬੀਜ ਘੁਟਾਲਾ ਕੋਈ ਭੁੱਲਿਆ ਨਹੀਂ ਅਤੇ ਸੁਖਬੀਰ ਬਾਦਲ ਕਿਤੇ 'ਤੋਤਾ ਸਿੰਘ ਮੈਮੋਰੀਅਲ ਬੀਜ' ਹੀ ਕਿਸਾਨਾਂ ਨੂੰ ਨਾ ਵੰਡ ਦੇਵੇ।'

# ਸੁਸ਼ੀਲਾ ਕਾਰਕੀ ਅੰਤ੍ਰਿਮ ਸਰਕਾਰ ਦੀ ਕਰੇਗੀ ਅਗਵਾਈ

## ਨੇਪਾਲ ਵਿੱਚ ਰਾਜਸੀ ਬੇਯਕੀਨੀ ਖਤਮ ਹੋਣ ਦੇ ਆਸਾਰ



**ਕਾਠਮੰਡੂ** : ਸਾਬਕਾ ਚੀਫ਼ ਜਸਟਿਸ ਸੁਸ਼ੀਲਾ ਕਾਰਕੀ ਨੇਪਾਲ ਦੀ ਅੰਤ੍ਰਿਮ ਸਰਕਾਰ ਦੀ ਅਗਵਾਈ ਕਰੇਗੀ ਇਹ ਐਲਾਨ ਨੇਪਾਲ ਦੇ ਰਾਸ਼ਟਰਪਤੀ ਦਫਤਰ ਨੇ ਕੀਤਾ ਹੈ। ਇਸ ਤਰ੍ਹਾਂ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੇ ਅਸਤੀਫ਼ੇ ਤੋਂ ਬਾਅਦ ਪੈਦਾ ਹੋਈ ਰਾਜਸੀ ਬੇਯਕੀਨੀ ਖਤਮ ਹੋਣ ਦੇ ਆਸਾਰ ਬਣ ਗਏ ਹਨ। ਰਾਸ਼ਟਰਪਤੀ ਦਫਤਰ ਨੇ ਕਿਹਾ ਹੈ ਕਿ ਕਾਰਕੀ ਨੂੰ ਛੇਤੀ ਪ੍ਰਧਾਨ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁਕਾਈ ਜਾਵੇਗੀ। ਰਾਸ਼ਟਰਪਤੀ ਦੇ ਨਜ਼ਦੀਕੀ ਸੂਤਰਾਂ ਅਨੁਸਾਰ ਪੌਡੇਲ ਇਸ ਸਮੇਂ ਵੱਖ-ਵੱਖ ਸਿਆਸੀ ਆਗੂਆਂ ਦੇ ਨਾਲ-ਨਾਲ ਸੰਵਿਧਾਨਕ ਮਾਹਰਾਂ ਨਾਲ ਮੌਜੂਦਾ ਸਿਆਸੀ ਜਮੂਦ 'ਚੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਲਈ ਸਲਾਹ-ਮਸ਼ਵਰਾ ਕਰ ਰਹੇ ਹਨ। ਸੂਤਰਾਂ ਦੀ ਮੰਨੀਏ ਤਾਂ ਨਵੀਂ ਸਰਕਾਰ ਬਣਾਉਣ ਲਈ ਦੋ ਵਿਕਲਪਾਂ 'ਤੇ ਵਿਚਾਰ ਕੀਤਾ ਗਿਆ। ਸੰਸਦ ਨੂੰ ਭੰਗ ਕਰਨਾ ਜਾਂ ਇਸ ਨੂੰ ਬਰਕਰਾਰ ਰੱਖਣਾ। ਹਾਲਾਂਕਿ ਅੰਦੋਲਨਕਾਰੀ ਸਮੂਹ ਸੰਵਿਧਾਨਕ ਢਾਂਚੇ ਦੇ ਅੰਦਰ ਹੱਲ ਲੱਭਣ ਲਈ ਸਹਿਮਤ ਹੋ ਗਿਆ ਹੈ। ਇਸ ਦੌਰਾਨ ਕਰਫਿਊ ਵਿੱਚ ਸਵੇਰੇ 7 ਵਜੇ ਤੋਂ 11 ਵਜੇ ਤੱਕ ਚਾਰ ਘੰਟਿਆਂ ਲਈ ਢਿੱਲ ਦਿੱਤੀ ਗਈ ਹੈ। ਦੇਸ਼

• ਬਾਕੀ ਸਫਾ 2 'ਤੇ

## ਕਾਠਮੰਡੂ ਨੇੜੇ ਭਾਰਤੀਆਂ ਨੂੰ ਲਿਜਾ ਰਹੀ ਬੱਸ 'ਤੇ ਹਮਲਾ; ਕਈ ਜ਼ਖਮੀ

**ਕਾਠਮੰਡੂ** : ਇੱਕ ਭਾਰਤੀ ਯਾਤਰੀ ਬੱਸ ਜੋ ਨੇਪਾਲ ਦੇ ਕਾਠਮੰਡੂ ਸਥਿਤ ਪਸ਼ੂਪਤੀਨਾਥ ਮੰਦਰ ਤੋਂ ਵਾਪਸ ਆ ਰਹੀ ਸੀ, ਉਪਰ ਪ੍ਰਦਰਸ਼ਨਕਾਰੀਆਂ ਵੱਲੋਂ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ, ਜਿਸ ਨਾਲ ਕਈ ਯਾਤਰੀ ਜ਼ਖਮੀ ਹੋ ਗਏ ਹਨ। ਬੱਸ ਦੇ ਡਰਾਈਵਰ ਰਾਮੂ ਨਿਸ਼ਾਦ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ। ਇਹ ਘਟਨਾ ਭਾਰਤ-ਨੇਪਾਲ ਸਰਹੱਦ 'ਤੇ ਸੋਨੌਲੀ ਨੇੜੇ ਵਾਪਰੀ, ਜਦੋਂ ਪ੍ਰਦਰਸ਼ਨਕਾਰੀਆਂ ਨੇ 49 ਭਾਰਤੀਆਂ ਨੂੰ ਲੈ ਕੇ ਜਾ ਰਹੀ ਬੱਸ ਨੂੰ ਨਿਸ਼ਾਨਾ ਬਣਾਇਆ। ਡਰਾਈਵਰ ਨੇ ਦਾਅਵਾ ਕੀਤਾ ਕਿ ਪੱਥਰਬਾਜ਼ੀ ਕੀਤੀ ਗਈ, ਜਿਸ ਨਾਲ ਬੱਸ ਦੀਆਂ ਖਿੜਕੀਆਂ ਟੁੱਟ ਗਈਆਂ ਅਤੇ ਔਰਤਾਂ ਤੇ ਬਜ਼ੁਰਗਾਂ ਸਮੇਤ ਕਈ ਯਾਤਰੀ ਜ਼ਖਮੀ ਹੋ ਗਏ। ਰਿਪੋਰਟਾਂ ਅਨੁਸਾਰ ਸਥਾਨਕ ਅਧਿਕਾਰੀਆਂ ਨੇ ਜ਼ਖਮੀ ਲੋਕਾਂ ਨੂੰ ਕਾਠਮੰਡੂ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ, ਜਦੋਂ ਕਿ ਬਾਕੀ ਯਾਤਰੀਆਂ ਨੂੰ ਨੇਪਾਲੀ ਸਰਕਾਰ ਦੀ ਮਦਦ ਨਾਲ ਭਾਰਤੀ ਦੂਤਾਵਾਸ ਵੱਲੋਂ ਪ੍ਰਬੰਧਿਤ ਇੱਕ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਵਾਪਸ ਭੇਜਿਆ ਗਿਆ।

# ਇਲੈਕਟੋਰਲ ਬਾਂਡ ਰੱਦ ਕਰਾਉਣ ਵਾਲੇ ਜਗਦੀਪ ਛੋਕਰ ਨਹੀਂ ਰਹੇ



**ਨਵੀਂ ਦਿੱਲੀ** : ਚੋਣ ਸੁਧਾਰਾਂ ਲਈ ਜ਼ਬਰਦਸਤ ਸੰਘਰਸ਼ ਕਰਨ ਵਾਲੇ ਪ੍ਰੋਫ਼ੈਸਰ ਜਗਦੀਪ ਸਿੰਘ ਛੋਕਰ ਉਰਫ ਜਗਦੀਪ ਐੱਸ ਛੋਕਰ (81) ਦਾ ਸ਼ੁੱਕਰਵਾਰ ਵੱਡੇ ਤੜਕੇ ਇੱਥੇ ਦੇਹਾਂਤ ਹੋ ਗਿਆ। ਉਹ ਪਿੱਛੇ ਪਤਨੀ ਕਿਰਨ ਬੰਗਾ ਛੱਡ ਗਏ ਹਨ। ਛੋਕਰ ਦਾ ਜਨਮ ਰਘਬੀਰ ਸਿੰਘ ਤੇ ਚੰਦਰ ਕਲਾ ਦੇ ਘਰ 25 ਨਵੰਬਰ 1944 ਨੂੰ ਖਰੜ ਵਿੱਚ ਹੋਇਆ ਸੀ। ਐਸੋਸੀਏਸ਼ਨ ਫਾਰ ਡੈਮਕਰੇਟਿਕ ਰਿਫਾਰਮਜ਼ (ਏ ਡੀ ਆਰ) ਦੇ ਬਾਨੀ-ਟਰੱਸਟੀ ਛੋਕਰ ਦੇ ਮੋਢੇ ਦਾ ਫ੍ਰੈਕਚਰ ਹੋ ਗਿਆ ਸੀ ਤੇ ਫੇਫੜਿਆਂ 'ਚ ਇਨਫੈਕਸ਼ਨ ਹੋ ਗਈ ਸੀ। ਕਰੀਬ ਸਾਢੇ ਤਿੰਨ ਵਜੇ ਹਾਰਟ ਅਟੈਕ ਨਾਲ ਉਨ੍ਹਾ ਦੀ ਮੌਤ ਹੋ ਗਈ।

ਰੇਲਵੇ ਵਿੱਚ ਮਕੈਨੀਕਲ ਇੰਜੀਨੀਅਰ ਵਜੋਂ ਕਰੀਅਰ ਸ਼ੁਰੂ ਕਰਨ ਵਾਲੇ ਛੋਕਰ ਦਿੱਲੀ ਯੂਨੀਵਰਸਿਟੀ ਤੋਂ ਐੱਮ ਬੀ ਏ ਕਰਕੇ ਪੜ੍ਹਾਉਣ ਵਾਲੇ ਪਾਸੇ ਮੁੜ ਗਏ ਸਨ ਅਤੇ ਪਹਿਲਾਂ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਹਿਮਦਾਬਾਦ ਦੇ ਡੀਨ ਬਣੇ ਤੇ ਫਿਰ ਡਾਇਰੈਕਟਰ। ਇਸਤੋਂ ਬਾਅਦ ਉਹ ਦੇਸ਼ ਵਿੱਚ ਚੋਣ ਸੁਧਾਰਾਂ ਦੇ ਵਕੀਲ ਬਣ ਗਏ। ਇਸ ਪਾਸੇ ਉਹ ਉਦੋਂ ਆਏ ਜਦੋਂ ਆਈ ਆਈ ਐੱਮ ਅਹਿਮਦਾਬਾਦ ਵਿੱਚ ਆਪਣੇ ਸਾਥੀ ਤ੍ਰਿਲੋਚਨ ਸ਼ਾਸਤਰੀ ਦੇ 1999 'ਚ ਲੋਕਸਭਾ ਚੋਣਾਂ ਲਈ ਨਾਮਜ਼ਦਗੀ ਕਾਗਜ਼ਾਂ ਦੀ ਜਾਂਚ ਵੇਲੇ ਪਾਰਦਰਸ਼ਤਾ ਦੇ ਅਹਿਮ ਸਵਾਲ ਉੱਠੇ। ਇੱਥੋਂ ਹੀ ਏ ਡੀ ਆਰ ਦਾ ਜਨਮ ਹੋਇਆ, ਜਿਹੜੀ ਚੋਣ ਪ੍ਰਕਿਰਿਆ ਵਿੱਚ ਪਾਦਰਸ਼ਤਾ ਲਈ ਨਿਰੰਤਰ ਕੰਮ ਕਰ ਰਹੀ ਹੈ। ਛੋਕਰ ਤੇ ਸ਼ਾਸਤਰੀ ਨੇ ਇਹ ਆਵਾਜ਼ ਜ਼ੋਰਦਾਰ ਢੰਗ ਨਾਲ ਬੁਲੰਦ ਕੀਤੀ ਕਿ ਚੋਣ ਲੜਨ ਵਾਲੇ ਉਮੀਦਵਾਰਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਪਹਿਲਾਂ ਉਮੀਦਵਾਰਾਂ ਦਾ ਸਿਰਫ ਬੁਨਿਆਦੀ ਜਾਣਕਾਰੀ ਦੇ ਕੇ ਸਰ ਜਾਂਦਾ ਸੀ। ਛੋਕਰ ਤੇ ਸ਼ਾਸਤਰੀ

• ਬਾਕੀ ਸਫਾ 2 'ਤੇ

# ਵਿਧਾਇਕ ਲਾਲਪੁਰਾ ਸਮੇਤ 8 ਨੂੰ 4-4 ਸਾਲ ਦੀ ਸਜ਼ਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-2013 ਵਿਚ ਤਰਨ ਤਾਰਨ ਵਿਚ ਹੋਏ ਉਸਮਾ ਕਾਂਡ ਦੇ ਮਾਮਲੇ ਵਿਚ ਐਡੀਸ਼ਨਲ ਸੈਸ਼ਨ ਜੱਜ ਪ੍ਰੇਮ ਕੁਮਾਰ ਨੇ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ 8 ਵਿਅਕਤੀਆਂ, ਜਿਨ੍ਹਾਂ ਵਿਚ ਕੁਝ ਪੁਲਸ ਕਰਮਚਾਰੀ ਵੀ ਹਨ, ਨੂੰ ਐੱਸ.ਸੀ/ਐੱਸ.ਟੀ. ਐਕਟ ਤਹਿਤ 4 ਸਾਲ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਧਾਰਾ 354 ਤਹਿਤ 3 ਸਾਲ, ਧਾਰਾ 506 ਤਹਿਤ 1 ਸਾਲ ਅਤੇ ਧਾਰਾ 323 ਤਹਿਤ 1 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਜ਼ਾ ਸੁਣਾਏ ਜਾਣ ਤੋਂ ਇਲਾਵਾ ਵਿਧਾਇਕ ਲਾਲਪੁਰਾ ਸਮੇਤ ਸਾਰੇ ਵਿਅਕਤੀਆਂ ਨੂੰ ਪੁਲਸ ਹਿਰਾਸਤ ਵਿਚ ਲੈ ਲਿਆ ਗਿਆ। ਇਹ ਮਾਮਲਾ ਦਲਿਤ ਲੜਕੀ ਹਰਬਿੰਦਰ ਕੌਰ ਨਾਲ ਸਾਲ 2013 ਵਿਚ ਕੁੱਟਮਾਰ ਕਰਨ, ਛੇੜਛਾੜ ਕਰਨ, ਜਾਤੀ ਸੂਚਕ ਸ਼ਬਦ ਵਰਤਣ ਤਹਿਤ ਮਾਮਲਾ ਥਾਣਾ ਸਿਟੀ ਤਰਨ ਤਾਰਨ ਵਿਖੇ ਦਰਜ ਕੀਤਾ ਗਿਆ ਸੀ। ਸਜ਼ਾ ਤੋਂ ਬਾਅਦ ਲਾਲਪੁਰਾ ਦੀ ਵਿਧਾਨ ਸਭਾ ਮੈਂਬਰੀ ਖਤਰੇ 'ਚ ਪੈ ਗਈ ਹੈ।

# ਨਵੇਂ ਉਪ ਰਾਸ਼ਟਰਪਤੀ ਨੇ ਹਲਫ਼ ਲਿਆ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ਼ੁੱਕਰਵਾਰ ਰਾਸ਼ਟਰਪਤੀ ਭਵਨ ਵਿਚ ਸੰਖੇਪ ਸਮਾਗਮ ਦੌਰਾਨ 67 ਸਾਲਾ ਸੀ ਪੀ ਰਾਧਾਕ੍ਰਿਸ਼ਨਨ ਨੂੰ ਉੱਪ ਰਾਸ਼ਟਰਪਤੀ ਵਜੋਂ ਹਲਫ਼ ਦਿਵਾਇਆ। ਰਾਧਾਕ੍ਰਿਸ਼ਨਨ ਨੇ ਭਗਵਾਨ ਦੇ ਨਾਂਅ 'ਤੇ ਅੰਗਰੇਜ਼ੀ ਵਿਚ ਸਹੁੰ ਚੁੱਕੀ।

ਜੁਲਾਈ ਵਿੱਚ ਸਿਹਤ ਠੀਕ ਨਾ ਹੋਣ ਦਾ ਕਾਰਨ ਦੱਸ ਕੇ ਅਸਤੀਫਾ ਦੇਣ ਤੋਂ ਬਾਅਦ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਪਹਿਲੀ ਵਾਰ ਇਸ ਸਹੁੰ ਚੁੱਕ ਸਮਾਰੋਹ ਵਿੱਚ ਨਜ਼ਰ ਆਏ। ਉਹ ਆਪਣੀ ਆਦਤ ਮੁਤਾਬਕ ਸਭ ਨਾਲ ਹੱਸ ਕੇ ਮਿਲੇ। ਲੱਗਿਆ ਨਹੀਂ ਕਿ ਉਨ੍ਹਾ ਦੀ ਸਿਹਤ ਖਰਾਬ ਹੈ। ਉਨ੍ਹਾ ਦੇ ਨਾਲ ਪਤਨੀ ਸੁਦੇਸ਼ ਕੁਮਾਰੀ ਵੀ ਸਨ।

# ਕੰਗਨਾ ਨੂੰ ਝਟਕਾ, ਮਾਣਹਾਨੀ ਕੇਸ ਭੁਗਤਣਾ ਪੈਣਾ



**ਚੰਡੀਗੜ੍ਹ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਣੌਤ ਦੀ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ, ਜੋ ਸੰਸਦ ਮੈਂਬਰ ਕੰਗਨਾ ਲਈ ਵੱਡਾ ਝਟਕਾ ਹੈ। ਕੰਗਨਾ ਰਣੌਤ ਨੇ ਬਠਿੰਡਾ ਦੀ ਅਦਾਲਤ ਵਿਚ ਦਾਇਰ ਅਪਰਾਧਿਕ ਸ਼ਿਕਾਇਤ ਨੂੰ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਕੰਗਨਾ ਨੇ ਸਿਰਫ਼ ਰੀਟਵੀਟ ਹੀ ਨਹੀਂ ਕੀਤਾ, ਬਲਕਿ ਉਸ 'ਚ ਮਸਾਲਾ ਵੀ ਪਾਇਆ। ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੰਗਨਾ ਰਣੌਤ ਦੀ ਪਟੀਸ਼ਨ ਰੱਦ ਹੋਣ ਨਾਲ ਹੁਣ ਬਠਿੰਡਾ ਦੇ ਜੁਡੀਸ਼ਲ ਮੈਜਿਸਟਰੇਟ (ਫ਼ਸਟ ਕਲਾਸ) ਦੀ ਅਦਾਲਤ ਵਿੱਚ ਕੰਗਨਾ ਰਣੌਤ ਖ਼ਿਲਾਫ਼ ਚੱਲ ਰਹੇ ਮਾਣਹਾਨੀ ਦੇ ਕੇਸ ਦੀ ਸੁਣਵਾਈ ਲਈ ਰਾਹ ਪੱਧਰਾ ਹੋ ਗਿਆ ਹੈ। ਕਿਸਾਨ ਅੰਦੋਲਨ ਦੌਰਾਨ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਮਾਈ ਮਹਿੰਦਰ ਕੌਰ ਨੂੰ ਕਿਸਾਨ ਘੋਲ 'ਚ 100 ਰੁਪਿਆ ਭਾੜਾ ਲੈ ਕੇ ਕੁੱਦਣ ਵਾਲੀ ਔਰਤ ਦੱਸਿਆ ਸੀ। ਕੰਗਨਾ ਨੇ ਉਸ ਦੀ ਫ਼ੋਟੋ ਵੀ ਸਾਂਝੀ ਕੀਤੀ ਸੀ।



ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੇ ਪੁੱਤਰ ਅਮਰਜੀਤ ਮੇਹਲੀ ਤੇ ਨੂੰਹ ਬੀਬੀ ਸ਼ੀਲਾ ਰਾਣੀ ਨੇ ਸੀ ਪੀ ਆਈ ਦੀ ਕੌਮੀ ਕਾਂਗਰਸ ਲਈ ਵੀਹ ਹਜ਼ਾਰ ਰੁਪਏ ਪਾਰਟੀ ਦੇ ਨਵਾਂਸ਼ਹਿਰ ਜ਼ਿਲ੍ਹਾ ਸਕੱਤਰ ਕਾਮਰੇਡ ਨਰੰਜਣ ਦਾਸ ਮੇਹਲੀ ਨੂੰ ਭੇਟ ਕੀਤੇ। (ਫ਼ੋਟੋ ਤੇ ਵੇਰਵਾ : ਅਵਤਾਰ ਕਲੇਰ, ਬੰਗਾ)

## ਉਮਰ ਤੇ ਹੋਰਨਾਂ ਦੀ ਸੁਣਵਾਈ ਟਲੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਵਿੱਚ ਫਰਵਰੀ 2020 ਦੇ ਦੰਗਿਆਂ ਪਿੱਛੇ ਕਥਿਤ ਸਾਜ਼ਿਸ਼ ਨਾਲ ਸੰਬੰਧਤ ਯੂ ਏ ਪੀ ਏ ਮਾਮਲੇ ਵਿੱਚ ਉਮਰ ਖਾਲਿਦ ਸਮੇਤ ਹੋਰਨਾਂ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਸੁਣਵਾਈ 19 ਸਤੰਬਰ ਤੱਕ ਸੁਣਵਾਈ ਮੁਲਤਵੀ ਕਰ ਦਿੱਤੀ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ.ਵੀ. ਅੰਜਾਰੀਆ ਦੇ ਬੈਂਚ ਨੇ ਕਿਹਾ ਕਿ ਉਨ੍ਹਾਂ ਨੂੰ ਫਾਈਲਾਂ ਬਹੁਤ ਦੇਰ ਨਾਲ ਮਿਲੀਆਂ।

## ਬੋਲਸੋਨਾਰੋ ਨੂੰ ਸਵਾ 27 ਸਾਲ ਦੀ ਸਜ਼ਾ, ਟਰੰਪ ਨਾਖੁਸ਼



**ਬ੍ਰਾਜ਼ੀਲੀਆ** : ਬ੍ਰਾਜ਼ੀਲ ਦੀ ਸੁਪਰੀਮ ਕੋਰਟ ਨੇ ਵੀਰਵਾਰ ਸਾਬਕਾ ਰਾਸ਼ਟਰਪਤੀ ਜੈਅਰ ਬੋਲਸੋਨਾਰੋ ਨੂੰ 2022 ਦੀਆਂ ਚੋਣਾਂ ਵਿੱਚ ਹਾਰ ਦੇ ਬਾਵਜੂਦ ਅਹੁਦੇ 'ਤੇ ਬਣੇ ਰਹਿਣ ਲਈ ਤਖਤਾਪਲਟ ਦੀ ਕੋਸ਼ਿਸ਼ ਦਾ ਦੋਸ਼ੀ ਠਹਿਰਾਉਣ ਤੋਂ ਬਾਅਦ 27 ਸਾਲ ਅਤੇ ਤਿੰਨ ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਬੋਲਸੋਨਾਰੋ ਇਸ ਸਮੇਂ ਬ੍ਰਾਜ਼ੀਲੀਆ ਵਿੱਚ ਘਰ 'ਚ ਨਜ਼ਰਬੰਦ ਹਨ। ਉਹ ਸਜ਼ਾ ਬਾਰੇ ਅਪੀਲ ਕਰ ਸਕਦੇ ਹਨ। ਪੈਨਲ ਦੇ ਪੰਜ ਜੱਜਾਂ ਵਿੱਚੋਂ ਚਾਰ ਨੇ ਸੱਜੇ-ਪੱਖੀ ਸਿਆਸਤਦਾਨ ਨੂੰ ਪੰਜ ਮਾਮਲਿਆਂ ਵਿੱਚ ਦੋਸ਼ੀ ਪਾਇਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਸਜ਼ਾ ਤੋਂ ਬਹੁਤ ਨਾਖੁਸ਼ ਹਨ। ਟਰੰਪ ਨੇ ਕਿਹਾ ਕਿ ਉਨ੍ਹਾ ਨੇ ਹਮੇਸ਼ਾ ਬੋਲਸੋਨਾਰੋ ਨੂੰ ਸ਼ਾਨਦਾਰ ਵਿਅਕਤੀ ਵਜੋਂ ਦੇਖਿਆ ਹੈ।

# ਖੇਤ ਮਜ਼ਦੂਰ ਸਭਾ ਦੇ ਆਗੂਆਂ ਨੇ ਹੜ੍ਹ ਪੀੜਤਾਂ ਦੇ ਦੁਖੜੇ ਸੁਣੇ



**ਸ਼ਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਖੇਤ ਮਜ਼ਦੂਰ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਜ਼ਿਲ੍ਹਾ ਫਾਜ਼ਿਲਕਾ ਦੇ ਹੜ੍ਹ ਪੀੜਤਾਂ ਦੀਆਂ ਦੁੱਖ-ਤਕਲੀਫਾਂ ਸੁਣੀਆਂ ਅਤੇ ਉਹਨਾਂ ਨੂੰ ਹੱਲ ਕਰਨ ਲਈ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚ ਕਰਕੇ ਹੀਲੇ-ਵਸੀਲੇ ਜੁਟਾਉਣ ਦਾ ਵਿਸ਼ਵਾਸ ਦਿਵਾਇਆ। ਇਹ ਜਾਣਕਾਰੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸਾਂਝੀ ਕੀਤੀ। ਪਿੰਡ ਰੇਤੇ ਵਾਲੀ ਭੈਣੀ, ਜੰਗੜ ਭੈਣੀ, ਦੋਨਾ ਨਾਨਕਾ, ਗੁਰਕਾ, ਨੂਰ ਸ਼ਾਹ ਅਤੇ ਵੱਲੇ ਸ਼ਾਹ ਉਤਾੜ ਦੇ ਬੰਨ੍ਹਾਂ 'ਤੇ ਬੈਠੇ ਲੋਕਾਂ ਨੇ ਦੱਸਿਆ ਕਿ ਉਹਨਾਂ ਦੀਆਂ ਜ਼ਮੀਨਾਂ ਤੇ ਫਸਲਾਂ ਤਬਾਹ ਹੋ ਗਈਆਂ ਹਨ। ਲੱਗਦਾ ਹੈ ਕਿ ਸਰਕਾਰ ਇਸ ਤਬਾਹੀ ਦੇ ਮੰਜ਼ਰ ਤੋਂ ਅਣਜਾਣ ਹੈ। ਰਵਾਇਤੀ ਸਿਆਸੀ ਪਾਰਟੀਆਂ ਨੇ ਵੀ ਜ਼ਿਆਦਾਤਰ ਸਹਾਇਤਾ ਦੇ ਨਾਂਅ 'ਤੇ ਸਿਆਸਤ ਹੀ ਕੀਤੀ ਹੈ। ਸਰਕਾਰ ਡੰਗ ਟਪਾਊ ਨੀਤੀ 'ਤੇ ਚੱਲ ਰਹੀ ਹੈ। ਹੜ੍ਹ ਪ੍ਰਭਾਵਿਤ ਲੋਕਾਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਹੈ ਕਿ ਸਮਾਜ ਸੇਵੀ ਸੰਸਥਾਵਾਂ ਨੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇੱਕ ਕਿਸਾਨ ਨੇ ਕਿਹਾ ਕਿ ਜਿੱਥੇ ਅਸੀਂ ਫਸਲਾਂ ਪੈਦਾ ਕਰਦੇ ਹਾਂ, ਉਥੇ ਸਰਹੱਦਾਂ ਦੀ ਰਾਖੀ ਵੀ ਕਰਦੇ ਹਾਂ। ਇਸ ਦੇ ਬਾਵਜੂਦ ਹਰ ਵੰਨਗੀ ਦੀ ਸਰਕਾਰ ਨੇ ਸਾਡੀ ਅਣਦੇਖੀ ਕੀਤੀ ਹੈ। ਇੱਕ 90 ਸਾਲ ਦੀ ਮਾਈ ਨ

• ਬਾਕੀ ਸਫਾ 2 'ਤੇ

# ਮੰਤਰੀਆਂ ਵੱਲੋਂ ਹੜ੍ਹ ਪੀੜਤਾਂ ਨੂੰ ਤੇਜ਼ੀ ਨਾਲ ਰਾਹਤ ਪਹੁੰਚਾਉਣ ਲਈ ਬਹੁ-ਮੰਤਰਾਲਾ ਯਤਨ

**ਚੰਡੀਗੜ੍ਹ** : ਹਾਲ ਹੀ ਵਿੱਚ ਆਏ ਹੜ੍ਹਾਂ ਪ੍ਰਤੀ ਇੱਕਜੁੱਟ ਅਤੇ ਹਮਦਰਦੀ ਭਰੇ ਜਵਾਬ ਵਿੱਚ, ਪੰਜਾਬ ਸਰਕਾਰ ਨੇ ਤੇਜ਼ੀ ਨਾਲ ਰਾਹਤ ਪ੍ਰਦਾਨ ਕਰਨ, ਜ਼ਰੂਰੀ ਸੇਵਾਵਾਂ ਬਹਾਲ ਕਰਨ ਅਤੇ ਪ੍ਰਭਾਵਿਤ ਨਾਗਰਿਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਬਹੁ-ਮੰਤਰਾਲਾ ਯਤਨ ਆਰੰਭੇ ਹੋਏ ਹਨ। ਇਸੇ ਤਹਿਤ ਅੱਜ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਸਿੱਖਿਆ, ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ, ਅਤੇ ਟਰਾਂਸਪੋਰਟ ਅਤੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਮੋਬਾਈਲ ਮੈਡੀਕਲ ਯੂਨਿਟਾਂ ਤਾਇਨਾਤ ਕਰਨ, ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ ਵਿੱਤੀ ਸਹਾਇਤਾ ਅਤੇ ਜ਼ਰੂਰੀ ਸਮਾਨ ਵੰਡ ਕੇ ਮੋਹਰੀ ਭੂਮਿਕਾ ਨਿਭਾਈ। ਡਾ. ਬਲਬੀਰ ਸਿੰਘ ਨੇ ਅੱਜ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮਹੱਤਵਪੂਰਨ, ਨਿਰਵਿਘਨ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ

• ਬਾਕੀ ਸਫਾ 2 'ਤੇ

## 15 ਐਂਬੂਲੈਂਸਾਂ ਕੀਤੀਆਂ ਰਵਾਨਾ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**-ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਸ਼ੁੱਕਰਵਾਰ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ ਅਜਨਾਲਾ ਦੇ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ 15 ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਪਿੰਡਾਂ ਵਿੱਚ ਜਾ ਕੇ ਫੌਗਿੰਗ ਅਤੇ ਐਂਟੀ ਲਾਰਵਾ ਸਪਰੇਅ ਕਰ ਰਹੀਆਂ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਰੈਸਕਿਊ ਆਪਰੇਸ਼ਨ ਦੌਰਾਨ ਇਕ ਅੱਠ ਸਾਲ ਦੇ ਬੱਚੇ ਨੂੰ ਜੋ ਕਿ ਕਿਡਨੀ ਦੀ ਬਿਮਾਰੀ ਤੋਂ ਪੀੜਤ ਸੀ, ਨੂੰ ਤੁਰੰਤ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਦਾਖਲ ਕਰਵਾ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਬੱਚੇ ਦੇ ਇਲਾਜ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਸਿਹਤ ਮੰਤਰੀ ਬੱਚੇ ਅਭਿਜੋਤ ਸਿੰਘ ਦਾ ਹਾਲ-ਚਾਲ ਜਾਨਣ ਲਈ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਪੁੱਜੇ ਅਤੇ ਉਸ ਦੇ ਪਰਵਾਰ ਨੂੰ 50 ਹਜ਼ਾਰ ਰੁਪਏ ਦਾ ਚੈੱਕ ਵੀ ਭੇਟ ਕੀਤਾ।

# ਖੇਤ ਮਜ਼ਦੂਰਾਂ ਵੱਲੋਂ ਪੱਟੀ 'ਚ ਧਰਨਾ



**ਪੱਟੀ** : ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਐਸ ਡੀ ਐਮ ਪੱਟੀ ਦੇ ਦਫ਼ਤਰ ਅੱਗੇ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ।

ਧਰਨੇ ਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਦਿਆਲ ਸਿੰਘ ਲੋਹਕਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮਚੰਦ ਨੇ ਕੀਤੀ।

ਧਰਨੇ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਤੇ ਮਰਦਾਂ ਨੇ ਹਿੱਸਾ ਲਿਆ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਪੰਜਾਬ ਅੰਦਰ ਭਾਰੀ ਵਰਖਾ ਤੇ ਹੜ੍ਹਾਂ ਕਾਰਨ ਵੱਡੇ ਪੱਧਰ ਤੇ ਇਨਸਾਨੀ ਮੌਤਾਂ ਤੋਂ ਇਲਾਵਾ ਘਰਾਂ, ਪਸ਼ੂਆਂ, ਅਨਾਜ, ਫਸਲਾਂ ਤੇ ਜ਼ਮੀਨਾਂ ਦੀ ਬਰਬਾਦੀ ਹੋਈ ਹੈ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਇਸ ਨੂੰ ਕੌਮੀ ਆਫ਼ਤ ਐਲਾਨਿਆ ਜਾਵੇ, ਫੌਰੀ ਰਾਹਤ ਵਜੋਂ ਸਭਨਾਂ ਲੋਕਾਂ ਲਈ ਤਰਪਾਲਾਂ ਦਾ ਪ੍ਰਬੰਧ ਕਰ ਕੇ ਦਿੱਤਾ ਜਾਵੇ ਤੇ ਮਜ਼ਦੂਰਾਂ ਦੇ ਘਰ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਸ੍ਰੀਲੰਕਾ ਤੋਂ ਨਿਕਲੀ ਇੱਕ ਲਹਿਰ ਪਹਿਲਾਂ,
ਬੰਗਲਾ ਦੇਸ਼ ਵੱਲ ਫੇਰ ਇਹ ਆਈ ਬੇਲੀ।
ਫਿਰ ਇਹ ਗਈ ਸੀ ਪਹੁੰਚ ਨੇਪਾਲ ਅੰਦਰ,
ਲਹਿਰ ਇਸ ਧਰਤ ਸੀ ਜਾ ਹਿਲਾਈ ਬੇਲੀ।
ਯੂਰਪ ਤੱਕ ਇਹ ਲਹਿਰ ਫਿਰ ਜਾ ਪਹੁੰਚੀ,
ਪਈ ਹੈ ਭਾਜੜ ਫਰਾਂਸ ਵਿੱਚ ਪਾਈ ਬੇਲੀ।
ਉਬਾਲਾ ਜਵਾਨੀ ਦੇ ਖ਼ੂਨ ਦਾ ਆਉਣ ਲੱਗਾ,
ਜਾਂਦੀ ਲਹਿਰ ਬੱਸ ਕੰਬਣੀਆਂ ਲਾਈ ਬੇਲੀ।
ਇੱਕੋ ਈ ਰੋਗ ਨਾਲ ਸਾਰੇ ਥਾਂ ਰੋਹ ਚੜ੍ਹਿਆ,
ਮਰਦੇ ਲੋਕੀਂ, ਅੱਯਾਸ਼ੀ ਪਏ ਕਰਨ ਲੀਡਰ।
ਭੁੱਲ ਗਿਆ ਫਰਜ਼, ਨਵਾਬ ਸੀ ਬਣਨ ਲੱਗੇ,
ਕੀਤੇ ਈ ਪਾਪ ਤਾਂ ਕਰਨੀਆਂ ਭਰਨ ਲੀਡਰ।

-ਤੀਸ ਮਾਰ ਖਾਂ

# ਗੁਰੂ ਅੰਗਦ ਦੇਵ ਦਾ ਜੀਵਨ ਮਿਹਨਤਕਸ਼ਾਂ ਲਈ ਪ੍ਰੇਰਨਾਸਰੋਤ : ਮਾੜੀਮੇਘਾ



**ਖਡੂਰ ਸਾਹਿਬ** : ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰ ਗੱਦੀ ਦਿਵਸ 'ਤੇ ਖਡੂਰ ਸਾਹਿਬ ਵਿਖੇ ਇਤਿਹਾਸਕ ਮੇਲੇ 'ਤੇ ਹਰ ਸਾਲ ਦੀ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਰਾਜਨੀਤਕ ਕਾਨਫਰੰਸ ਅਤੇ ਸੱਭਿਆਚਾਰਕ ਸਮਾਗਮ ਕੀਤਾ ਗਿਆ। ਇਸ ਵਾਰ ਕਾਨਫਰੰਸ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ, ਬਲਜੀਤ ਸਿੰਘ ਫਤਿਹਾਬਾਦ ਅਤੇ ਜਗੀਰ ਸਿੰਘ ਭਰੋਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਲੋਕਾਂ ਲਈ ਪ੍ਰੇਰਨਾ-ਸਰੋਤ ਹੈ। ਗੁਰੂ ਜੀ ਨੇ ਮਿਹਨਤ-ਮੁਸ਼ੱਕਤ ਅਤੇ ਵਪਾਰ ਵੀ ਕੀਤਾ, ਪਰ ਵਪਾਰ ਦਾ ਪੈਸਾ ਗੁਰੂ ਜੀ ਲੰਗਰ ਵਿੱਚ ਪਾਉਂਦੇ ਸਨ। ਗੁਰੂ ਜੀ ਨੇ ਬੱਚਿਆਂ ਨੂੰ ਵਿੱਦਿਆ ਵੀ ਦਿੱਤੀ ਅਤੇ ਭਲਵਾਨਾਂ ਦੀਆਂ ਕੁਸ਼ਤੀਆਂ ਕਰਾਉਣ ਵੱਲ ਉਚੇਚ ਕੀਤੀ। ਗੁਰੂ ਜੀ ਨੇ ਮਿਹਨਤਕਸ਼ ਆਵਾਮ ਨੂੰ ਸੱਦਾ ਦਿੱਤਾ ਕਿ ਉਹ ਅਮੀਰ ਲੁਟੇਰਿਆਂ ਅੱਗੇ ਹੱਥ ਜੋੜ ਕੇ ਨਿਤਾਣੇ ਨਾ ਬਣਨ, ਕਿਉਂਕਿ ਉਹ ਆਪ ਖਰੀ ਮਿਹਨਤ ਕਰਦੇ ਹਨ। ਸਰਬ ਭਾਰਤ ਨੌਜਵਾਨ ਸਭਾ ਦੇ ਕੁੱਲ ਹਿੰਦ ਜਨਰਲ ਸਕੱਤਰ ਸੁਖਜਿੰਦਰ ਸਿੰਘ ਮਹੇਸ਼ਰੀ ਨੇ ਕਿਹਾ ਕਿ ਬੇਰੁਜ਼ਗਾਰੀ ਅੰਤਰਰਾਸ਼ਟਰੀ ਪੱਧਰ 'ਤੇ ਫੈਲ ਗਈ ਹੈ ਅਤੇ ਸਾਰੇ ਮੁਲਕਾਂ ਵਿੱਚ ਅਫਰਾਤਫਰੀ ਮਚੀ ਹੋਈ ਹੈ। ਇਸ ਦੀ ਮਿਸਾਲ ਹਿੰਦੁਸਤਾਨ ਤੇ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਫੌਜੀ ਜਹਾਜ਼ ਵਿੱਚ ਬੇੜੀਆਂ ਵਿੱਚ ਨੂੜ ਕੇ ਭੇਜਣਾ ਹੈ। ਹਿੰਦੁਸਤਾਨ ਵਿੱਚ ਤਾਂ ਬੇਰੁਜ਼ਗਾਰੀ ਸਭ ਹੱਦਾਂ ਬੰਨੇ ਪਾਰ ਕਰ ਗਈ ਹੈ। ਕਿਸੇ ਨੌਜਵਾਨ ਨੂੰ ਰੁਜ਼ਗਾਰ ਮਿਲਣ ਦੀ ਆਸ ਹੀ ਨਹੀਂ ਹੈ। ਉਨ੍ਹਾਂ ਕੇਂਦਰੀ ਸਰਕਾਰ 'ਤੇ ਜ਼ੋਰ ਪਾਇਆ ਕਿ ਸਰਕਾਰ ਪਾਰਲੀਮੈਂਟ ਵਿੱਚ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਪਾਸ ਕਰਕੇ ਹਰੇਕ ਨੌਜਵਾਨ ਨੂੰ ਰੁਜ਼ਗਾਰ ਦੇਵੇ। ਸੀ ਪੀ ਆਈ ਦੀ ਕੌਮੀ ਕੌਂਸਲ ਮੈਂਬਰ ਅਤੇ ਪੰਜਾਬ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਨਰਿੰਦਰ ਕੌਰ ਸੋਹਲ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇਸ਼ ਵਿੱਚ ਫਾਸ਼ੀਵਾਦੀ ਹਕੂਮਤ ਵਾਲੇ ਪਾਸੇ ਲਗਾਤਾਰ ਵਧਦੀ ਜਾ ਰਹੀ ਹੈ। ਸੀ ਪੀ ਆਈ ਤਰਨ ਤਾਰਨ ਜ਼ਿਲ੍ਹੇ ਦੇ ਸਕੱਤਰ ਦਵਿੰਦਰ ਸੋਹਲ, ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਅਤੇ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕੌਮੀ ਕਾਂਗਰਸ ਮੌਕੇ 21 ਸਤੰਬਰ ਨੂੰ ਮੋਹਾਲੀ ਦਾਣਾ ਮੰਡੀ ਵਿਖੇ ਹੋ ਰਹੀ ਵਿਸ਼ਾਲ ਰੈਲੀ 'ਚ ਤਰਨ ਤਾਰਨ ਜ਼ਿਲ੍ਹੇ 'ਚੋਂ 1000 ਦੇ ਕਰੀਬ ਪਾਰਟੀ ਮੈਂਬਰ ਤੇ ਹਮਦਰਦ ਪਹੁੰਚ ਰਹੇ ਹਨ। ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਕਾਨਫਰੰਸ 'ਚ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਦਰਸ਼ਨ ਸਿੰਘ ਬਿਹਾਰੀਪੁਰ, ਗੁਰਚਰਨ ਸਿੰਘ ਕੰਢਾ, ਜੱਗਾ ਸਿੰਘ ਤੇ ਜਸਵੰਤ ਸਿੰਘ ਖਡੂਰ ਸਾਹਿਬ, ਮੇਜਰ ਸਿੰਘ ਦਾਰਾਪੁਰ, ਸੁਖਦੇਵ ਸਿੰਘ ਭਲਾਈਪੁਰ, ਸਲਵਿੰਦਰ ਸਿੰਘ ਗਗੜੇਵਾਲ ਮੁੱਖ ਤੌਰ 'ਤੇ ਹਾਜ਼ਰ ਸਨ।


NAAC GRADE A++

LOVELY PROFESSIONAL UNIVERSITY

Transforming Education Transforming India

A RESEARCH FOCUSSED UNIVERSITY WORKING ON GLOBAL RESEARCH ISSUES

- 6600+ patents published
- 28000+ research publications indexed in Scopus/ WOS
- 34 faculty members are enlisted in the "Stanford world top 2% scientists" for the year 2024.
- We foster global collaboration and elevate academic prowess through our "International Research Exchange" and "International Co-Supervision" programs

ADMISSION NOTICE

Ph.D.

[ FULL TIME/ PART TIME ]

Engineering (ECE, CSE, EE, ME, CE, Chemical Engineering, Aerospace Engineering, Molecular Biology and Genetic Engg., Geospatial Information Science and Technology), Computer Applications, Agronomy, Entomology, Fruit Science, Genetics and Plant Breeding, Plant Pathology, Vegetable Science, Soil Science, Food Science and Technology, Environmental Sciences, Biotechnology, Bioinformatics, Microbiology, Forensic Sciences, Biochemistry, Botany, Zoology, Chemistry, Physics, Mathematics, Statistics, Management, Commerce, Economics, Hotel Management, Tourism Management, Law, Planning, Architecture, Fashion, Interior and Furniture Design, Product and Industrial Design, User Experience, Animation and Visual Design, Film and TV Production, Fine Arts, Journalism and Mass Communication, English, Performing Arts-Theatre, Political Science, Sociology, Social Work, History, Education, Public Administration, Physical Education, Punjabi, Hindi, Pharmaceutics, Pharmaceutical Chemistry, Pharmacognosy, Pharmacology, Pharmacy Practice, Ayurvedic Pharmacy, Pharmaceutical Analysis, Clinical Microbiology, Clinical Biochemistry, Clinical Embryology, Library Science, Physiotherapy

FLEXIBLE AND HYBRID COURSE WORK OPTIONS ARE AVAILABLE

Individuals who have been awarded a Ph.D. degree in accordance with UGC regulations are exempted from the requirement of the minimum eligibility condition of NET/ SLET/ SET for recruitment/ appointment of Assistant Professor or equivalent positions in Universities/ Colleges/ Institutions

| | |
|---|---|
| Last Date of Application | 15th November 2025 |
| Dates of Entrance Test (LPUNEST) | 28th & 30th Nov. 2025 |
| Result of LPUNEST (Ph.D.) | 04th December 2025 |
| Slot Booking of Interview | 4th - 08th Dec. 2025 |
| Interview Dates | 11th - 16th Dec. 2025 |
| Result for Interview | 20th December 2025 |
| Last Date of Admission | 10th January 2026 |

Scholarship/ Fellowship/ Travel Grant

- Scholarship upto ₹2.8 Lakh per student based on perfomance in LPUNEST Exam/ JRFs (UGC/CSIR) / NET/ GATE/ GPAT qualified/ Women Candidates^
- Research incentives upto ₹5 Crore awarded in 2024
- Teaching Fellowship of ₹21,600 per month and Travel grant upto ₹35,000 to attend National/ International Conference^#
- Monthly fellowship of ₹37,000+ HRA to eligible JRF candidates*

^For application process, scholarship, disciplines, student intake (seats), eligibility, admission criteria, test centres and other details, refer the link https://nest.lpu.in/phd/

#subject to availability and fulfillment of eligibility criteria. *As per government guidelines.

LOVELY PROFESSIONAL UNIVERSITY (LPU)
Jalandhar-Delhi G.T. Road, Phagwara, Punjab | www.lpu.in
admissions@lpu.co.in | Contact us: 01824-404408


CMYK

# ਕੇਂਦਰ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਬਹੁਤ ਘੱਟ : ਸ਼ਾਹਪੁਰ



**ਦੋਰਾਹਾ (ਹਰਮਿੰਦਰ ਸੇਠ)**-ਪ੍ਰਧਾਨ ਮੰਤਰੀ ਸੂਬੇ 'ਚ ਹੜ੍ਹਾਂ ਤੇ ਖੇਤਰ ਦਾ ਹਵਾਈ ਨਿਰੀਖਣ ਕੀਤਾ ਤੇ ਪੀੜਤ ਲੋਕਾਂ ਨਾਲ ਗੱਲਬਾਤ ਵੀ ਕੀਤੀ। ਪ੍ਰਧਾਨ ਮੰਤਰੀ ਵੱਲੋਂ ਪੰਜਾਬ ਲਈ 1600 ਕਰੋੜ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ ਤੇ ਬਾਕੀ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤੋਂ ਸਹਾਇਤਾ ਲੈਣ ਬਾਰੇ ਕਿਹਾ ਹੈ।ਸਾਬਕਾ ਜ਼ਿਲ੍ਹਾ ਵੈਟਰਨੀ ਇੰਸਪੈਕਟਰ ਤੇ ਲੋਕ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸ਼ਾਹਪੁਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਹੜ੍ਹਾਂ ਦੀ ਮਾਰ ਕਾਰਨ ਤਬਾਹ ਹੋਏ ਬੁਨਿਆਦੀ ਢਾਂਚੇ ਲਈ ਉਪਰੋਕਤ 1600 ਕਰੋੜ ਦਾ ਵਿੱਤੀ ਪੈਕੇਜ ਬਹੁਤ ਘੱਟ ਹੈ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2 ਲੱਖ ਦੀ ਐਕਸਗ੍ਰੇਸ਼ੀਆ ਵੀ ਬਹੁਤ ਘੱਟ ਹੈ।ਉਨ੍ਹਾਂ ਅੱਗੇ ਕਿਹਾ ਕਿ ਹੜ੍ਹਾਂ ਕਾਰਨ ਲੋਕਾਂ ਦੀਆਂ ਫਸਲਾਂ, ਮਕਾਨਾਂ, ਪਸ਼ੂਆਂ ਤੇ ਘਰੇਲੂ ਸਮਾਨ ਬਿਲਕੁਲ ਨਸ਼ਟ ਤੇ ਤਬਾਹ ਹੋ ਗਿਆ ਹੈ।ਲੋਕ ਘਰੋਂ ਬੇਘਰ ਹੋ ਗਏ ਹਨ। ਪਤਾ ਲੱਗਾ ਹੈ ਕਿ ਇਨਾਂ ਹੜ੍ਹਾਂ ਤੋਂ 2185 ਪਿੰਡਾਂ ਦਾ ਬਹੁਤ ਨੁਕਸਾਨ ਹੋਇਆ ਹੈ। ਤੇ ਕਿਸਾਨਾਂ ਦੀ 1.91 ਲੱਖ ਹੈਕਟੇਅਰ ਫਸਲ ਬਿਲਕੁਲ ਬਰਬਾਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਹੜ੍ਹ ਭਾਰੀ ਬਰਸਾਤਾਂ ਤੇ ਹਿਮਾਚਲ 'ਚ ਭਾਰੀ ਬੱਦਲ ਫਟਣ ਕਾਰਨ ਡੈਮਾਂ 'ਚ ਬਹੁਤ ਜ਼ਿਆਦਾ ਪਾਣੀ ਆਉਣ ਕਾਰਨ ਆਏ ਹਨ, ਜਿਸ ਕਰਕੇ ਸਮੁੱਚਾ ਬੁਨਿਆਦੀ ਢਾਂਚਾ ਹੀ ਤਹਿਸ ਨਹਿਸ ਹੋ ਗਿਆ ਹੈ।ਇਸ ਤ੍ਰਾਸਦੀ ਨੂੰ ਦੇਖਦੇ ਹੋਏ ਜ਼ਮੀਨੀ ਸਰਵੇਖਣ ਕਰਵਾ ਕੇ ਵੱਡਾ ਆਰਥਿਕ ਪੈਕੇਜ ਦਿੱਤਾ ਜਾਵੇ।

# ਗ੍ਰਾਮੀਣ ਪ੍ਰਤਿਭਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਪਛਾਣ ਦਿਵਾ ਰਿਹਾ ਐਚ ਐਮ ਈ ਐੱਲ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਐਚਪੀਸੀਐਲ-ਮਿੱਤਲ ਐਨਰਜੀ ਲਿਮਿਟਡ ਦਾ ਮੰਨਣਾ ਹੈ ਕਿ ਸਿੱਖਿਆ ਹੀ ਉਹ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ, ਜੋ ਜੀਵਨ ਬਦਲ ਸਕਦੀ ਹੈ ਅਤੇ ਸਮਾਜ ਨੂੰ ਆਤਮਨਿਰਭਰ ਤੇ ਮਜ਼ਬੂਤ ਬਣਾ ਸਕਦੀ ਹੈ। ਇਸੀ ਸੋਚ ਦੇ ਅਧਾਰ 'ਤੇ ਐਚਐਮਈਐਲ ਨੇ ਦਿੱਲੀ ਸਥਿਤ ਸੈਂਟਰ ਫਾਰ ਸੋਸ਼ਲ ਰਿਸਪਾਂਸਬਿਲਟੀ ਐਂਡ ਲੀਡਰਸ਼ਿਪ ਨਾਲ ਮਿਲ ਕੇ 2022 ਵਿੱਚ ਨੈਸ਼ਨਲ ਸੁਪਰ 100 ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ।ਪਿਛਲੇ ਚਾਰ ਸਾਲਾਂ ਤੋਂ ਜ਼ਿਲ੍ਹਾ ਸਿੱਖਿਆ ਵਿਭਾਗ ਨਾਲ ਸਾਂਝੇ ਤੌਰ 'ਤੇ ਸਕ੍ਰੀਨਿੰਗ ਟੈਸਟ ਕਰਾਇਆ ਜਾਂਦਾ ਹੈ।ਇਸ ਯੋਜਨਾ ਰਾਹੀਂ ਮੇਧਾਵੀ ਤੇ ਆਰਥਿਕ ਤੌਰ 'ਤੇ ਪਛੜੇ ਵਿਦਿਆਰਥੀਆਂ ਨੂੰ ਮੁਫ਼ਤ ਰਿਹਾਇਸ਼ੀ ਕੋਚਿੰਗ, ਮਾਰਗ ਦਰਸ਼ਨ ਅਤੇ ਮੇਂਟਰਸ਼ਿਪ ਦਿੱਤੀ ਜਾਂਦੀ ਹੈ, ਤਾਂ ਜੁ ਉਹ ਦੇਸ਼ ਦੀ ਸਭ ਤੋਂ ਮੁਸ਼ਕਲ ਪ੍ਰਵੇਸ਼ ਪ੍ਰੀਖਿਆ ਸੰਯੁਕਤ ਪ੍ਰਵੇਸ਼ ਪਰੀਖਿਆ ਦੀ ਤਿਆਰੀ ਕਰ ਸਕਣ।2025-26 ਬੈਚ ਲਈ ਐਚਐਮਈਐਲ ਤੇ ਸੀਐਸਆਰਐਲ ਨੇ ਜ਼ਿਲ੍ਹਾ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਬਠਿੰਡਾ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਸਕ੍ਰੀਨਿੰਗ ਟੈੱਸਟ ਕਰਾਇਆ, ਜਿਸ ਵਿੱਚ 550 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਗਹਿਰੇ ਚੋਣ ਪ੍ਰਕਿਰਿਆ ਤੋਂ ਬਾਅਦ ਛੇ ਪ੍ਰਤਿਭਾਵਾਨ ਵਿਦਿਆਰਥੀਆਂ ਦੀ ਚੋਣ ਕੀਤੀ ਗਈ।ਚੁਣੇ ਗਏ ਵਿਦਿਆਰਥੀਆਂ 'ਚ ਅਭੈ ਸਾਮਾ (ਪਿੰਡ ਗਿੱਦੜਾਂਵਾਲੀ), ਅਜੈ ਕੁਮਾਰ (ਪਿੰਡ ਭਾਗੂ) ਤੇ ਕ੍ਰਿਸ਼ਨਾ ਬਾਈ (ਪਿੰਡ ਕਰਨੀਂ ਖੇੜਾ) ਤਿੰਨੇ ਮੈਰੀਟੋਰੀਅਸ ਸਕੂਲ, ਬਠਿੰਡਾ ਨਾਲ ਸੰਬੰਧਤ ਹਨ।ਇਨ੍ਹਾਂ ਦੇ ਨਾਲ ਪ੍ਰੀਤਪਾਲ ਕੌਰ (ਪਿੰਡ ਨਠੇਹਾ, ਗਵਰਮੈਂਟ ਮਾਡਲ ਸੀਨੀਅਰ ਸੈਕੰਡਰੀ ਸਕੂਲ ਨਠੇਹਾ), ਅਨਮੋਲਪ੍ਰੀਤ ਸਿੰਘ (ਸ਼ਹੀਦ ਸਿਪਾਹੀ ਸੰਦੀਪ ਸਿੰਘ ਸਕੂਲ, ਪਰਸਰਾਮ ਨਗਰ, ਬਠਿੰਡਾ) ਤੇ ਪ੍ਰਭਜੋਤ ਸਿੰਘ (ਸਕੂਲ ਆਫ਼ ਐਮੀਨੈਂਸ, ਭੁੱਚੋ ਕਲਾਂ) ਵੀ ਇਸ ਪ੍ਰੋਗਰਾਮ ਲਈ ਚੁਣੇ ਗਏ ਹਨ।ਇਹ ਸਾਰੇ ਹੁਣ ਦਿੱਲੀ ਸਥਿਤ ਸੀਐਸਆਰਐਲ ਵਿੱਚ 11 ਮਹੀਨਿਆਂ ਦੀ ਗਹਿਰੀ ਰਿਹਾਇਸ਼ੀ ਕੋਚਿੰਗ ਸ਼ੁਰੂ ਕਰ ਚੁੱਕੇ ਹਨ। ਨੈਸ਼ਨਲ ਸੁਪਰ 100 ਪ੍ਰੋਗਰਾਮ ਗ੍ਰਾਮੀਣ ਪ੍ਰਤਿਭਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।2025-26 ਸੈਸ਼ਨ ਲਈ ਚੁਣੇ ਗਏ ਇਹ ਛੇ ਨਵੇਂ ਵਿਦਿਆਰਥੀ ਇਸ ਗੌਰਵਮਈ ਪ੍ਰੰਪਰਾ ਨੂੰ ਅੱਗੇ ਵਧਾਉਣਗੇ।

# ਸਲਾਈਟ ਤੇ ਹੈਵੀ ਇੰਜ. ਲਿਮ. ਯਮੁਨਾਨਗਰ 'ਚ ਹੋਇਆ ਸਮਝੌਤਾ



**ਲੌਂਗੋਵਾਲ (ਪ੍ਰਦੀਪ ਸੱਪਲ)**-ਹੈਵੀ ਇੰਜੀਨੀਅਰਿੰਗ ਲਿਮ: (ਆਈਐਸਜੀਈਸੀ) ਯਮੁਨਾਨਗਰ, ਹਰਿਆਣਾ ਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲਜੀ ਸਲਾਈਟ ਲੌਂਗੋਵਾਲ ਵਿਚਕਾਰ ਮਹੱਤਵਪੂਰਨ ਸਮਝੌਤੇ (ਐਮ.ਓ.ਯੂ) 'ਤੇ ਦਸਤਖ਼ਤ ਕੀਤੇ ਗਏ।ਸਮਝੌਤੇ ਦਾ ਉਦੇਸ਼ ਤਕਨੀਕੀ ਸਿੱਖਿਆ ਤੇ ਉਦਯੋਗ ਵਿਚਕਾਰ ਸਹਿਯੋਗ ਨੂੰ ਨਵੀਆਂ ਉਚਾਈਆਂ 'ਤੇ ਲਿਜਾਉਣਾ ਤੇ ਵਿਦਿਆਰਥੀਆਂ ਦੇ ਪੇਸ਼ੇਵਰ ਵਿਕਾਸ ਨੂੰ ਤੇਜ਼ ਕਰਨਾ ਹੈ।ਇਸ ਐਮ.ਓ.ਯੂ. ਤੇ ਸਲਾਈਟ ਦੇ ਡਾਇਰੈਕਟਰ ਪ੍ਰੋ. ਮਣੀਕਾਂਤ ਪਾਸਵਾਨ ਅਤੇ ਵਿੰਗ ਕਮਾਂਡਰ (ਸੇਵਾਮੁਕਤ) ਇੰਦਰਨੀਲ ਦੇਬਨਾਥ, ਏਵੀਪੀ- ਐਚ (ਆਈਐਸਜੀਈਸੀ) ਨੇ ਦਸਤਖ਼ਤ ਕੀਤੇ।ਇਹ ਸਮਝੌਤਾ ਸਮਾਗਮ ਪ੍ਰੋ. ਰਵੀਕਾਂਤ ਮਿਸ਼ਰਾ, ਡੀਨ ਐਲੂਮਨੀ ਤੇ ਇੰਡਸਟਰੀਅਲ ਰਿਲੇਸ਼ਨਜ਼ ਸਲਾਈਟ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਚਾਲਿਤ ਕੀਤਾ ਗਿਆ।ਦੋਵਾਂ ਸੰਸਥਾਵਾਂ ਦੇ ਸੀਨੀਅਰ ਪ੍ਰਤੀਨਿਧੀ ਜਿਨ੍ਹਾਂ ਵਿੱਚ ਸੰਜੇ ਚੌਧਰੀ (ਮੁੱਖ ਕਾਰਜਕਾਰੀ, (ਪੀ.ਈ.ਡੀ.), ਸ਼੍ਰੀ ਵਿਨਾਇਕ ਬੋਹਰਾ (ਮੁੱਖ ਵੈਲਡਿੰਗ), ਸ਼੍ਰੀ ਡੀ.ਐਨ. ਮਿਸ਼ਰਾ (ਮੁੱਖ ਸਿਖਲਾਈ ਅਤੇ ਵਿਕਾਸ) ਅਤੇ ਸ਼੍ਰੀਮਤੀ ਤਨਵੀ ਪੁਰੀ (ਸਿਖਰ ਪ੍ਰਬੰਧਨ) ਆਈਐਸਜੀਈਸੀ ਇਸ ਸਮਾਗਮ ਵਿੱਚ ਮੌਜੂਦ ਸਨ।ਇਸ ਸਹਿਯੋਗ ਦਾ ਮੁੱਖ ਉਦੇਸ਼ (ਆਈਐਸਜੀਈਸੀ) ਵੱਲੋਂ ਸਪਾਂਸਰ ਕੀਤੇ ਗਏ ਪੇਡ ਇੰਟਰਨਸ਼ਿਪ, ਉਦਯੋਗਿਕ ਸਿਖਲਾਈ, ਪਲੇਸਮੈਂਟ, ਪੀਜੀ ਤੇ ਪੀਐਚਡੀ ਪ੍ਰੋਗਰਾਮਾਂ ਨੂੰ ਉਤਸ਼ਾਹਤ ਕਰਨਾ ਹੈ। ਇਸਦੇ ਨਾਲ ਖੋਜ, ਤਕਨੀਕੀ ਵਰਕਸ਼ਾਪਾਂ, ਹੁਨਰ, ਵਿਕਾਸ ਤੇ ਨਵੀਨਤਾ ਦੇ ਖੇਤਰ ਵਿੱਚ ਵੀ ਸਾਂਝੇ ਉਪਰਾਲੇ ਕੀਤੇ ਜਾਣਗੇ।ਆਈਐਸਜੀਈਸੀ ਦੇ ਸੀਨੀਅਰ ਅਧਿਕਾਰੀਆਂ 5 ਨੇ ਇਸਨੂੰ ਉਦਯੋਗ-ਅਕਾਦਮਿਕ ਭਾਈਵਾਲੀ ਵੱਲ ਇੱਕ ਇਤਿਹਾਸਕ ਕਦਮ ਕਿਹਾ ਤੇ ਕਿਹਾ ਕਿ ਇਹ ਨਾ ਸਿਰਫ਼ ਵਿਦਿਆਰਥੀਆਂ ਨੂੰ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ, ਬਲਕਿ ਉਦਯੋਗ ਨੂੰ ਹੁਨਰਮੰਦ ਤੇ ਸਿਖਲਾਈ ਪ੍ਰਾਪਤ ਮਨੁੱਖੀ ਸਰੋਤ ਵੀ ਪ੍ਰਦਾਨ ਕਰੇਗਾ।

# ਦਸਮੇਸ਼ ਸਕੂਲ ਨੇ ਜ਼ਿਲ੍ਹੇ ਵਿੱਚੋਂ ਜਿੱਤੇ 2 ਸੋਨ ਤਮਗ਼ੇ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬ ਸਰਕਾਰ ਦੁਆਰਾ ਆਯੋਜਤ ਜ਼ਿਲ੍ਹਾ ਪੱਧਰੀ ਖੇਡਾਂ ਜ਼ਿਲ੍ਹਾ ਖੇਡ ਅਫਸਰ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਕਨਵੀਨਰ ਗੁਰਦਾਨ ਸਿੰਘ , ਕੋ-ਕਨਵੀਨਰ ਧਰਮਿੰਦਰ ਸਿੰਘ ਅਤੇ ਹੈਂਡਬਾਲ ਕੋਚ ਮਨਜੀਤ ਸਿੰਘ ਮੰਨਾ ਦੀ ਅਗਵਾਈ ਵਿੱਚ ਰੈਨੇਸਾ ਸਕੂਲ ਮਾਨਸਾ ਵਿਖੇ ਹੋਈਆਂ, ਜਿਸ ਵਿੱਚ ਜੋਥਨ ਚੈਂਪੀਅਨ ਰਹਿਣ ਵਾਲੇ ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੇ ਅੰਡਰ -19 ਲੜਕਿਆਂ ਨੇ ਸੈਮੀਫਾਈਨਲ ਮੁਕਾਬਲੇ ਵਿੱਚ ਜੋਗਾ ਜੋਨਥ ਅਤੇ ਫਾਈਨਲ ਵਿੱਚ ਦਸਮੇਸ਼ੀਅਨ ਖਿਡਾਰੀਆਂ ਨੇ ਝੁਨੀਰ ਜੋਨਥ ਨੂੰ ਜ਼ਬਰਦਸਤ ਮੁਕਾਬਲੇ ਨਾਲ ਜਿੱਤ ਕੇ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ 'ਤੇ ਰਹਿੰਦਿਆਂ ਜ਼ਿਲ੍ਹਾ ਸੋਨ ਤਗਮਾ ਜਿੱਤਿਆ।ਇਸ ਤਰ੍ਹਾਂ ਦਸਮੇਸ਼ ਸਕੂਲ ਦੇ 7 ਹੈਂਡਬਾਲ ਖਿਡਾਰੀ ਰਵੀ, ਅਰਮਾਨਦੀਪ ਸਿੰਘ, ਹਰਮਨਜੋਤ ਸਿੰਘ, ਅਰਸ਼ਦੀਪ ਸਿੰਘ, ਜਸ਼ਨਦੀਪ ਸਿੰਘ, ਅਕਾਸ਼ਦੀਪ ਸਿੰਘ ਤੇ ਅਰਮਾਨ ਸਿੰਘ ਦੀ ਸਟੇਟ ਖੇਡਣ ਲਈ ਚੋਣ ਹੋਈ।ਇਸੇ ਤਰ੍ਹਾਂ ਦਸਮੇਸ਼ ਸਕੂਲ ਦੀਆਂ ਹੈਂਡਬਾਲ ਅੰਡਰ-19 ਲੜਕੀਆ ਦੀ ਟੀਮ ਨੇ ਵੀ ਜ਼ਿਲ੍ਹੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਫਾਈਨਲ ਮੁਕਾਬਲੇ ਵਿੱਚ ਬਰੇਟਾ ਜ਼ੋਨ ਨੂੰ 8-0 ਨਾਲ ਹਰਾ ਕੇ ਪਹਿਲਾ ਸਥਾਨ ਤੇ ਰਹਿੰਦਿਆ ਸੋਨ ਤਗਮਾ ਹਾਸਲ ਕੀਤਾ।ਸਕੂਲ ਦੀਆਂ 6 ਖਿਡਾਰਨਾਂ ਰਮਨਦੀਪ ਕੌਰ, ਅਮਨਦੀਪ ਕੌਰ, ਮਹਿਕਪ੍ਰੀਤ ਕੌਰ, ਰੇਨੂੰ ਕੌਰ, ਖੁਸ਼ਮਨਪ੍ਰੀਤ ਕੌਰ, ਐਮ ਪੀ ਸਿੱਧੂ ਦੀ ਸਟੇਟ ਖੇਡਣ ਲਈ ਚੋਣ ਹੋਈ।ਇਸ ਤਰ੍ਹਾਂ ਜ਼ਿਲ੍ਹਾ ਹੈਂਡਬਾਲ ਮੁਕਾਬਲਿਆਂ ਵਿੱਚ ਦਸਮੇਸ਼ ਕਾਨਵੈਂਟ ਸਕੂਲ ਵੱਲੋਂ 2 ਜ਼ਿਲ੍ਹਾ ਸੋਨ ਤਗ਼ਮੇ ਅਤੇ 13 ਹੈਂਡਬਾਲ ਖਿਡਾਰੀਆਂ ਦੀ ਸਟੇਟ ਖੇਡਣ ਲਈ ਚੋਣ ਹੋਣ ਤੇ ਬੇਹੱਦ ਖੁਸ਼ੀ ਦਾ ਇਜ਼ਹਾਰ ਕਰਦਿਆਂ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਹੈਂਡਬਾਲ ਜ਼ਿਲ੍ਹਾ ਜੇਤੂ ਖਿਡਾਰੀਆਂ ਅਤੇ ਹੈਂਡਬਾਲ ਕੋਚ ਗੁਰਸੇਵਕ ਸਿੰਘ, ਮਨਦੀਪ ਸਿੰਘ, ਇਕਬਾਲ ਕੌਰ, ਹਰਜਿੰਦਰ ਕੌਰ, ਨੂੰ ਵਧਾਈਆਂ ਦਿੰਦਿਆਂ ਸਟੇਟ ਵਿੱਚੋਂ ਵੀ ਵਧੀਆਂ ਖੇਡਣ ਲਈ ਪ੍ਰੇਰਤ ਕੀਤਾ।

# ਹੜ੍ਹ ਪੀੜਤਾਂ ਲਈ ਪੈਕੇਜ ਪੰਜਾਬ ਨਾਲ ਮਜ਼ਾਕ : ਬਲਜਿੰਦਰ ਢਿੱਲੋਂ



**ਸਨੌਰ/ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਐਗਰੋ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋ ਨੇ ਪ੍ਰਧਾਨ ਮੰਤਰੀ 'ਤੇ ਤਨਜ਼ ਕੱਸਦਿਆਂ ਆਖਿਆ ਕਿ ਪਿਛਲੇ 15 ਦਿਨਾਂ ਤੋ ਸਾਰਾ ਪੰਜਾਬ ਹੜ੍ਹ ਵਿੱਚ ਰੁੜ੍ਹਿਆ ਪਿਆ ਹੈ ਤੇ ਪੰਜਾਬ ਨੂੰ ਪ੍ਰਧਾਨ ਮੰਤਰੀ ਉਪਰ ਵੱਡੀਆਂ ਆਸਾਂ ਸਨ, ਪਰ ਜੋ ਐਲਾਨ ਪ੍ਰਧਾਨ ਮੰਤਰੀ ਨੇ ਕੀਤਾ ਹੈ, ਉਸ ਪੈਕੇਜ ਤੋਂ ਸਪਸ਼ਟ ਹੈ ਕਿ ਇਹ ਪੰਜਾਬੀਆਂ ਦਾ ਮਜ਼ਾਕ ਉੱਡਿਆ ਹੈ। ਬਲਜਿੰਦਰ ਢਿੱਲੋਂ ਨੇ ਕਿਹਾ ਕਿ ਸਮੁੱਚੀ ਪੰਜਾਬ ਸਰਕਾਰ ਹੜ੍ਹ ਪੀੜਤਾਂ ਲਈ 20 ਹਜ਼ਾਰ ਕਰੋੜ ਦਾ ਪੈਕੇਜ ਦੇਣ ਦੀ ਮੰਗ ਕੀਤੀ ਸੀ, ਪ੍ਰੰਤੂ ਐਲਾਨ ਸਿਰਫ਼ 1600 ਕਰੋੜ ਦਾ ਹੋਇਆ ਹੈ, ਜਦੋਂ ਕਿ ਇਹ ਵੀ ਸਪੱਸ਼ਟ ਹੈ ਕਿ ਪੰਜਾਬ ਦਾ ਨੁਕਸਾਨ ਬਹੁਤ ਵੱਡਾ ਹੋਇਆ ਹੈ, ਜਿਸ ਦੀ ਪੂਰਤੀ 1600 ਕਰੋੜ ਨਾਲ ਹੋਣੀ ਅਸੰਭਵ ਹੋਵੇਗੀ । ਉਨ੍ਹਾਂ ਆਖਿਆ ਕਿ ਇਕ ਵਾਰ ਫਿਰ ਸਿੱਧ ਹੋ ਗਿਆ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਲੋਕਾਂ ਦੀ ਅਸਲ ਵਾਰਸ ਹੈ।ਉਨ੍ਹਾਂ ਆਖਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਇਸ ਦੇ ਨਾਲ ਹੀ ਜੀਹਦਾ ਖੇਤ ਉਸ ਦੀ ਰੇਤ ਨੀਤੀ ਨੂੰ ਮਨਜ਼ੂਰੀ ਦਿੱਤੀ ਹੈ ਤੇ ਇਹ ਵੀ ਸਪੱਸ਼ਟ ਕੀਤਾ ਹੈ ਕਿ 31 ਦਸੰਬਰ ਤੱਕ ਬਿਨਾਂ ਪਰਮਿਟ ਤੋਂ ਕਿਸਾਨ ਆਪਣੀ ਜ਼ਮੀਨ ਤੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੇ ਆਪਣੀ ਹਰ ਵਾਹ ਲਾ ਦਿੱਤੀ ਹੈ ਕਿ ਢੇਹ ਢੇਰੀ ਹੋ ਗਏ ਹਨ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾਵੇਗਾ ਅਤੇ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ 'ਚ ਜਿਸ ਦਾ ਖੇਤ ਉਸ ਦੀ ਰੇਤ ਨੀਤੀ ਲਾਗੂ ਹੋਈ ਹੈ। ਉਨ੍ਹਾਂ ਆਖਿਆ ਕਿ ਭਾਜਪਾ ਸਿਰਫ਼ ਗੱਲਾਂ ਮਾਰਨੀਆਂ ਜਾਣਦੀ ਹੈ, ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਦਿਲੋਂ ਖੜਦੀ ਹੈ।ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਨੇ ਨਿਗੂਣਾ ਜਿਹਾ ਪੈਕੇਜ ਐਲਾਨ ਕਰਕੇ ਇਕ ਵਾਰ ਫਿਰ ਪੰਜਾਬ ਦਾ ਮਜ਼ਾਕ ਉਡਾਇਆ ਹੈ।

# ਸਾਂਝੇ ਮਜ਼ਦੂਰ ਮੋਰਚੇ ਵੱਲੋਂ ਐੱਸ ਡੀ ਐੱਮ ਨਕੋਦਰ ਦੇ ਦਫ਼ਤਰ ਅੱਗੇ ਧਰਨਾ



**ਨਕੋਦਰ (ਗਿਆਨ ਸੈਦਪੁਰੀ)** ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ ਸ਼ੁੱਕਰਵਾਰ ਦੂਜੇ ਦਿਨ ਵੀ ਮਜ਼ਦੂਰ ਜਥੇਬੰਦੀਆਂ ਦੇ ਸੈਂਕੜੇ ਵਰਕਰਾਂ ਤੇ ਹੜ੍ਹਾਂ/ਬਾਰਸ਼ਾਂ ਤੋਂ ਪ੍ਰਭਾਵਿਤ ਲੋਕਾਂ ਨੇ ਐੱਸ. ਡੀ. ਐੱਮ. ਨਕੋਦਰ ਦੇ ਦਫ਼ਤਰ ਅੱਗੇ ਧਰਨਾ ਲਾ ਕੇ ਸੂਬਾ ਸਰਕਾਰ ਵਿਰੁੱਧ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ।ਸਾਂਝੇ ਮਜ਼ਦੂਰ ਮੋਰਚੇ 'ਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ, ਦਰਸ਼ਨ ਨਾਹਰ, ਹਰਮੇਸ਼ ਮਾਲੜੀ, ਤਰਸੇਮ ਪੀਟਰ, ਗਿਆਨ ਸੈਦਪੁਰੀ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਹੜ੍ਹਾਂ/ਬਾਰਸ਼ਾਂ ਕਾਰਨ ਸੂਬੇ ਦੇ ਲੋਕਾਂ ਦੇ ਹੋਏ ਭਾਰੀ ਜਾਨੀ ਮਾਲੀ ਨੁਕਸਾਨ ਦੀ ਭਰਪਾਈ ਲਈ ਸਰਕਾਰ ਵੱਲੋਂ ਐਲਾਨੇ ਨਿਗੂਣੇ ਰਾਹਤ ਫੰਡ ਮੌਕੇ ਮਜ਼ਦੂਰਾਂ ਨੇ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਬਿਲਕੁਲ ਦਰਕਿਨਾਰ ਕਰਕੇ ਸਾਬਤ ਕਰ ਦਿੱਤਾ ਹੈ ਕਿ ਸੂਬਾ ਸਰਕਾਰ ਮਜ਼ਦੂਰ ਵਿਰੋਧੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਵੇਲੇ ਤੋਂ ਹੀ ਮਜ਼ਦੂਰਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ ਪਰ ਹੁਣ ਤਾਂ ਹੱਦ ਹੀ ਹੋਗੀ ਜਦੋਂ ਇਸ ਮੁਸੀਬਤ ਦੇ ਮੌਕੇ ਵੀ ਮਜ਼ਦੂਰਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ।ਆਗੂਆਂ ਨੇ ਜ਼ੋਰ ਦੇ ਕਿਹਾ ਕਿ ਬੇਸ਼ੱਕ ਦਰਿਆਵਾਂ/ਵੇਈਆਂ ਦੇ ਲਾਗਲੇ ਇਲਾਕਿਆਂ ਅੰਦਰ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਸ ਨੁਕਸਾਨ ਦੀ ਭਰਪਾਈ ਵਾਸਤੇ ਮਜ਼ਦੂਰ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਇਨ੍ਹਾਂ ਲੋਕਾਂ ਦੇ ਨੁਕਸਾਨ ਦੀ ਸੌ ਫ਼ੀਸਦੀ ਭਰਪਾਈ ਸਰਕਾਰ ਕਰੇ ਪਰ ਬੇਜ਼ਮੀਨੇ ਮਜ਼ਦੂਰਾਂ 'ਤੇ ਇਨ੍ਹਾਂ ਹੜ੍ਹਾਂ/ਬਾਰਸ਼ਾਂ ਦੀ ਦੂਹਰੀ ਤੀਹਰੀ ਮਾਰ ਪਈ ਪਰ ਮਜ਼ਦੂਰ ਵਿਰੋਧੀ ਮਾਨਸਿਕਤਾ ਵਾਲੀ ਸੂਬਾ ਸਰਕਾਰ ਨੂੰ ਇਸ ਦੀ ਕੋਈ ਫ਼ਿਕਰ ਨਹੀਂ।ਸਾਂਝੇ ਮਜ਼ਦੂਰ ਮੋਰਚੇ ਵੱਲੋਂ ਐੱਸਡੀਐੱਮ ਰਾਹੀਂ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਨਾਂਅ ਭੇਜੇ ਮੰਗ ਪੱਤਰ ਵਿੱਚ ਮਜ਼ਦੂਰ ਜਥੇਬੰਦੀਆਂ ਨੇ ਮੰਗ ਕੀਤੀ ਗਈ ਕਿ ਹੜ੍ਹਾਂ ਕਾਰਨ ਜਾਨਾਂ ਗੁਆਉਣ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ 25 ਲੱਖ ਰੁਪਏ ਦੀ ਰਾਸ਼ੀ ਫੌਰੀ ਤੌਰ 'ਤੇ ਦਿੱਤੀ ਜਾਵੇ, ਮਜ਼ਦੂਰਾਂ ਕਿਸਾਨਾਂ ਦੇ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ ਦੀ ਗਰਾਂਟ ਅਤੇ ਬਾਲੇ ਗਾਡਰਾਂ ਵਾਲੀਆਂ ਛੱਤਾਂ ਨੂੰ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਅਤੇ ਮਜ਼ਦੂਰਾਂ ਦੀਆਂ ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਿਵਾਰ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜਿਵੇਂ ਸੂਬਾ ਸਰਕਾਰ ਇਨ੍ਹਾਂ ਹੜ੍ਹਾਂ ਨੂੰ ਕੁਦਰਤੀ ਕ੍ਰੋਪੀ ਕਹਿ ਕੇ ਪੱਲਾ ਝਾੜ ਰਹੀ, ਅਸਲ ਵਿੱਚ ਇਹ ਕੋਈ ਕੁਦਰਤੀ ਕ੍ਰੋਪੀ ਨਹੀਂ ਬਲਕਿ ਸਰਕਾਰਾਂ ਅਤੇ ਇਨ੍ਹਾਂ ਦੇ ਉੱਚ ਅਧਿਕਾਰੀਆਂ ਦੀ ਕੁਤਾਹੀ ਕਾਰਨ ਵਾਪਰੀ ਤ੍ਰਾਸਦੀ ਹੈ ਜਿਸਦਾ ਲੋਕਾਂ ਨੂੰ ਭਾਰੀ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਹੜ੍ਹਾਂ ਲਈ ਜ਼ਿੰਮੇਵਾਰ ਸਿਆਸੀ ਲੀਡਰਾਂ ਅਤੇ ਸਬੰਧਤ ਅਧਿਕਾਰੀਆਂ 'ਤੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾਵੇ।ਮਜ਼ਦੂਰ ਜਥੇਬੰਦੀਆਂ ਨੇ ਮੰਗ ਕੀਤੀ ਕਿ ਦਰਿਆਵਾਂ/ਵੇਈਆਂ/ਬਰਸਾਤੀ ਨਾਲਿਆਂ ਦੀ ਸਫ਼ਾਈ ਲਈ ਸਰਕਾਰ ਪੱਕੇ ਮੁਲਾਜ਼ਮ ਭਰਤੀ ਕਰੇ ਅਤੇ ਮਨਰੇਗਾ ਸਕੀਮ ਅਧੀਨ ਕੰਮ ਵਧਾ ਕੇ ਸਾਰਾ ਸਾਲ ਮਜ਼ਦੂਰਾਂ ਨੂੰ ਇਸ ਕੰਮ ਤੇ ਲਾਇਆ ਜਾਵੇ।ਅੰਤ ਦੇ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸਰਬਸਾਥੀ ਹਰਪਾਲ ਬਿੱਟੂ, ਸਤਨਾਮ ਉੱਗੀ, ਨਿਰਮਲ ਮਲਸੀਆਂ, ਪਰਮਜੀਤ ਰੰਧਾਵਾ, ਕਸ਼ਮੀਰ ਮੰਡਿਆਲਾ, ਸਿਕੰਦਰ ਸੰਧੂ ਅਤੇ ਭਰਾਤਰੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮੋਹਨ ਸਿੰਘ ਬੱਲ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਵਜੋਤ ਸਿਆਣੀਵਾਲ ਨੇ ਵੀ ਸੰਬੋਧਨ ਕੀਤਾ।

## ਸ਼ਹੀਦ ਪ੍ਰਿਥੀਪਾਲ ਸਿੰਘ ਅਲੀਸ਼ੇਰ ਦੀ ਬਰਸੀ 11 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਬਲਾਕ ਰਾਮਪੁਰਾ ਦੀ ਮੀਟਿੰਗ ਸਰਜੀਤ ਸਿੰਘ ਰੋਮਾਣਾ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਪਿੰਡ ਰਾਮਪੁਰਾ ਵਿਖੇ ਕੀਤੀ ਗਈ।ਮੀਟਿੰਗ ਵਿੱਚ ਬਲਾਕ ਕਮੇਟੀ ਦੇ ਆਗੂ ਤੇ ਮੈਂਬਰ ਬਲਾਕ ਦੀਆਂ ਪਿੰਡ ਇਕਾਈਆਂ ਦੇ ਪ੍ਰਧਾਨ ਤੇ ਕਮੇਟੀ ਮੈਂਬਰਾਂ ਤੋ ਇਲਾਵਾ ਵਿਸ਼ੇਸ਼ ਤੌਰ 'ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਕੋਟਲੀ, ਜਨਰਲ ਸਕੱਤਰ ਗੁਰਨਾਮ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਜੇਠੂਕੇ ਸ਼ਾਮਲ ਹੋਏ।ਮੀਟਿੰਗ ਵਿੱਚ ਕਿਸਾਨਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਤੇ ਆਗੂਆਂ ਨੇ ਦੱਸਿਆ ਕਿ ਸ਼ਹੀਦ ਪ੍ਰਿਥੀਪਾਲ ਸਿੰਘ ਅਲੀਸ਼ੇਰ ਦੀ ਬਰਸੀ 11 ਅਕਤੂਬਰ ਨੂੰ ਪਿੰਡ ਅਲੀਸ਼ੇਰ ਜ਼ਿਲ੍ਹਾ ਮਾਨਸਾ ਵਿਖੇ ਮਨਾਈ ਜਾਵੇਗੀ।ਬਲਾਕ ਰਾਮਪੁਰਾ 'ਚ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ ਦੇ ਕਾਫ਼ਲੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣਗੇ ਤੇ ਆਗੂਆਂ ਨੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ ਜ਼ਿਲ੍ਹਾ ਮਾਨਸਾ ਤੇ ਘਰ 'ਚ ਗੁੰਡਿਆਂ ਵੱਲੋਂ ਹਮਲਾ ਕਰ ਦਿੱਤਾ ਸੀ, ਇਸ ਗੁੰਡਾਗਰਦੀ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ।

# ਵਿਧਵਾ ਨੂੰ ਇਨਸਾਫ਼ ਦਿਵਾਉਣ ਲਈ ਘੇਰਿਆ ਥਾਣਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਹਲਕਾ ਕੋਟਕਪੂਰਾ ਦੇ ਪਿੰਡ ਕੋਟਸੁਖੀਆ ਦੀ ਰਹਿਣ ਵਾਲੀ ਇੱਕ ਵਿਧਵਾ ਔਰਤ ਨੂੰ ਇਨਸਾਫ ਦਿਵਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਥਾਣਾ ਸਦਰ ਦੇ ਅੱਗੇ ਰੋਸ ਧਰਨਾ ਦਿੱਤਾ ਗਿਆ ਤੇ ਪੁਲਸ ਪ੍ਰਸ਼ਾਸਨ ਦੇ ਖਿਲਾਫ਼ ਇਲਜ਼ਾਮ ਲਾਉਂਦੇ ਹੋਏ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਹਾਲਾਂਕਿ ਪੁਲਸ ਨੇ ਜਥੇਬੰਦੀ ਦੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਤੇ ਕਿਹਾ ਕਿ ਪੁਲਸ ਵੱਲੋਂ ਨਿਯਮਾਂ ਦੇ ਮੁਤਾਬਕ ਕਾਰਵਾਈ ਕੀਤੀ ਜਾ ਰਹੀ ਹੈ।ਜਾਣਕਾਰੀ ਮੁਤਾਬਕ ਮੁਕਤਸਰ ਜ਼ਿਲ੍ਹੇ ਦੀ ਰਹਿਣ ਵਾਲੀ ਇੱਕ ਲੜਕੀ ਦਾ ਵਿਆਹ ਪਿੰਡ ਕੋਟ ਸੁਖੀਆ ਵਿਖੇ ਹੋਇਆ ਸੀ ਤੇ ਉਸਦੇ ਘਰ ਵਾਲੇ ਦੀ ਤਕਰੀਬਨ 10 ਮਹੀਨੇ ਪਹਿਲਾਂ ਮੌਤ ਹੋ ਗਈ ਸੀ।ਪਤੀ ਦੀ ਮੌਤ ਤੋਂ ਬਾਅਦ ਸਹੁਰੇ ਪਰਵਾਰ ਨੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਤੇ ਉਸਦੇ ਹਿੱਸੇ ਆਉਂਦੀ ਜਾਇਦਾਦ ਨੂੰ ਹੜੱਪਣ ਦੀ ਮਨਸ਼ਾ ਨਾਲ ਉਸ ਨੂੰ ਧਮਕੀਆਂ ਦਿੱਤੀਆਂ ਗਈਆਂ।

ਵਿਧਵਾ ਔਰਤ ਦੀ ਸ਼ਿਕਾਇਤ ਤੋਂ ਬਾਅਦ ਪੁਲਸ ਨੇ ਉਸਦੇ ਸਹੁਰੇ ਦੇ ਖਿਲਾਫ ਮਾਮਲਾ ਵੀ ਦਰਜ ਕੀਤਾ ਤੇ ਜੇਠ ਦੇ ਖਿਲਾਫ ਵੀ ਕਾਰਵਾਈ ਕੀਤੀ, ਪਰ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਦਾ ਇਲਜ਼ਾਮ ਹੈ ਕਿ ਪੁਲਸ ਵੱਲੋਂ ਸਹੁਰੇ ਪਰਵਾਰ ਦਾ ਪੱਖ ਲਿਆ ਜਾ ਰਿਹਾ ਹੈ ਤੇ ਲੜਕੀ ਨੂੰ ਉਸ ਦੇ ਬਣਦਾ ਹਿੱਸਾ ਮੁਕਰਨ ਵਾਲੇ ਸਹੁਰੇ ਪਰਵਾਰ ਖਿਲਾਫ਼ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ।

ਕਿਸਾਨ ਆਗੂਆਂ ਨੇ ਕਿਹਾ ਕਿ ਇਸ ਮਾਮਲੇ 'ਚ ਪਿਛਲੇ ਲੰਮੇ ਸਮੇਂ ਤੋਂ ਹੀ ਜਥੇਬੰਦੀ ਵੱਲੋਂ ਇਨਸਾਫ਼ ਦਿਵਾਉਣ ਵਾਸਤੇ ਪੈਰਵੀ ਕੀਤੀ ਜਾ ਰਹੀ ਹੈ, ਪਰ ਪੁਲਸ ਸਹੁਰੇ ਪਰਵਾਰ ਦਾ ਪੱਖ ਪੂਰ ਰਹੀ ਹੈ।ਕੁੱਝ ਦਿਨ ਪਹਿਲਾਂ ਜਦ ਉਹ ਥਾਣਾ ਸਦਰ ਕੋਟਕਪੂਰਾ ਦੇ ਐਸਐਚਓ ਨੂੰ ਮਿਲਣ ਵਾਸਤੇ ਆਏ ਸਨ ਤਾਂ ਉਸ ਵੇਲੇ ਐਸਐਚਓ ਵੱਲੋਂ ਜਥੇਬੰਦੀ ਦੇ ਨਾਲ ਦੁਰਵਿਹਾਰ ਵੀ ਕੀਤਾ ਗਿਆ।ਉਨ੍ਹਾਂ ਕਿਹਾ ਕਿ ਜਦੋਂ ਤੱਕ ਇਸ ਲੜਕੀ ਨੂੰ ਇਨਸਾਫ਼ ਨਹੀਂ ਦਿੱਤਾ ਜਾਂਦਾ, ਉਨ੍ਹਾਂ ਦਾ ਇਹ ਸੰਘਰਸ਼ ਜਾਰੀ ਰਵੇਗਾ।

ਇਸ ਮਾਮਲੇ 'ਚ ਥਾਣਾ ਸਦਰ ਦੇ ਐਸਐਚਓ ਇੰਸਪੈਕਟਰ ਗੁਰਾਂਦਿੱਤਾ ਸਿੰਘ ਨੇ ਕਿਹਾ ਕਿ ਪੁਲਸ ਨੇ ਲੜਕੀ ਦੀ ਸ਼ਿਕਾਇਤ ਦੇ ਅਧਾਰ 'ਤੇ ਨਿਯਮਾਂ ਮੁਤਾਬਕ ਕਾਰਵਾਈ ਕੀਤੀ ਹੈ ਤੇ ਜਥੇਬੰਦੀ ਵੱਲੋਂ ਲਾਏ ਜਾ ਰਹੇ ਇਲਜ਼ਾਮ ਬੇਬੁਨਿਆਦ ਹੈ। ਉਨ੍ਹਾਂ ਕਿਹਾ ਕਿ ਜਾਇਦਾਦ ਦੀ ਵੰਡ ਪੁਲਸ ਨਹੀਂ ਕਰਾ ਸਕਦੀ, ਇਸ ਦੇ ਲਈ ਉਨ੍ਹਾਂ ਨੂੰ ਅਦਾਲਤ 'ਚ ਹੀ ਚਾਰਾਜੋਈ ਕਰਨੀ ਪਵੇਗੀ।

# ਹੜ੍ਹ ਪੀੜਤ ਲੋਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਦੀ ਮੰਗ



**ਦੋਰਾਹਾ (ਹਰਮਿੰਦਰ ਸੇਠ)**-ਟੈਕਨੀਕਲ ਸਰਵਿਸਿਜ਼ ਯੂਨੀਅਨ ਡਵੀਜ਼ਨ ਦੋਰਾਹਾ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਤੇ ਸਕੱਤਰ ਬਲਵੀਰ ਸਿੰਘ ਵੱਲੋਂ ਕਿਹਾ ਗਿਆ ਕਿ ਰੈਲੀ ਵਿੱਚ ਭਰਾਤਰੀ ਜਥੇਬੰਦੀਆਂ ਦੇ ਕਾਮਿਆਂ ਤੇ ਰਿਟਾਇਰੀ ਸਾਥੀਆਂ ਨੇ ਸ਼ਮੂਲੀਅਤ ਕੀਤੀ।ਵੱਖ-ਵੱਖ ਆਗੂਆਂ ਤਰਸੇਮ ਲਾਲ, ਸੰਕੇਤ ਕੁਮਾਰ, ਬੁੱਧ ਸਿੰਘ, ਰਕੇਸ਼ ਕੁਮਾਰ ਨੇ ਕਿਹਾ ਕਿ ਪੰਜਾਬ ਜਾਂ ਹੋਰ ਰਾਜਾਂ ਵਿੱਚ ਹੜ੍ਹਾਂ ਨਾਲ ਹੋ ਰਹੀ ਲੋਕਾਂ ਦੀ ਬਰਬਾਦੀ ਦਾ ਕਾਰਨ ਕੁਦਰਤ ਦੀ ਕਰੋਪੀ ਨਹੀਂ, ਸਗੋਂ ਇਹ ਸਮੇਂ ਦੀਆਂ ਸਰਕਾਰਾਂ ਦੀ ਹੜ੍ਹਾਂ ਨਾਲ ਹੋਣ ਵਾਲੀ ਬਰਬਾਦੀ ਦਾ ਕੋਈ ਅਗਾਊਂ ਪ੍ਰਬੰਧ ਨਾ ਕਰਨ ਦੀ ਲੋਕਾਂ ਪ੍ਰਤੀ ਗੈਰ ਜ਼ਿੰਮੇਵਾਰ, ਨਫ਼ਰਤੀ ਪਹੁੰਚ ਦਾ ਨਤੀਜਾ ਹੈ।ਆਗੂਆਂ ਨੇ ਹੋਰ ਕਿਹਾ ਗਿਆ ਕਿ ਜੇ ਸਰਕਾਰ ਦੀ ਲੋਕਾਂ ਪ੍ਰਤੀ ਥੋੜ੍ਹੀ ਜਿਹੀ ਵੀ ਹਮਦਰਦੀ ਹੁੰਦੀ ਤਾਂ ਸਾਲ 1988 ਜਾਂ ਫਿਰ ਉਸ ਤੋਂ ਬਾਅਦ ਆਏ ਹੜ੍ਹ ਸਰਕਾਰ ਲਈ ਇਸ ਦੇ ਅਗਾਊਂ ਪ੍ਰਬੰਧ ਲਈ ਇੱਕ ਸਬਕ ਸਨ, ਜਿਨ੍ਹਾਂ ਤੋਂ ਇਹ ਸਪੱਸ਼ਟ ਹੋ ਚੁਕਿਆ ਸੀ ਕਿ ਭਾਰੀ ਬਾਰਸ਼ਾਂ ਦੇ ਦੌਰ ਵਿੱਚ ਸਾਡੇ ਐਮਰਜੈਂਸੀ ਸਮੇਂ ਵਿੱਚ ਫਾਲਤੂ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਬਹੁਤ ਊਣੇ ਹਨ।ਇਸ ਖ਼ਤਰੇ ਦਾ ਅਨੁਭਵ ਹੋਣ ਅਤੇ ਸਾਲ ਦਰ ਸਾਲ ਇਸ ਦਾ ਸੇਕ ਹੰਢਾ ਰਹੇ ਲੋਕਾਂ ਪ੍ਰਤੀ ਥੋੜ੍ਹੀ ਜਿਹੀ ਵੀ ਹਮਦਰਦੀ ਹੁੰਦੀ ਤਾਂ ਸਰਕਾਰ ਪਿਛਲੇ 45 ਸਾਲਾਂ ਦੌਰਾਨ ਇਸ ਦਾ ਕੋਈ ਠੋਸ ਪ੍ਰਬੰਧ ਕਰਕੇ ਲੋਕਾਂ ਨੂੰ ਇਸ ਬਰਬਾਦੀ ਤੋਂ ਬਚਾਅ ਸਕਦੀ ਸੀ, ਜੋ ਉਸ ਨੇ ਨਹੀਂ ਕੀਤਾ।ਇਹੀ ਕਾਰਣ ਹੈ ਕਿ ਮਾਧੋਪੁਰ ਹੈੱਡ ਵਰਕਸ ਰੁੜ੍ਹ ਗਿਆ ਹੈ।ਨੰਗਲ ਹਾਈਡਲ ਚੈਨਲ ਨਹਿਰ ਵਿੱਚ ਥਾਂ-ਥਾਂ ਤਰੇੜਾਂ ਆਈਆਂ ਹਨ, ਜੋ ਇਲਾਕੇ ਦੇ ਲੋਕਾਂ ਵਲੋਂ ਆਪਣੀ ਸਾਂਝੀ ਮਿਹਨਤ ਸਦਕਾ ਠੀਕ ਕਰਕੇ ਆਪਣਾ ਬਚਾਅ ਕੀਤਾ ਹੈ।ਇਸ ਸਮੇਂ ਵੀ ਜਦੋਂ ਪੰਜਾਬ ਦੇ ਮਿਹਨਤਕਸ਼ ਲੋਕ ਇਸ ਸੰਤਾਪ ਦਾ ਸੇਕ ਹੰਢਾਅ ਰਹੇ ਹਨ, ਉਸ ਸਮੇਂ ਵੀ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਢੁੱਕਵੇਂ ਪ੍ਰਬੰਧ ਕਰਨ ਦੀ ਥਾਂ ਮਗਰਮੱਛ ਦੇ ਅੱਥਰੂ ਕੇਰ ਕੇ ਝੂਠੀ ਹਮਦਰਦੀ ਜਿਤਾਉਣ ਦੇ ਯਤਨ ਜਾਰੀ ਹਨ। ਇਸ ਲਈ ਅਮਲ ਚੋਂ ਗੰਭੀਰਤਾ ਨਾਲ ਦੇਖਿਆਂ ਇਹ ਗੱਲ ਬਿਲਕੁਲ ਸਾਫ਼ ਹੈ ਕਿ ਹੜ੍ਹਾਂ ਦਾ ਬੁਨਿਆਦੀ ਕਾਰਨ ਕੁਦਰਤੀ ਕਰੋਪੀ ਨਹੀਂ, ਸਗੋਂ ਸਰਕਾਰਾਂ ਦੀ ਲੋਕਾਂ ਪ੍ਰਤੀ ਲਾਪਰਵਾਹੀ ਦੀ ਵੈਰ ਭਾਵਨਾ ਹੈ।ਆਗੂਆਂ ਵਲੋਂ ਆਪਣੀ ਮੈਂਬਰਸ਼ਿਪ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਕਿ ਉਹ ਆਪਣੇ ਹਰ ਕਿਸਮ ਦੇ ਕੰਮ ਛੱਡ ਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਹੱਦ ਤੱਕ ਮਦਦ ਲਈ ਅੱਗੇ ਆਉਣ।ਅਜਿਹਾ ਕਰਦੇ ਸਮੇ ਇਸ ਗੱਲ ਤੋਂ ਸੁਚੇਤ ਰਿਹਾ ਜਾਵੇ ਕਿ ਪਹਿਲਾਂ ਤਾਂ ਸਰਕਾਰ ਨੇ ਆਪਣੀ ਜਿੰਮੇਵਾਰੀ ਪੂਰੀ ਨਾ ਕਰਕੇ ਲੋਕਾਂ ਨਾਲ ਦਗਾ ਕਮਾਇਆ ਹੈ। ਹੁਣ ਲੋਕਾਂ ਦੀ ਮੱਦਦ ਦੇ ਦੰਭ ਹੇਠ ਸਾਡੀ ਜਬਰੀ ਤਨਖਾਹ ਕਟੌਤੀ ਕਰਕੇ ਜਾਂ ਕਿਸੇ ਹੋਰ ਤਰੀਕੇ ਨਾਲ ਪੈਸਾ ਇਕੱਠਾ ਕਰਕੇ ਪੀੜਤ ਲੋਕਾਂ ਨੂੰ ਤਿਲ ਫੁੱਲ ਸਹਾਇਤਾ ਦੇ ਕੇ ਆਪਣੇ ਲੋਕ ਦੋਖੀ ਕਿਰਦਾਰ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਨਜਾਇਜ਼ ਸ਼ਰਾਬ ਦੀਆਂ 67 ਬੋਤਲਾਂ ਬਰਾਮਦ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮ ਕਲਾਂ ਪੁਲਸ ਵੱਲੋਂ 67 ਨਜਾਇਜ਼ ਸ਼ਰਾਬ ਦੀਆਂ ਬੋਤਲਾਂ ਬਰਾਮਦ ਕਰ 3 ਖਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਕਰਨੈਲ ਸਿੰਘ ਨੀਲੂ ਵਾਸੀ ਪਿੰਡ ਗਰਚਾ, ਜਦਕਿ 2 ਅਣਪਛਾਤੇ ਸ਼ਾਮਲ ਹਨ।

ਥਾਣਾ ਮੁਖੀ ਜਗਦੀਪ ਸਿੰਘ ਗਿੱਲ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਪਿੰਡ ਰਤਨਗੜ੍ਹ ਅੱਡਾ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਕਿ ਮੁਖ਼ਬਰ ਨੇ ਆ ਕੇ ਸੂਚਨਾ ਦਿੱਤੀ ਕਿ ਕਰਨੈਲ ਸਿੰਘ ਨੀਲੂ ਜੋ ਨਾਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦਾ ਹੈ ਤੇ ਹੁਣ ਵੀ ਆਪਣੇ 2 ਨਾਮਲੂਮ ਸਾਥੀਆਂ ਨਾਲ ਭਾਰੀ ਮਾਤਰਾ ਵਿੱਚ ਸ਼ਰਾਬ ਲੈ ਕੇ ਪਿੰਡ ਦੇ ਬਾਹਰ ਖਾਲੀ ਟੁੱਟੇ ਮਕਾਨ ਵਿਚ ਸ਼ਰਾਬ ਰੱਖ ਕੇ ਵੇਚ ਰਿਹਾ ਹੈ। ਪੁਲਸ ਪਾਰਟੀ ਵੱਲੋਂ ਤੁਰੰਤ ਛਾਪੇਮਾਰੀ ਕੀਤੀ ਗਈ ਤਾਂ ਨਜਾਇਜ਼ ਸ਼ਰਾਬ ਵੇਚਣ ਵਾਲਾ ਕਰਨੈਲ ਸਿੰਘ ਨੀਲੂ ਆਪਣੇ ਸਾਥੀਆਂ ਸਮੇਤ ਫ਼ਰਾਰ ਹੋ ਗਿਆ, ਜਦਕਿ ਉੱਥੋਂ 67 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈਆਂ। ਪੁਲਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ।

## ...ਸ.ਫਾ 1 ਦੇ ਬਾਕੀ

### ਇਲੈਕਟੋਰਲ ਬਾਂਡ ਰੱਦ...

ਦੀ ਪਟੀਸ਼ਨ 'ਤੇ ਦਿੱਲੀ ਹਾਈ ਕੋਰਟ ਨੇ ਨਵੰਬਰ 2022 ਵਿੱਚ ਹੁਕਮ ਦਿੱਤਾ ਕਿ ਉਮੀਦਵਾਰ ਨੂੰ ਨਾਮਜ਼ਦਗੀ ਕਾਗਜ਼ਾਂ ਦੇ ਨਾਲ ਆਪਣੀ ਵਿਦਿਅਕ ਯੋਗਤਾ, ਆਮਦਨ, ਅਸਾਸੇ ਤੇ ਫੌਜਦਾਰੀ ਕੇਸਾਂ ਬਾਰੇ ਹਲਫੀਆ ਬਿਆਨ ਜਮ੍ਹਾਂ ਕਰਾਉਣਾ ਹੋਵੇਗਾ। ਏ ਡੀ ਆਰ ਦੀ ਇੱਕ ਵੱਡੀ ਕਾਮਯਾਬੀ ਉਹ ਸੀ ਜਦੋਂ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਇਲੈਕਟੋਰਲ ਬਾਂਡ ਦੀ ਸਕੀਮ ਨੂੰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਰੱਦ ਕਰ ਦਿੱਤਾ।

ਉੱਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਪ੍ਰੋਫੈਸਰ ਛੋਕਰ ਦਾ ਜਾਣਾ ਦੇਸ਼ ਦੀ ਜਮਹੂਰੀਅਤ ਲਈ ਵੱਡਾ ਧੱਕਾ ਹੈ। ਯੋਗੇਂਦਰ ਯਾਦਵ ਨੇ ਕਿਹਾ ਕਿ ਉਹ ਜਮਹੂਰੀਅਤ ਤੇ ਜਨਤਕ ਕਾਜ਼ ਦੇ ਨਿਰਸਵਾਰਥ ਅਲੰਬਰਦਾਰ ਸਨ।

### ਖੇਤ ਮਜ਼ਦੂਰ ਸਭਾ ਦੇ ...

ਦੁਖੜੇ ਦੱਸਦੇ ਕਿਹਾ ਕਿ ਸਾਡੇ ਪੱਲੇ ਕੱਖ ਨਹੀਂ ਰਿਹਾ। ਸਾਡੀ ਪਸ਼ੂਆਂ ਨਾਲੋਂ ਵੀ ਮਾੜੀ ਹਾਲਤ ਹੈ। ਉਸ ਨੇ ਕੱਚੀਆਂ ਜ਼ਮੀਨਾਂ ਪੱਕੀਆਂ ਕਰਨ ਦੀ ਮੰਗ ਵੀ ਕੀਤੀ।

ਹੜ੍ਹ ਪੀੜਤਾਂ ਦੇ ਦੁਖੜੇ ਸੁਣਨ ਤੋਂ ਬਾਅਦ ਗੁਲਜ਼ਾਰ ਸਿੰਘ ਗੋਰੀਆ ਨੇ ਕਿਹਾ ਕਿ ਅਸੀਂ ਉਹਨਾਂ ਦੇ ਦੁੱਖ ਸਮਝਦੇ ਹਾਂ ਤੇ ਉਹਨਾਂ ਦੇ ਨਾਲ ਖੜੇ ਹਾਂ। ਇਹ ਹੜ੍ਹ ਪਹਿਲਾਂ ਵੀ ਆਉਂਦੇ ਰਹੇ ਹਨ ਤੇ ਨੁਕਸਾਨ ਕਰਦੇ ਰਹੇ ਹਨ। ਅੱਗੋਂ ਵੀ ਕੋਈ ਗਰੰਟੀ ਨਹੀਂ ਹੈ ਕਿ ਹੜ੍ਹ ਰੁਕ ਜਾਣਗੇ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਹੜ੍ਹ ਦੀ ਮਾਰ ਰੋਕਣ ਲਈ ਠੋਸ ਉਪਰਾਲੇ ਕਰੇ। ਉਹਨਾਂ ਨੇ ਕਿਹਾ ਕਿ ਸਿਰਫ ਪੰਜਾਬ ਸਰਕਾਰ ਹੀ ਨਹੀਂ, ਬਲਕਿ ਕੇਂਦਰ ਸਰਕਾਰ ਵੀ ਇਸ ਮਾਮਲੇ ਵਿੱਚ ਸੰਜੀਦਗੀ ਨਾਲ ਕੰਮ ਕਰੇ। ਅਸੀਂ ਦੇਖਿਆ ਹੈ ਕਿ ਸਰਕਾਰਾਂ ਦੀ ਬਦ-ਇੰਤਜ਼ਾਮੀ ਦਾ ਅਸੀਂ ਖਮਿਆਜ਼ਾ ਭੁਗਤ ਰਹੇ ਹਾਂ। ਕਾਮਰੇਡ ਗੋਰੀਆ ਨੇ ਹੜ੍ਹ ਪ੍ਰਭਾਵਿਤ ਪਰਵਾਰਾਂ ਲਈ ਇਕ ਲੱਖ ਰੁਪਏ ਪ੍ਰਤੀ ਪਰਵਾਰ ਨੂੰ ਗ੍ਰਾਂਟ ਦੇਣ ਦੀ ਮੰਗ ਕੀਤੀ। ਗੋਰੀਆ ਨੇ ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ ਸੰਮੇਲਨ ਦੀ ਗੱਲ ਕਰਦਿਆਂ ਕਿਹਾ ਕਿ ਇਸ ਸੰਮੇਲਨ ਵਿੱਚ ਸਾਡੇ ਲੋਕਾਂ ਦੇ ਮਸਲਿਆਂ 'ਤੇ ਡੂੰਘਾ ਵਿਚਾਰ-ਵਟਾਂਦਰਾ ਹੋਵੇਗਾ। ਇਹ ਸੰਮੇਲਨ ਇੱਕ ਇਤਿਹਾਸਕ ਮੌਕਾ ਹੈ। 21 ਸਤੰਬਰ ਨੂੰ ਮੁਹਾਲੀ ਵਿੱਚ ਇੱਕ ਵੱਡੀ ਰੈਲੀ ਕੀਤੀ ਜਾ ਰਹੀ ਹੈ। ਗੋਰੀਆ ਨੇ ਅਪੀਲ ਕੀਤੀ ਕਿ ਇਸ ਰੈਲੀ ਵਿੱਚ ਹੁੰਮ-ਹੁਮਾ ਕੇ ਪਹੁੰਚਿਆ ਜਾਵੇ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੜ੍ਹਾਂ ਨਾਲ ਭਾਰੀ ਨੁਕਸਾਨ ਹੋਇਆ ਹੈ। ਇਸ ਦੀ ਭਰਪਾਈ ਲਈ ਸਰਕਾਰਾਂ ਨੂੰ ਗੰਭੀਰਤਾ ਨਾਲ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਸਰਕਾਰ ਪਾਸੋਂ ਮੰਗ ਕੀਤੀ ਕਿ ਹਰੇਕ ਪ੍ਰਭਾਵਿਤ ਪਰਵਾਰ ਨੂੰ 1 ਲੱਖ ਰੁਪਿਆ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਨਾਨਕ ਸਿੰਘ ਹਲੀਮ ਵਾਲਾ, ਸਤੀਸ਼ ਸਿੰਘ ਵਰਮਾ, ਰਾਜ ਸਿੰਘ ਬਾਹਮਣੀ ਵਾਲਾ, ਕਸ਼ਮੀਰ ਸਿੰਘ ਵੱਲੇ ਸ਼ਾਹ ਉਤਾੜ, ਗੁਰਮੀਤ ਸਿੰਘ, ਸ਼ੇਰ ਸਿੰਘ, ਕਾਲਾ ਸਿੰਘ ਰੇਤੇ ਵਾਲੀ ਭੈਣੀ, ਤੋਸ਼ਾ ਬਾਈ, ਮਾਲੋ ਬਾਈ, ਰਾਣੋ ਬਾਈ, ਦਰਸ਼ਨ ਸਿੰਘ ਵੱਲੇ ਸ਼ਾਹ ਉਤਾੜ ਅਤੇ ਸਤਨਾਮ ਸਿੰਘ ਝੰਗੜ ਭੈਣੀ ਹਾਜ਼ਰ ਸਨ।

### ਖੇਤ ਮਜ਼ਦੂਰਾਂ ਵੱਲੋਂ...

ਢਹਿ ਗਏ ਹਨ, ਇਹਨਾਂ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ। ਜੇਕਰ ਹੱਕੀ ਅਤੇ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਇਸ ਮੌਕੇ ਜਥੇਬੰਦੀਆਂ ਦੇ ਸੀਨੀਅਰ ਆਗੂ ਸਵਿੰਦਰ ਸਿੰਘ ਚੱਕ, ਅੰਗਰੇਜ਼ ਸਿੰਘ ਲੋਹਕਾ, ਚੰਦ ਸਿੰਘ ਤੂਤ, ਬਿੱਕਰ ਸਿੰਘ ਨੱਥੂ ਚੱਕ, ਪੰਜਾਬ ਨਿਰਮਾਣ ਯੂਨੀਅਨ ਦੇ ਸੀਨੀਅਰ ਆਗੂ ਧਰਮ ਸਿੰਘ ਪੱਟੀ,ਜਸਵੰਤ ਸਿੰਘ ਸੀਤੋ, ਸੱਤਪਾਲ ਸ਼ਰਮਾ ਪੱਟੀ,ਪ੍ਰਵੀਨ ਰਾਣੀ,ਜਗਤਾਰ ਸਿੰਘ ਆਸਲ ਵੀ ਹਾਜ਼ਰ ਸਨ।

### ਸੁਸ਼ੀਲਾ ਕਾਰਕੀ ਅੰਤ੍ਰਿਮ...

ਭਰ ਵਿੱਚ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਪਾਬੰਦੀਆਂ ਦੇ ਹੁਕਮ ਲਾਗੂ ਰਹਿਣਗੇ, ਜਿਸ ਤੋਂ ਬਾਅਦ ਅਗਲੇ ਦਿਨ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਕਰਫਿਊ ਮੁੜ ਸ਼ੁਰੂ ਹੋਣ ਤੋਂ ਪਹਿਲਾਂ ਦੋ ਘੰਟੇ ਦੀ ਢਿੱਲ ਹੋਵੇਗੀ। ਸੋਸ਼ਲ ਮੀਡੀਆ ਉੱਪਰ ਪਾਬੰਦੀ ਵਿਰੁੱਧ ਵੱਡੀ ਪੱਧਰ 'ਤੇ ਹੋਏ ਪ੍ਰਦਰਸ਼ਨਾਂ ਉਪਰੰਤ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਮੰਗਲਵਾਰ ਨੂੰ ਅਸਤੀਫ਼ਾ ਦੇ ਦਿੱਤਾ ਸੀ। ਸੋਸ਼ਲ ਮੀਡੀਆ 'ਤੇ ਪਾਬੰਦੀ ਹਾਲਾਂ ਕਿ ਸੋਮਵਾਰ ਰਾਤ ਨੂੰ ਹਟਾ ਦਿੱਤੀ ਗਈ ਸੀ। ਵਿਰੋਧ ਪ੍ਰਦਰਸ਼ਨਾਂ ਦੇ 5ਵੇਂ ਦਿਨ 17 ਮੌਤਾਂ ਦੀ ਪੁਸ਼ਟੀ ਹੋਣ ਨਾਲ ਨੇਪਾਲ ਵਿੱਚ ਹਿੰਸਾ 'ਚ ਮਰਨ ਵਾਲਿਆਂ ਦੀ ਗਿਣਤੀ 51 ਹੋ ਗਈ ਹੈ। ਇਨ੍ਹਾਂ ਵਿੱਚ ਗਾਜ਼ੀਆਬਾਦ ਦੀ ਰਹਿਣ ਵਾਲੀ ਇਕ ਭਾਰਤੀ ਔਰਤ ਵੀ ਸ਼ਾਮਿਲ ਹੈ।

### ਮੰਤਰੀਆਂ ਵੱਲੋਂ ਹੜ੍ਹ ਪੀੜਤਾਂ...

15 ਨਵੀਆਂ ਐਂਬੂਲੈਂਸਾਂ ਨੂੰ ਹਰੀ ਝੰਡੀ ਦਿਖਾਈ।ਇਸ ਤਾਇਨਾਤੀ ਨਾਲ ਮੋਬਾਈਲ ਮੈਡੀਕਲ ਯੂਨਿਟਾਂ ਦੀ ਕੁੱਲ ਗਿਣਤੀ 38 ਹੋ ਗਈ ਹੈ। ਇਸ ਦੌਰਾਨ, ਸਿੱਖਿਆ, ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪਣੇ ਹਲਕੇ ਵਿੱਚ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਬਹਾਲ ਅਤੇ ਮਜ਼ਬੂਤ ਕਰਨ ਦੇ ਯਤਨਾਂ ਦੀ ਅਗਵਾਈ ਕੀਤੀ। ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਇੱਕ ਸਰਗਰਮ ਉਪਾਅ ਵਜੋਂ ਬੈਂਸ ਨੇ ਬਿਭੌਰ ਸਾਹਿਬ ਵਿਖੇ ਕੰਕਰੀਟ ਰਿਟੇਨਿੰਗ ਵਾਲ ਨੂੰ 400 ਫੁੱਟ ਹੋਰ ਵਧਾਉਣ ਦੇ ਆਦੇਸ਼ ਦਿੱਤੇ ਤਾਂ ਜੋ ਪਹਾੜੀ ਤੋਂ ਮਲਬਾ ਡਿੱਗਣ ਦੇ ਜੋਖਮ ਨੂੰ ਘੱਟ ਕੀਤਾ ਜਾ ਸਕੇ ਅਤੇ ਇਸ ਨੇੜਲੇ ਘਰਾਂ ਦੀਆਂ ਨੀਹਾਂ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਨੇ ਇਥੇ ਮੌਜੂਦਾ ਰਸਤਾ ਮਜ਼ਬੂਤ ਕਰਨ ਅਤੇ 1.40 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਨਵਾਂ ਪੁਲ ਬਣਾਉਣ ਦਾ ਵਾਅਦਾ ਕੀਤਾ ਤਾਂ ਜੋ ਸਾਰੇ ਵਸਨੀਕਾਂ ਲਈ ਆਵਾਜਾਈ ਦਾ ਸੁਚਾਰੂ ਪ੍ਰਵਾਹ ਯਕੀਨੀ ਬਣਾਇਆ ਜਾ ਸਕੇ।ਲਾਲਜੀਤ ਸਿੰਘ ਭੁੱਲਰ ਨੇ ਪੱਟੀ ਵਿਧਾਨ ਸਭਾ ਹਲਕੇ ਵਿੱਚ ਜ਼ਰੂਰੀ ਰਾਹਤ ਸਮੱਗਰੀ ਵੰਡੀ।

# ਬਾਬਾ ਬੁੱਲ੍ਹੇ ਸ਼ਾਹ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਸੰਪੰਨ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਪੰਜਾਬ ਦੀ ਸੂਫ਼ੀ ਪ੍ਰੰਪਰਾ ਅਤੇ ਲੋਕ ਸੱਭਿਆਚਾਰ ਨੂੰ ਜੀਵੰਤ ਕਰਨ ਵਾਲਾ ਬਾਬਾ ਬੁੱਲ੍ਹੇ ਸ਼ਾਹ ਦਾ ਸਲਾਨਾ ਜੋੜ ਮੇਲਾ ਇਸ ਸਾਲ ਵੀ ਆਪਣੀ ਭਵਿਆਤਾ ਅਤੇ ਆਧਿਆਤਮਿਕ ਰੌਣਕ ਨਾਲ ਸਭ ਨੂੰ ਮੋਹ ਲੈ ਗਿਆ।ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਕੰਧ ਵਾਲਾ ਹਾਜ਼ਰ ਖਾਂ ਵਿੱਚ ਆਯੋਜਤ ਸੱਤ ਦਿਵਸੀ ਇਹ 56ਵਾਂ ਸਲਾਨਾ ਮੇਲਾ ਕੱਲ੍ਹ ਉਤਸ਼ਾਹ ਤੇ ਸ਼ਰਧਾ ਦੇ ਮਾਹੌਲ ਵਿੱਚ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ।ਪਿਛਲੇ ਸਾਰੇ ਹਫ਼ਤੇ ਪਿੰਡ ਦੇ ਹਰ ਕੋਨੇ ਵਿੱਚ ਭਗਤੀ-ਭਾਵ, ਕੀਰਤਨ, ਖੇਡ ਮੁਕਾਬਲੇ ਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਗੂੰਜ ਸੁਣਾਈ ਦਿੰਦੀ ਰਹੀ।ਸਮਾਪਨ ਸਮਾਰੋਹ ਨੂੰ ਖ਼ਾਸ ਬਣਾਉਣ ਲਈ ਕਈ ਨਾਮੀ ਹਸਤੀਆਂ ਨੇ ਸ਼ਿਰਕਤ ਕੀਤੀ।ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਵਿਧਾਇਕ ਜਗਦੀਪ ਕੰਬੋਜ ਗੋਲਡੀ, ਐਸ.ਐਸ.ਪੀ. ਫ਼ਾਜ਼ਿਲਕਾ ਗੁਰਮੀਤ ਸਿੰਘ, ਅਕਾਲੀ ਦਲ ਹਲਕਾ ਇੰਚਾਰਜ ਸਤਿੰਦਰਜੀਤ ਸਿੰਘ ਮੰਟਾ, ਸਾਬਕਾ ਵਿਧਾਇਕ ਰਮਿੰਦਰ ਆਵਲਾ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਦਵਿੰਦਰ ਸਿੰਘ ਘੁਬਾਇਆ ਨੇ ਵਿਸ਼ੇਸ਼ ਹਾਜ਼ਰੀ ਭਰੀ।ਪਿੰਡ ਵਾਸੀਆਂ ਤੇ ਮੇਲਾ ਕਮੇਟੀ ਨੇ ਸਾਰੇ ਮਹਿਮਾਨਾਂ ਦਾ ਤਹਿ-ਦਿਲੋਂ ਸਵਾਗਤ ਕਰਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ।ਗ੍ਰਾਮ ਪੰਚਾਇਤ ਦੇ ਸਰਪੰਚ ਪ੍ਰਗਟ ਸਿੰਘ ਸ਼ੀਨਾ ਨੇ ਦੱਸਿਆ ਕਿ ਮੇਲੇ ਦੀ ਸਫ਼ਲਤਾ ਪਿੰਡ ਦੀ ਸਾਂਝੀ ਸੇਵਾ ਤੇ ਆਪਸੀ ਸਹਿਯੋਗ ਦਾ ਨਤੀਜਾ ਹੈ।ਮੇਲਾ ਕਮੇਟੀ ਦੇ ਸਰਪਰਸਤ ਦਰਸ਼ਨ ਸਿੰਘ ਸੰਧੂ (ਸੇਵਾਮੁਕਤ ਡੀ.ਐਸ.ਪੀ) ਦੀ ਰਹਿਨੁਮਾਈ ਹੇਠ ਚੇਅਰਮੈਨ ਸੁਖਜਿੰਦਰ ਸਿੰਘ, ਖ਼ਜ਼ਾਨਚੀ ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਮਨਜੀਤ ਸਿੰਘ ਸਮੇਤ ਕਈ ਨੌਜਵਾਨਾਂ ਨੇ ਦਿਨ-ਰਾਤ ਮਿਹਨਤ ਕਰਕੇ ਹਰ ਪ੍ਰਬੰਧ ਸੁਚਾਰੂ ਬਣਾਇਆ।ਖੇਡ ਮੁਕਾਬਲੇ ਮੇਲੇ ਦਾ ਖ਼ਾਸ ਆਕਰਸ਼ਣ ਰਹੇ।ਲਗਭਗ ਇੱਕ ਦਰਜਨ ਕਬੱਡੀ ਟੀਮਾਂ ਨੇ ਜੋਸ਼ ਅਤੇ ਜਜ਼ਬੇ ਨਾਲ ਹਿੱਸਾ ਲਿਆ।ਫੁੱਟਬਾਲ ਤੇ ਵਾਲੀਬਾਲ ਦੇ ਰੋਮਾਂਚਕ ਮੁਕਾਬਲੇ ਵੀ ਦਰਸ਼ਕਾਂ ਨੂੰ ਬਹੁਤ ਭਾਏ।ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਸਨਮਾਨ-ਪੱਤਰ ਦੇ ਕੇ ਪ੍ਰੋਤਸਾਹਿਤ ਕੀਤਾ ਗਿਆ।ਮਸ਼ਹੂਰ ਗਾਇਕ ਗੁਰਨਾਮ ਸਿੱਧੂ ਅਤੇ ਹਰਪ੍ਰੀਤ ਢਿੱਲੋਂ ਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਬਾਬਾ ਬੁੱਲ੍ਹੇ ਸ਼ਾਹ ਜੀ ਦੀਆਂ ਸੂਫ਼ੀ ਕਵਿਤਾਵਾਂ ਅਤੇ ਕਲਾਮਾਂ ਦੀ ਗੂੰਜ ਨੇ ਪੂਰੇ ਪੰਡਾਲ ਨੂੰ ਆਧਿਆਤਮਕ ਮਾਹੌਲ ਨਾਲ ਭਰ ਦਿੱਤਾ।

# ਐਸ ਡੀ ਐਮ ਨੂੰ ਮੁਆਵਜ਼ੇ ਲਈ ਦਿੱਤਾ ਮੰਗ ਪੱਤਰ



**ਦੋਰਾਹਾ (ਹਰਮਿੰਦਰ ਸੇਠ)**-ਝੋਨੇ ਨੂੰ ਬੌਣਾ ਰੋਗ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲੈਣ ਸਬੰਧੀ ਐਸ ਡੀ ਐਮ ਪਾਇਲ ਨੂੰ ਬੀਕਿਯੂ ਏਕਤਾ ਉਗਰਾਹਾਂ ਤੇ ਪੀੜਤਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ। ਐਸ ਡੀ ਐਮ ਆਪ ਬਾਹਰ ਹੋਣ ਕਾਰਨ ਸੁਪਰਡੈਂਟ ਕੁਲਦੀਪ ਸ਼ਰਮਾ ਨੇ ਮੰਗ ਪੱਤਰ ਲਿਆ ਤੇ ਅਗਲੀ ਕਾਰਵਾਈ ਕਰਨ ਲਈ ਭੇਜਿਆ। ਆਗੂਆਂ ਕਿਹਾ ਕਿ ਪਹਿਲਾਂ ਝੋਨਾ ਲਾਉਣ ਵੇਲੇ ਮੀਂਹਾਂ ਨਾਲ ਫ਼ਸਲਾਂ ਦਾ ਨੁਕਸਾਨ ਹੋਇਆ ਤੇ ਮਹੀਨੇ ਕੁ ਬਾਅਦ ਝੋਨੇ 'ਚ ਬੌਣਾ ਰੋਗ (ਬੂਟੇ ਮੱਧਰੇ) ਵਾਲਾ ਲੱਗ ਗਿਆ। ਪਿੰਡ ਘੁਡਾਣੀ ਕਲਾਂ ਵਿੱਚ ਵੀ ਇਕ ਦਰਜਨ ਕਿਸਾਨ ਕੁਲਵਿੰਦਰ ਸਿੰਘ, ਮੋਹਨ ਸਿੰਘ, ਰਣਜੀਤ ਸਿੰਘ ਰਾਣਾ, ਪਰਵਿੰਦਰ ਸਿੰਘ, ਦਰਸ਼ਨ ਸਿੰਘ, ਹਰਜਿੰਦਰ ਸਿੰਘ, ਸਵਰਨ ਸਿੰਘ, ਪਰਮਿੰਦਰ ਸਿੰਘ, ਸੁਦਾਗਰ ਸਿੰਘ, ਜਾਗਰ ਸਿੰਘ ਤੇ ਹਰਵਿੰਦਰ ਸਿੰਘ ਦੀ 40 ਏਕੜ ਝੋਨੇ ਦੀ ਫਸਲ ਬੁਰੀ ਤਰ੍ਹਾਂ ਨੁਕਸਾਨੀ ਗਈ। ਮਹਿਕਮੇ ਵਾਲਿਆਂ ਦੇ ਕਹਿਣ 'ਤੇ ਦੋ-ਤਿੰਨ ਸਪਰੇਆਂ ਵੀ ਕਰਾਈਆਂ, ਪਰ ਜਿਉਂ-ਜਿਉਂ ਦਵਾਈ ਕੀ, ਮਰਜ਼ ਔਰ ਬਿਗੜਤਾ ਗਿਆ, ਵਾਲੀ ਗੱਲ ਵਾਪਰ ਗਈ। ਆਗੂਆਂ ਮੰਗ ਕੀਤੀ ਕਿ ਫੌਰੀ ਗਿਰਦਾਵਰੀਆਂ ਕਰਾ ਕੇ ਪੀੜਤਾਂ ਨੂੰ ਮੁਆਵਜ਼ਾ ਦਿਵਾਇਆ ਜਾਵੇ।

# ਪੈਨਸ਼ਨਰਜ਼ ਪਾਵਰਕਾਮ ਐਸੋਸੀਏਸ਼ਨ ਵੱਲੋਂ ਮੰਗਾਂ ਸੰਬੰਧੀ ਦਿੱਤਾ ਧਰਨਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੈਨਸ਼ਨਰਜ਼ ਪਾਵਰਕਾਮ ਐਸੋਸੀਏਸ਼ਨ ਦੇ ਸੱਦੇ 'ਤੇ ਸਰਕਲ ਪੱਧਰ ਦਾ ਧਰਨਾ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਵੱਲੋਂ ਦਫ਼ਤਰ ਪਾਵਰਕਾਮ ਦੇ ਸਾਹਮਣੇ 220 ਕੇਵੀ ਬਿਜਲੀ ਬੋਰਡ ਕੰਪਲੈਕਸ ਵਿਖੇ ਦਿੱਤਾ ਗਿਆ, ਜਿਸ ਦੀ ਪ੍ਰਧਾਨਗੀ ਸੁਰਿੰਦਰ ਸ਼ਰਮਾ ਨੇ ਕੀਤੀ। ਧਰਨੇ ਵਿੱਚ ਪਾਵਰਕਾਮ ਦੀ ਮੈਨੇਜਮੈਂਟ ਨੂੰ ਜਥੇਬੰਦੀ ਵੱਲੋਂ 16 ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ 1-1-2016 ਤੋਂ ਪਹਿਲਾਂ ਰਿਟਾਇਰਡ ਹੋਏ ਪੈਨਸ਼ਨਰਾਂ ਨੂੰ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ 2.59 ਦਾ ਗੁਣਾਂਕ ਨਾਲ ਸਕੇਲ ਦਿੱਤਾ ਜਾਵੇ, ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਏਰੀਆ ਦਿੱਤਾ ਜਾਵੇ, ਕੇਂਦਰ ਸਰਕਾਰ ਤੇ ਗੁਆਂਢੀ ਰਾਜਾਂ ਹਿਮਾਚਲ, ਹਰਿਆਣਾ ਦੀ ਤਰਜ਼ 'ਤੇ 55 ਪ੍ਰਤੀਸ਼ਤ ਡੀਏ ਜਾਰੀ ਕੀਤਾ ਜਾਵੇ, ਜਦਕਿ ਹੁਣ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਜ਼ 42 ਪ੍ਰਤੀਸ਼ਤ ਡੀਏ ਲੈ ਰਹੇ ਹਨ। ਕੈਸ਼ਲੈੱਸ ਸਕੀਮ ਲਾਗੂ ਕੀਤੀ ਜਾਵੇ, ਮੈਡੀਕਲ ਭੱਤਾ 1000 ਰੁਪਏ ਤੋਂ ਵਧਾ ਕੇ 2000 ਰੁਪਏ ਕੀਤਾ ਜਾਵੇ, ਨਿੱਜੀਕਰਨ ਬੰਦ ਕੀਤਾ ਜਾਵੇ, ਠੇਕੇ ਦੇ ਆਧਾਰ 'ਤੇ ਭਰਤੀ ਬੰਦ ਕਰਕੇ ਰੈਗੂਲਰ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇ ਤੋਂ ਇਲਾਵਾ 16 ਮੰਗਾਂ ਦਾ ਮੰਗ ਪੱਤਰ ਬਿਜਲੀ ਬੋਰਡ ਨੂੰ ਦਿੱਤਾ ਜਾ ਚੁੱਕਾ ਹੈ ਤੇ ਮੰਗ ਕੀਤੀ ਗਈ ਕਿ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਸਾਰੇ ਪੰਜਾਬ ਦੇ ਵੱਖ-ਵੱਖ ਸਰਕਲਾਂ ਵਿਚ ਧਰਨੇ ਸਤੰਬਰ ਮਹੀਨੇ ਵਿੱਚ ਦੇਣ ਤੋਂ ਬਾਅਦ ਅਕਤੂਬਰ ਮਹੀਨੇ ਦੇ ਆਖਿਰ ਵਿਚ ਬਿਜਲੀ ਬੋਰਡ ਹੈੱਡ ਆਫਿਸ ਪਟਿਆਲਾ ਦੇ ਸਾਹਮਣੇ ਪੰਜਾਬ ਪੱਧਰ ਦਾ ਧਰਨਾ ਦਿੱਤਾ ਜਾਵੇਗਾ।

# ਮੋਦੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਪੈਸਿਆਂ ਦੇ ਨਾਂਅ 'ਤੇ ਦਿਖਾਈ ਘੂਰੀ : ਮੋਹਿਤ ਮਹਿੰਦਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਆਏ ਹੜ੍ਹਾਂ ਨੇ ਲੋਕਾਂ ਦੇ ਜੀਵਨ ਨੂੰ ਤਬਾਹੀ ਦੇ ਕੰਢੇ ਤੇ ਖੜਾ ਕਰ ਦਿੱਤਾ ਹੈ।ਯੂਥ ਪ੍ਰਧਾਨ ਪੰਜਾਬ ਮੋਹਿਤ ਮਹਿੰਦਰਾ ਨੇ ਕਿਹਾ ਕਿ 1900 ਪਿੰਡ ਪਾਣੀ ਹੇਠ ਆ ਗਏ, 3.8 ਲੱਖ ਪਰਵਾਰ ਬੇਘਰ ਹੋ ਗਏ, ਜਦਕਿ 20 ਲੱਖ ਤੋਂ ਵੱਧ ਲੋਕਾਂ ਦੇ ਜੀਵਨ 'ਤੇ ਸਿੱਧਾ ਅਸਰ ਪਿਆ ਹੈ।ਇਸ ਤੋਂ ਇਲਾਵਾ 4 ਲੱਖ ਹੈਕਟੇਅਰ ਤੋਂ ਵੱਧ ਖੇਤੀਬਾੜੀ ਦੀ ਜ਼ਮੀਨ ਪੂਰੀ ਤਰ੍ਹਾਂ ਖਰਾਬ ਹੋ ਗਈ ਹੈ, ਜਿਸ ਨਾਲ ਕਿਸਾਨਾਂ ਦਾ ਭਵਿੱਖ ਹਨੇਰੇ ਵਿੱਚ ਧੱਕਿਆ ਗਿਆ ਹੈ। ਮੋਹਿਤ ਮਹਿੰਦਰਾ ਨੇ ਕੇਂਦਰ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵਲੋਂ ਹੜ੍ਹ ਪੀੜਤਾਂ ਲਈ ਸਿਰਫ਼ 1600 ਕਰੋੜ ਰੁਪਏ ਦਾ ਫੰਡ ਐਲਾਨਿਆ ਗਿਆ ਹੈ ਅਤੇ ਦੂਜੇ ਪਾਸੇ ਜ਼ਮੀਨੀ ਹਕੀਕਤ ਮੁਤਾਬਕ ਲੋਕਾਂ ਨੂੰ ਅਜੇ ਤੱਕ ਕੋਈ ਅਸਲੀ ਰਾਹਤ ਨਹੀਂ ਮਿਲਦੀ ਨਜ਼ਰ ਨਹੀਂ ਆ ਰਹੀ।ਉਨ੍ਹਾਂ ਤਿੱਖੇ ਸ਼ਬਦਾਂ 'ਚ ਕਿਹਾ ਕਿ ਪੰਜਾਬ ਸਰਕਾਰ ਨੇ ਵੀ ਇਸ਼ਤਿਹਾਰਾਂ ਤੇ ਦਿੱਲੀ ਦੇ ਆਕਾਵਾਂ ਨੂੰ ਖੁਸ਼ ਕਰਨ ਦੇ ਚੱਕਰ ਵਿੱਚ ਬਹੁਤ ਪੈਸੇ ਬਰਬਾਦ ਕੀਤੇ ਹਨ, ਜਿਸ ਕਾਰਨ ਪੰਜਾਬ ਸਰਕਾਰ ਵਲੋਂ ਵੀ ਕਿਸਾਨਾਂ ਤੇ ਹੜ੍ਹ ਪੀੜਤਾਂ ਲਈ ਕੋਈ ਢੰਗ ਦਾ ਪੈਕੇਜ ਜਾਰੀ ਨਹੀਂ ਕੀਤਾ ਗਿਆ।ਉਨ੍ਹਾਂ ਨੇ ਸਵਾਲ ਉਠਾਇਆ ਕਿ ਜੇ ਸੱਚਮੁੱਚ 12 ਹਜ਼ਾਰ ਕਰੋੜ ਕੇਂਦਰ ਵੱਲੋਂ ਰਾਹਤ ਦਿੱਤੀ ਗਈ ਸੀ ਤਾਂ ਉਹ ਕਿੱਥੇ ਗਏ। ਜੇ ਪੈਸੇ ਮਿਲੇ ਹੀ ਨਹੀਂ, ਤਾਂ ਕੇਂਦਰ ਸਰਕਾਰ ਪੰਜਾਬੀਆਂ ਨਾਲ ਕੋਝਾ ਮਜ਼ਾਕ ਕਿਉਂ ਕਰ ਰਹੀ ਹੈ, ਜੇ ਮਿਲੇ ਹਨ ਤਾਂ ਫਿਰ ਪੰਜਾਬ ਸਰਕਾਰ ਡਕਾਰ ਗਈ ਹੈ।ਦੋਵੇਂ ਹਾਲਤਾਂ 'ਚ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ।

# ਨਰਸ ਦੇ ਕਤਲ ਮਾਮਲੇ 'ਚ ਸਾਬਕਾ ਪੁਲਸ ਮੁਲਾਜ਼ਮ ਨੂੰ ਉਮਰ ਕੈਦ

**ਪੰਚਕੂਲਾ** : ਪੰਚਕੂਲਾ ਦੇ ਇੱਕ ਨਿੱਜੀ ਹਸਪਤਾਲ ਦੀ ਨਰਸ ਦੇ ਕਤਲ ਮਾਮਲੇ ਵਿਚ ਮੋਹਾਲੀ ਕੋਰਟ ਨੇ ਵੱਡਾ ਫੈਸਲਾ ਸੁਣਾਉਂਦੇ ਹੋਏ ਸਾਬਕਾ ਪੁਲਸ ਕਰਮਚਾਰੀ ਰਸ਼ਪਾਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਨਿੱਜੀ ਹਸਪਤਾਲ ਦੀ ਨਰਸ ਨਸੀਬ ਕੌਰ ਦਾ 3 ਸਾਲ ਪਹਿਲਾਂ ਪੰਜਾਬ ਦੇ ਮੋਹਾਲੀ ਵਿੱਚ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਮੋਹਾਲੀ ਜ਼ਿਲ੍ਹਾ ਅਦਾਲਤ ਨੇ ਨਰਸ ਦੇ ਪ੍ਰੇਮੀ ਸਾਬਕਾ ਪੁਲਸ ਕਰਮਚਾਰੀ ਰਸ਼ਪਾਲ ਸਿੰਘ ਨੂੰ ਆਈ ਪੀ ਸੀ ਦੀ ਧਾਰਾ 302 ਦੇ ਤਹਿਤ ਉਮਰ ਕੈਦ ਦੇ ਨਾਲ 40,000 ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਸ ਦੇ ਨਾਲ ਹੀ ਸਬੂਤ ਨਸ਼ਟ ਕਰਨ ਦੇ ਦੋਸ਼ ਵਿੱਚ 3 ਸਾਲ ਦੀ ਸਖ਼ਤ ਕੈਦ ਅਤੇ 10,000 ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ। ਇਸ ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਮਾਮਲਾ 13 ਨਵੰਬਰ 2022 ਦਾ ਹੈ, ਜਦੋਂ ਨਸੀਬ ਕੌਰ ਦੀ ਲਾਸ਼ ਸੋਹਾਣਾ ਪਿੰਡ ਦੇ ਤਲਾਅ ਦੇ ਕੋਲ ਸ਼ੱਕੀ ਹਾਲਾਤ ਵਿੱਚ ਮਿਲੀ ਸੀ। ਇਹ ਮਾਮਲਾ ਪੁਲਸ ਲਈ ਇੱਕ ਬੁਝਾਰਤ ਬਣ ਗਿਆ ਸੀ। ਕਤਲ ਤੋਂ 11 ਦਿਨ ਬਾਅਦ ਪੁਲਸ ਨੇ ਰਸ਼ਪਾਲ ਸਿੰਘ ਨੂੰ ਸੈਕਟਰ 67, ਮੋਹਾਲੀ ਤੋਂ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਦੌਰਾਨ ਉਸ ਨੇ ਕਬੂਲ ਕੀਤਾ ਕਿ ਉਹ ਕਤਲ ਵਾਲੀ ਰਾਤ ਨਸੀਬ ਕੌਰ ਨਾਲ ਸ਼ਰਾਬ ਪੀ ਰਿਹਾ ਸੀ। ਨਸੀਬ ਬਹੁਤ ਜ਼ਿਆਦਾ ਸ਼ਰਾਬ ਪੀਣ ਤੋਂ ਬਾਅਦ ਬੇਸੁੱਧ ਹੋ ਗਈ ਸੀ। ਇਸ ਦੌਰਾਨ ਜਦੋਂ ਉਸ ਨੇ ਰਸ਼ਪਾਲ ਸਿੰਘ 'ਤੇ ਵਿਆਹ ਲਈ ਦਬਾਅ ਪਾਇਆ ਤਾਂ ਉਸ ਨੇ ਗੁੱਸੇ ਵਿੱਚ ਉਸ ਦਾ ਗਲਾ ਘੁੱਟ ਦਿੱਤਾ। ਇਸ ਤੋਂ ਬਾਅਦ ਉਸ ਨੇ ਲਾਸ਼ ਨੂੰ ਸਕੂਟੀ 'ਤੇ ਲਿਜਾ ਕੇ ਇੱਕ ਤਲਾਅ ਦੇ ਕੋਲ ਸੁੱਟ ਦਿੱਤਾ। ਸੀ ਸੀ ਟੀ ਵੀ ਫੁਟੇਜ ਵਿੱਚ ਉਹ ਲਾਸ਼ ਨੂੰ ਚੁੱਕਦਾ ਹੋਇਆ ਕੈਦ ਹੋ ਗਿਆ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਰਸ਼ਪਾਲ ਅਤੇ ਨਸੀਬ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਹੇ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹਥਿਆਰਾਂ ਦੀ ਤਸਕਰੀ ਦਾ ਮੁੱਖ ਦੋਸ਼ੀ ਛੇ ਮੁਲਜ਼ਮਾਂ ਸਮੇਤ ਗ੍ਰਿਫ਼ਤਾਰ

**● 6 ਹਥਿਆਰ ਅਤੇ 5.75 ਲੱਖ ਰੁਪਏ ਹਵਾਲਾ ਰਾਸ਼ੀ ਬਰਾਮਦ**



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-** ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਛੇ ਮੈਂਬਰਾਂ ਨੂੰ 6 ਆਧੁਨਿਕ ਹਥਿਆਰਾਂ ਅਤੇ 5.75 ਲੱਖ ਰੁਪਏ ਦੀ ਹਵਾਲਾ ਰਾਸ਼ੀ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਸੰਗਠਿਤ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪ੍ਰਗਟ ਸਿੰਘ ਵਾਸੀ ਪਿੰਡ ਵਾਨ ਤਾਰਾ ਸਿੰਘ, ਤਰਨਤਾਰਨ; ਅਜੈਬੀਰ ਸਿੰਘ ਉਰਫ਼ ਅਜੈ ਵਾਸੀ ਗਲੀ ਪੰਜਾਬ ਸਿੰਘ, ਅੰਮ੍ਰਿਤਸਰ; ਕਰਨਬੀਰ ਸਿੰਘ ਉਰਫ਼ ਕਰਨ ਵਾਸੀ ਪਾਲ ਐਵੇਨਿਊ, ਅੰਮ੍ਰਿਤਸਰ; ਰਾਮ ਵਾਸੀ ਪਾਲ ਐਵੇਨਿਊ, ਅੰਮ੍ਰਿਤਸਰ; ਮਹਿਕਪ੍ਰੀਤ ਸਿੰਘ ਉਰਫ਼ ਰੋਹਿਤ, ਅਫ਼ਸਰ ਕਲੋਨੀ, ਅੰਮ੍ਰਿਤਸਰ ਅਤੇ ਦਿਨੇਸ਼ ਕੁਮਾਰ ਵਾਸੀ ਆਦਮਪੁਰ, ਜਲੰਧਰ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਇੱਕ 9 ਐੱਮਐੱਮ ਗਲੋਕ, ਤਿੰਨ .30 ਬੋਰ ਪੀਐੱਕਸ-5 ਪਿਸਤੌਲ, ਇੱਕ .32 ਬੋਰ ਅਤੇ .30 ਬੋਰ ਪਿਸਤੌਲ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਸਿੰਡੀਕੇਟ ਗ੍ਰਿਫ਼ਤਾਰ ਮੁਲਜ਼ਮ ਮਹਿਕਪ੍ਰੀਤ ਸਿੰਘ ਉਰਫ਼ ਰੋਹਿਤ ਵੱਲੋਂ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ ਹੇਠ ਚਲਾਇਆ ਜਾ ਰਿਹਾ ਸੀ।ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ ਜਾਂਚ ਦੇ ਵੱਖ-ਵੱਖ ਪੜਾਵਾਂ ਤੇ ਕਈ ਬਰਾਮਦਗੀਆਂ ਹੋਈਆਂ ਹਨ।ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਦੋਸ਼ੀ ਪ੍ਰਗਟ ਸਿੰਘ ਨੂੰ ਪਹਿਲਾਂ ਦੋ ਹਥਿਆਰਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ, ਜੋ ਕਿ ਸਰਹੱਦ ਪਾਰ ਦੀਆਂ ਖੇਪਾਂ ਦਾ ਹਿੱਸਾ ਸਨ ਅਤੇ ਨੈੱਟਵਰਕ ਰਾਹੀਂ ਅੱਗੇ ਵੰਡੇ ਜਾਣੇ ਸਨ।ਅਜੈਬੀਰ, ਕਰਨਬੀਰ ਅਤੇ ਸ੍ਰੀ ਰਾਮ ਨੂੰ ਇੱਕ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਗਿਆ।ਮਹਿਕਪ੍ਰੀਤ ਜੋ ਮਾਡਿਊਲ ਦੇ ਮੁੱਖ ਸਰਗਨਾ ਹੈ, ਨੂੰ ਗਿਆ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦੌਰਾਨ ਦੋਸ਼ੀ ਦਿਨੇਸ਼ ਨੂੰ 5.75 ਲੱਖ ਰੁਪਏ ਹਵਾਲਾ ਰਾਸ਼ੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ।ਇਸ ਸਬੰਧੀ ਕੇਸ ਅੰਮ੍ਰਿਤਸਰ ਦੇ ਥਾਣਾ ਗੇਟ ਹਕੀਮਾਂ ਵਿਖੇ ਅਸਲਾ ਐਕਟ ਦੀ ਧਾਰਾ 25 ਤਹਿਤ ਐੱਫਆਈਆਰ ਨੰਬਰ 218 ਮਿਤੀ 18-08-2025 ਨੂੰ ਦਰਜ ਕੀਤਾ ਗਿਆ ਹੈ।

# ਹੜ੍ਹਾਂ ਨਾਲ ਜ਼ਿਲ੍ਹੇ ਦੇ 161 ਪ੍ਰਾਇਮਰੀ ਸਕੂਲ ਪ੍ਰਭਾਵਿਤ ਹੋਏ : ਜ਼ਿਲ੍ਹਾ ਸਿੱਖਿਆ ਅਫਸਰ

**ਅਜਨਾਲਾ (ਸੁਖਵਿੰਦਰ ਸਿੰਘ ਰਾਜੂ)-** ਬੀਤੇ ਕੁਝ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੈਂਦੇ ਜ਼ਿਆਦਾਤਰ ਸਰਕਾਰੀ ਪ੍ਰਾਇਮਰੀ ਸਕੂਲ ਹੜ੍ਹਾਂ ਅਤੇ ਮੀਂਹ ਦੇ ਪਾਣੀਆਂ ਕਾਰਨ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੰਵਲਜੀਤ ਸਿੰਘ ਸੰਧੂ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਅੰਮ੍ਰਿਤਸਰ ਵੱਲੋਂ ਸੂਬੇ ਵਿੱਚ ਹੋਈ ਭਾਰੀ ਬਰਸਾਤ ਉਪਰੰਤ ਦੁਬਾਰਾ ਖੋਲ੍ਹੇ ਗਏ ਸਰਕਾਰੀ ਸਕੂਲ (ਜਿਨ੍ਹਾਂ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਲਦੇਹ, ਰਾਣੇਵਾਲੀ, ਅਦਲੀਵਾਲਾ, ਬੂਆਨੰਗਲੀ, ਸਹਿੰਸਰਾ, ਰਾਜਾਸਾਂਸੀ) ਦਾ ਮੁਆਇਨਾ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗਲੱਬਾਤ ਦੌਰਾਨ ਕੀਤਾ।ਸ. ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮੀਂਹ ਅਤੇ ਹੜਾਂ ਦੇ ਪਾਣੀਆਂ ਕਾਰਨ ਕਰੀਬ 161 ਸਰਕਾਰੀ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਪ੍ਰਭਾਵਿਤ ਹੋਈਆਂ ਹਨ ਜਿਨ੍ਹਾਂ ਦਾ ਲੋਕ ਨਿਰਮਾਣ ਵਿਭਾਗ ਅਤੇ ਸਿੱਖਿਆ ਵਿਭਾਗ ਦੀਆਂ ਸਾਂਝੀਆਂ ਟੀਮਾਂ ਵਲੋਂ ਮੁਆਇਨਾ ਕੀਤਾ ਜਾ ਰਿਹਾ ਹੈ। ਇਸ ਸਮੇਂ ਸ. ਸੰਧੂ ਨੇ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਹਾਇਤਾ ਲਈ ਹੈਲਪ ਲਾਈਨ ਨੰਬਰ 7973-696051 ਜਾਰੀ ਕੀਤਾ ਜਿਥੇ ਪ੍ਰਾਇਮਰੀ ਅਧਿਆਪਕ ਅਤੇ ਵਿਦਿਆਰਥੀ ਹੜਾਂ ਉਪਰੰਤ ਸਕੂਲਾਂ ਦੀਆਂ ਇਮਾਰਤਾਂ ਅਤੇ ਮੁਸ਼ਕਿਲਾਂ ਸੰਬੰਧੀ ਸੰਪਰਕ ਕਰ ਸਕਦੇ ਹਨ।ਇਸ ਸਮੇਂ ਉਨ੍ਹਾਂ ਨਾਲ ਦਲਜੀਤ ਸਿੰਘ ਬੀਈਈਓ, ਰਜਿੰਦਰ ਸਿੰਘ ਏਸੀ. ਸਮਾਰਟ ਸਕੂਲ, ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਰਾਜਪਾਲ ਸਿੰਘ ਉਪਲ, ਇੰਦਰਪਾਲ ਸਿੰਘ ਬੋਹਲੀਆਂ, ਗੁਰਿੰਦਰ ਸਿੰਘ ਘੁੱਕੇਵਾਲੀ, ਮੁਨੀਸ਼ ਕੁਮਾਰ ਮੇਘ, ਅਮਨਦੀਪ ਸਿੰਘ ਮਹਿਲਾਂਵਾਲਾ, ਅਮਰਪ੍ਰੀਤ ਸਿੰਘ, ਸੁਰਿੰਦਰ ਸਿੰਘ ਸੀਨੀਅਰ ਸਹਾਇਕ ਹਾਜਰ ਸਨ।



# ਬੇਟ ਇਲਾਕੇ ਦੇ ਨੀਵੇਂ ਖੇਤਰ 'ਚ ਖੜ੍ਹਾ ਮੀਂਹ ਦਾ ਪਾਣੀ ਅਨੇਕਾਂ ਬਿਮਾਰੀਆਂ ਨੂੰ ਦੇ ਰਿਹਾ ਸੱਦਾ

**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ ਦੇ ਬੇਟ ਤੇ ਨੀਵੇਂ ਇਲਾਕਿਆਂ ਵਿਚ ਮੀਂਹ ਦਾ ਪਾਣੀ ਖੜਾ ਰਹਿਣ ਨਾਲ ਭੈੜੀ ਬਦਬੂ ਫੈਲ ਗਈ ਹੈ ਅਤੇ ਲੋਕ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦੀ ਗ੍ਰਿਫਤ ਵਿਚ ਆ ਸਕਦੇ ਹਨ। ਖਾਸ ਕਰਕੇ ਗੰਦੇ ਪਾਣੀ ਨੇ ਪਿੰਡ ਨੰਗਲ ਲਮੀਨ, ਕਰਾਲ, ਢਾਵਾ ਤੇ ਹੋਰ ਪਿੰਡਾਂ ਦਾ ਜੀਵਨ ਦੁੱਭਰ ਕੀਤਾ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲੰਬੜਦਾਰ ਹਰਭਜਨ ਸਿੰਘ, ਤਰਸੇਮ ਲਾਲ ਸ਼ਰਮਾ, ਤਜਿੰਦਰ ਸਿੰਘ, ਬਲਵਿੰਦਰ ਸਿੰਘ, ਠਾਕਰ ਵਿਜੇ ਸਿੰਘ ਤੇ ਹੋਰ ਅਨੇਕਾਂ ਰਾਹਗੀਰਾਂ ਨੇ ਦੱਸਿਆ ਕਿ ਇਲਾਕਿਆਂ ਅੰਦਰ ਏਨੀ ਭੈੜੀ ਬਦਬੂ ਫੈਲੀ ਹੋਈ ਹੈ ਕਿ ਲੋਕਾਂ ਦਾ ਘਰੋਂ ਨਿਕਲਣਾ ਵੀ ਔਖਾ ਹੋਇਆ ਪਿਆ ਹੈ। ਉਨ੍ਹਾਂ ਦੱਸਿਆ ਕਿ ਸੱਪ ਨਾਲਿਆਂ 'ਤੇ ਜੋ ਪੁਲੀਆਂ ਪਈਆਂ ਹਨ ਉਥੇ ਲੋਕਾਂ ਨੇ ਮਰੇ ਹੋਏ ਪਸ਼ੂ ਸੁੱਟੇ ਹੋਏ ਹਨ ਅਤੇ ਲੋਕਾਂ ਦਾ ਸਾਹ ਲੈਣਾ ਵੀ ਬੜਾ ਮੁਸ਼ਕਿਲ ਹੋਇਆ ਪਿਆ ਹੈ। ਲੋਕ ਜ਼ਿਆਦਾਤਰ ਮਲੇਰੀਆ, ਡੇਂਗੂ ਤੇ ਦਸਤ ਵਰਗੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ ਜਦੋਂ ਕਿ ਗੁਰਦਾਸਪੁਰ ਸਿਵਲ ਸਿਰਜਨ ਪਿੰਡਾਂ 'ਚ ਪਾਣੀ ਦੇ ਹਾਲਾਤ ਬਾਰੇ ਪਹਿਲਾਂ ਹੀ ਜਾਣੂੰ ਹਨ ਅਤੇ ਉਹ ਵੀ ਬੇਟ ਇਲਾਕੇ ਅੰਦਰ ਪਿੰਡਾਂ ਦੀ ਸਿਹਤ ਸੇਵਾਵਾਂ ਵੱਲ ਕੋਈ ਧਿਆਨ ਨਹੀਂ ਦੇ ਰਹੇ। ਉਨ੍ਹਾਂ ਦੱਸਿਆ ਕਿ ਜਿਉਂ-ਜਿਉਂ ਤੇਜ਼ ਧੁੱਪ ਪੈ ਰਹੀ ਹੈ ਅਤੇ ਪਾਣੀ ਉਬਾਲੇ ਮਾਰ ਕੇ ਮੱਖੀ, ਮੱਛਰ ਤੇ ਹੋਰ ਕਈ ਤਰ੍ਹਾਂ ਦੇ ਕੀੜੇ-ਮਕੌੜੇ ਪੈਦਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀਆਂ ਸਿਹਤ ਸੁਵਿਧਾਵਾਂ ਵਿਚ ਮੁਸ਼ਕਿਲ ਆ ਰਹੀ ਹੈ ਅਤੇ ਪਿੰਡਾਂ ਵਿਚ ਸਪਰੇਅ ਵੀ ਨਹੀਂ ਹੋ ਰਹੀ ਅਤੇ ਲੋਕ ਕਈ ਪ੍ਰੇਸ਼ਾਨੀਆਂ ਦੇ ਆਲਮ ਵਿਚ ਫਸੇ ਜਾ ਰਹੇ ਹਨ। ਲੋਕਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸਿਵਲ ਸਰਜਨ ਗੁਰਦਾਸਪੁਰ ਨੂੰ ਹਦਾਇਤਾਂ ਕਰਕੇ ਬੇਟ ਇਲਾਕੇ ਅੰਦਰ ਫੈਲੀ ਭੈੜੀ ਬਦਬੂ ਨੂੰ ਰੋਕਣ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਤਾਂ ਜੋ ਲੋਕ ਭਿਆਨਕ ਬਿਮਾਰੀਆਂ ਦੀ ਗ੍ਰਿਫਤ ਵਿਚ ਫਸਣ ਤੋਂ ਬਚ ਸਕਣ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਟੀਮ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਸਮੱਗਰੀ ਵੰਡੀ

**ਗੁਰਦਾਸਪੁਰ (ਜਨਕ ਮਹਾਜਨ)-** ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਸਾਰੀ ਟੀਮ ਵੱਲੋਂ ਜ਼ਿਲ੍ਹੇ ਦੇ ਹੜ੍ਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮਗਰੀ ਵੰਡਣ ਦੇ ਨਾਲ ਹੜ੍ਹਾਂ ਦੀ ਮਾਰ ਹੇਠ ਆਏ ਸਰਕਾਰੀ ਸਕੂਲਾਂ 'ਚ ਸਫ਼ਾਈ ਅਭਿਆਨ ਚਲਾਇਆ ਗਿਆ। ਹਰਪ੍ਰੀਤ ਸਿੰਘ ਸੀਜੇਐੱਮ ਸਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਅਤੇ ਕੋਰ ਗਰੁੱਪ ਦੇ ਮੈਂਬਰਜ਼ ਵਲੋਂ ਪਿੰਡ ਕਾਦੀਆਂ, ਇਸਲਾਮਪੁਰ, ਹਰੂਵਾਲ, ਰੱਤਾ, ਅਬਦਾਲਾ, ਫਰੀਦਪੁਰ ਠੱਠੀ, ਚੰਦੂ ਵਡਾਲਾ, ਧੀਦੋਵਾਲੀ, ਧਰਮਕੋਟ ਰੰਧਾਵਾ, ਧਰਮਕੋਟ ਪਤਨ, ਖੋਦਾ ਬੇਟ, ਚੰਦੂਵਡਾਲਾ ਅਤੇ ਰਾਵੀ ਦਰਿਆ ਤੋਂ ਪਾਰਲੇ ਪੰਜ ਪਿੰਡਾਂ ਰਾਜਪੁਰਾ, ਤੂਰ, ਚਿੱਬ, ਭਰਿਆਲ ਅਤੇ ਲਸੀਆਂ ਦਾ ਦੌਰਾ ਕਰਕੇ ਹੜ੍ਹ ਪ੍ਰਭਾਵਿਤ ਵਿਅਕਤੀਆਂ ਨੂੰ ਰਾਹਤ ਸਮੱਗਰੀ ਵਜੋਂ ਖਾਣ-ਪੀਣ ਦਾ ਸਾਮਾਨ, ਪੀਣ ਵਾਲੇ ਪਾਣੀ ਦੀਆਂ ਪੇਟੀਆਂ, ਮੈਡੀਕਲ ਕਿੱਟਾਂ, ਤਰਪਾਲਾਂ ਅਤੇ ਹੋਰ ਘਰੇਲੂ ਜ਼ਰੂਰਤ ਦਾ ਸਾਮਾਨ ਵੰਡਿਆ ਗਿਆ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਟੀਮਾਂ ਵਲੋਂ ਇਸ ਸਬੰਧੀ ਰੀਪੋਰਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਨੂੰ ਦਿੱਤੀ ਜਾਵੇਗੀ ਅਤੇ ਫਿਰ ਇਨ੍ਹਾਂ ਮੁਸ਼ਕਲਾਂ ਨੂੰ ਜਿਲ੍ਹਾ ਪ੍ਰਸਾਸ਼ਨ ਗੁਰਦਾਸਪੁਰ ਦੇ ਧਿਆਨ ਵਿਚ ਲਿਆ ਹੱਲ ਕੀਤਾ ਜਾਵੇਗਾ।




# ਐੱਸਸੀ-ਬੀਸੀ ਅਧਿਆਪਕ ਯੂਨੀਅਨ ਨੇ ਵਿਜੇ ਕੁਮਾਰ ਤੇ ਸ਼ਾਮ ਲਾਲ ਨੂੰ ਕ੍ਰਮਵਾਰ ਬਲਕਾ ਦੀਨਾਨਗਰ 1-2 ਦਾ ਪ੍ਰਧਾਨ ਬਣਾਇਆ

**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਦਿਨੇਸ਼ ਕੁਮਾਰ)-** ਐੱਸਸੀਬੀਸੀ ਅਧਿਆਪਕ ਅਤੇ ਮੁਲਾਜ਼ਮ ਯੂਨੀਅਨ ਦੀ ਇੱਕ ਹੰਗਾਮੀ ਮੀਟਿੰਗ ਪਰਮਿੰਦਰ ਸਿੰਘ ਚੀਫ ਆਰਗਨਾਈਜ਼ਰ ਅਤੇ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਮਾਸਟਰ ਰਛਪਾਲ ਸਿੰਘ ਭੁੰਬਲੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਿੱਖਿਆ ਬਲਾਕਾਂ ਦੀਨਾਨਗਰ -1 ਅਤੇ ਦੀਨਾਨਗਰ -2 ਦੀ ਚੋਣ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਸੀਬੀਸੀ ਅਧਿਆਪਕ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਰਛਪਾਲ ਸਿੰਘ ਭੁੰਬਲੀ ਅਤੇ ਪ੍ਰੈਸ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ ਇਸ ਮੌਕੇ ਬਲਾਕ ਦੀਨਾਨਗਰ-1 ਦੇ ਪ੍ਰਧਾਨ ਵਿਜੇ ਕੁਮਾਰ ਮੈਥ ਲੈਕਚਰਾਰ ਨੂੰ ਚੁਣਿਆ ਗਿਆ, ਜਦਕਿ ਇਨ੍ਹਾਂ ਨਾਲ ਜਨਰਲ ਸਕੱਤਰ ਬਲਵਿੰਦਰ ਕੁਮਾਰ, ਪ੍ਰੈਸ ਸਕੱਤਰ ਬਲਵਿੰਦਰ ਕੁਮਾਰ ਮੈਥ ਲੈਕਚਰਾਰ, ਖਜਾਨਚੀ ਰਕੇਸ਼ ਕੁਮਾਰ ਮੈਥ ਲੈਕਚਰਾਰ ਤੇ ਦੀਪਕ ਕੁਮਾਰ ਮੈਥ ਲੈਕਚਰਾਰ, ਸੀਨੀਅਰ ਮੀਤ ਪ੍ਰਧਾਨ ਸੁਸ਼ੀਲ ਕੁਮਾਰ ਅੱਤਰੀ ਮੈਥ ਲੈਕਚਰਾਰ ਤੇ ਰਾਜੇਸ਼ ਕੁਮਾਰ ਮੈਥ ਲੈਕਚਰਾਰ, ਮੁੱਖ ਸਲਾਹਕਾਰ ਸੰਜੀਵ ਕੁਮਾਰ ਈਟੀਟੀ ਟੀਚਰ, ਮੀਤ ਪ੍ਰਧਾਨ ਮਨੋਜ ਕੁਮਾਰ ਮੈਥ ਲੈਕਚਰਾਰ ਅਤੇ ਲੱਕੀ ਈਟੀਟੀ ਅਧਿਆਪਕਾਂ ਦੀ ਚੋਣ ਕੀਤੀ ਗਈ। ਇਸ ਤਰ੍ਹਾਂ ਦੀਨਾਨਗਰ ਬਲਾਕ -2 ਦਾ ਪ੍ਰਧਾਨ ਸ੍ਰੀ ਸਾਮ ਲਾਲ ਅਤੇ ਜਨਰਲ ਸਕੱਤਰ ਰਾਜਕੁਮਾਰ ਨੂੰ ਚੁਣੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਮਾਸਟਰ ਰਛਪਾਲ ਸਿੰਘ ਨੇ ਕਿਹਾ ਕਿ ਸਾਨੂੰ ਇੱਕਜੁੱਟ ਹੋ ਕੇ ਰਹਿਣਾ ਚਾਹੀਦਾ ਹੈ ਅਤੇ ਆਪਣੇ ਨਾਲ ਆਪਣੀਆਂ ਪਤਨੀਆਂ ਨੂੰ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਭਰਪੂਰ ਪ੍ਰੋਗਰਾਮਾਂ ਵਿੱਚ ਲੈ ਕੇ ਜ਼ਰੂਰ ਆਉਣਾ ਚਾਹੀਦਾ ਹੈ। ਪਰਮਿੰਦਰ ਸਿੰਘ ਕੋਠੇ ਘੁਰਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਯੂਨੀਅਨ ਦੇ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਜੋ ਸਾਡੇ ਸੰਵਿਧਾਨਿਕ ਹੱਕ ਮਨੂੰਵਾਦੀ ਸੋਚ ਦੇ ਲੋਕਾਂ ਨੇ ਮਾਰੇ ਹੋਏ ਹਨ, ਉਨ੍ਹਾਂ ਪ੍ਰਤੀ ਜਾਗਰੂਕ ਹੋ ਕੇ ਆਪਣੇ ਹੱਕ ਪ੍ਰਾਪਤ ਕਰਨੇ ਚਾਹੀਦੇ ਹਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਨਰੇਸ਼ਪਾਲ, ਮਨੋਜ ਕੁਮਾਰ, ਰਜੇਸ਼ ਕੁਮਾਰ, ਰਵਿੰਦਰ ਪਾਲ, ਕੁਲਵਿੰਦਰ ਕੁਮਾਰ, ਸੰਜੀਵ ਕੁਮਾਰ, ਜਗਦੀਸ਼ ਰਾਜ ਬੈਂਸ, ਕੁਲਦੀਪ ਸਿੰਘ, ਮਨੋਜ ਕੁਮਾਰ ਰਾਜੇਸ਼ ਕੁਮਾਰ, ਰਵਿੰਦਰ ਕੁਮਾਰ, ਕੁਲਵਿੰਦਰ ਕੁਮਾਰ, ਬਲਵਿੰਦਰ ਕੁਮਾਰ ਮਹਿੰਦਰ ਪਾਲ, ਦੀਪਕ ਕੁਮਾਰ, ਵਿਜੇ ਕੁਮਾਰ, ਰਜਿੰਦਰ ਸਿੰਘ ਬਲਵਿੰਦਰ ਸਿੰਘ, ਵਜੀਰ ਸਿੰਘ, ਰਜੇਸ਼ ਕੁਮਾਰ, ਤਿਲਕ ਰਾਜ, ਪ੍ਰੇਮ ਚੰਦ, ਸੁਰਜੀਤ ਪਾਲ, ਰਜੇਸ਼ ਕੁਮਾਰ, ਯੋਗੇਸ਼ ਸਰੰਗਲ, ਸੁਸ਼ੀਲ ਕੁਮਾਰ, ਜਸਪਾਲ ਲਾਲਪੁਰਾ, ਮੰਗਲਦੀਪ ਸਟੇਟ ਐਵਾਰਡੀ, ਰਾਜ ਕੁਮਾਰ, ਜਸਪਾਲ, ਸੁੱਚਾ ਸਿੰਘ, ਕੇਵਲ ਕ੍ਰਿਸ਼ਨ, ਵਿਜੇ ਕੁਮਾਰ ਅਤੇ ਰਜਿੰਦਰ ਕੁਮਾਰ ਬਲਜੀਤ ਸਿੰਘ ਅਧਿਆਪਕ ਹਾਜ਼ਰ ਹੋਏ।



# ਹੜ੍ਹ ਪੀੜਤਾਂ ਦੀ ਮਦਦ ਲਈ ਕੁੱਲ ਹਿੰਦ ਕਿਸਾਨ ਸਭਾ ਹੁਸ਼ਿਆਰਪੁਰ ਦੇ ਸਾਥੀ ਪਿੰਡ ਘੋਨੇਵਾਲ ਪਹੁੰਚੇ

**● ਮਿੱਟੀ ਭਰਨ ਵਾਸਤੇ ਖਾਲੀ ਬੋਰੀਆਂ ਦਾ ਛੋਟਾ ਹਾਥੀ ਭਰ ਕੇ ਲਿਆਂਦਾ**

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਆਪਣੇ ਪੱਧਰ 'ਤੇ ਰਾਹਤ ਕਾਰਜਾਂ ਵਿੱਚ ਹਿੱਸਾ ਲੈ ਰਹੀਆਂ ਹਨ।ਰਾਵੀ ਦਰਿਆ ਦੇ ਧੁੱਸੀ ਬੰਨ੍ਹ ਪਿੰਡ ਘੋਨੇਵਾਲ ਅਤੇ ਮਾਛੀਵਾਲਾ ਕੋਲੋਂ ਟੁੱਟਣ ਨਾਲ ਪੂਰਾ ਇਲਾਕਾ ਇਸ ਭਿਆਨਕ ਤਰਾਸਦੀ ਦਾ ਸਾਹਮਣਾ ਕਰ ਰਿਹਾ ਹੈ।ਗੁਰਦੁਆਰਾ ਗੁਰੂ ਕਾ ਬਾਗ ਦੇ ਮੁੱਖ ਸੇਵਾਦਾਰ ਬਾਬਾ ਲੱਖਾ ਸਿੰਘ ਅਤੇ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਦੀ ਅਗਵਾਈ ਹੇਠ ਬੰਨ੍ਹਾਂ ਨੂੰ ਬੰਨ੍ਹਣ ਦੀ ਸੇਵਾ ਕਰ ਰਹੇ ਹਨ। ਇਸ ਸੇਵਾ ਵਿੱਚ ਹਿੱਸਾ ਪਾਉਣ ਲਈ ਕੁੱਲ ਹਿੰਦ ਕਿਸਾਨ ਸਭਾ ਦੇ ਹੁਸ਼ਿਆਰਪੁਰ ਜ਼ਿਲੇ ਦੇ ਚੱਬੇਵਾਲ ਤੋਂ ਸਾਥੀ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 15 ਟਰਾਲੀਆਂ ਅਤੇ 5 ਟਿੱਪਰ ਮਿੱਟੀ ਦੇ ਅਤੇ ਹੜ੍ਹ ਪੀੜਤਾਂ ਦੀ ਮਦਦ ਲਈ ਹੋਰ ਸਾਮਾਨ ਲੈ ਕੇ ਅੰਮ੍ਰਿਤਸਰ ਜ਼ਿਲੇ ਦੇ ਆਖਰੀ ਪਿੰਡ ਰਾਵੀ ਦਰਿਆ ਦੇ ਕੰਢੇ ਪਿੰਡ ਘੋਨੇਵਾਲ ਵਿਖੇ ਪੁੱਜੇ ਜਿਥੇ ਜਥੇਬੰਦੀ ਵੱਲੋਂ ਕੁੱਲ ਹਿੰਦ ਕਿਸਾਨ ਸਭਾ ਸੂਬਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ ਨੇ ਇਨ੍ਹਾਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।ਉਥੇ ਇਹ ਵੀ ਵਰਨਣਯੋਗ ਹੈ ਕਿ ਕਿਸਾਨ ਅੰਦੋਲਨ ਸਮੇਂ ਵੀ ਇਨ੍ਹਾਂ ਸਾਥੀਆਂ ਨੇ ਸਿੰਘੂ ਮੋਰਚੇ ਤੇ ਇੱਕ ਸਾਲ ਲੰਗਰ ਦੀ ਸੇਵਾ ਕੀਤੀ ਸੀ। ਜਿਸ ਦਿਨ ਦੇ ਹੜ੍ਹ ਆਏ ਹਨ ਇਹ ਸਾਥੀ ਉਸ ਦਿਨ ਤੋਂ ਹੀ ਵਾਰ-ਵਾਰ ਰਾਹਤ ਕਾਰਜਾਂ ਲਈ ਸਮੱਗਰੀ ਲੈ ਕੇ ਆਉਣ ਬਾਰੇ ਕਹਿੰਦੇ ਸਨ।ਇਥੇ ਵਰਨਣਯੋਗ ਹੈ ਕਿ ਇਨ੍ਹਾਂ ਸਾਥੀਆਂ ਵੱਲੋਂ ਲਿਆਂਦੀ ਗਈ ਮਿੱਟੀ ਨੂੰ ਭਰਨ ਵਾਸਤੇ ਖਾਲੀ ਬੋਰੀਆਂ ਦਾ ਇੱਕ ਛੋਟਾ ਹਾਥੀ ਜਥੇਬੰਦੀ ਵੱਲੋਂ ਲਿਆਂਦਾ ਗਿਆ ਜਿਸ ਰਾਹੀਂ ਮਿੱਟੀ ਭਰ ਕੇ ਬੰਨ੍ਹ 'ਤੇ ਪਹੁੰਚਾਈ ਜਾਵੇਗੀ।



# ਕੁਹਾੜ ਵਿਖੇ 48ਵਾਂ ਸਾਲਾਨਾ ਕਬੱਡੀ ਟੂਰਨਾਮੈਂਟ ਤੇ ਧਾਰਮਿਕ ਸਮਾਗਮ ਕਰਵਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਦੀ ਪਿੰਡ ਕੁਹਾੜ ਵਿਖੇ ਸਮੂਹ ਸਾਧ ਸੰਗਤ ਐੱਨਆਰਆਈ ਵੀਰਾਂ ਅਤੇ ਗ੍ਰਾਮ ਪੰਚਾਇਤ ਵੱਲੋਂ ਸੰਤ ਬਾਬਾ ਹਜ਼ਾਰਾ ਸਿੰਘ ਦੀ ਯਾਦ ਨੂੰ ਸਮਰਪਿਤ 48ਵਾਂ ਸਾਲਾਨਾ ਕਬੱਡੀ ਕੱਪ ਤੇ ਧਾਰਮਿਕ ਸਮਾਗਮ ਕਰਵਾਇਆ ਜਾ ਗਿਆ ਜਿਸ ਵਿੱਚ ਰਾਗੀ ਢਾਡੀ ਸੰਗਤਾਂ ਨੂੰ ਗੁਰ ਇਤਿਹਾਸ ਰਾਹੀਂ ਨਿਹਾਲ ਕੀਤਾ ਜਿਸ ਵਿੱਚ ਇੰਟਰਨੈਸ਼ਨਲ ਕਬੱਡੀ ਕਲੱਬ ਨਾਨਕਸਰ ਬਾਬਾ ਬਿਧੀ ਚੰਦ ਕਬੱਡੀ ਕਲੱਬ ਫਰੰਦੀਪੁਰ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਨਾਨਕਸਰ ਕਬੱਡੀ ਕਲੱਬ ਜੇਤੂ ਰਿਹਾ। ਲੜਕੀਆਂ ਦਾ ਵੀ ਸ਼ੋਅ ਮੈਚ ਕਰਵਾਇਆ ਗਿਆ। ਕਬੱਡੀ ਕੱਪ ਵਿੱਚ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਬਟਾਲਾ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਸੂਬਾ ਕਾਰਜਕਾਰੀ ਪ੍ਰਧਾਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਅੰਮ੍ਰਿਤ ਕਲਸੀ, ਐੱਸਐੱਚਓ ਰਜਵੰਤ ਕੌਰ ਥਾਣਾ ਸੇਖਵਾਂ, ਸੰਜੀਵ ਸ਼ਰਮਾ ਰੀਡਰ ਡੀਐੱਸਪੀ ਸਿਟੀ ਬਟਾਲਾ, ਮਲਕੀਤ ਸਿੰਘ ਬਾਠ, ਜੋਗਿੰਦਰ ਸਿੰਘ ਸਰਪੰਚ ਸੇਖਵਾਂ, ਮਨਜਿੰਦਰ ਸਿੰਘ ਮਿੰਟੂ ਤੱਤਲਾ, ਗੁਰਵਿੰਦਰ ਸਿੰਘ ਬੁੱਟਰ ਕਲਾਂ, ਦਲਜੀਤ ਸਿੰਘ ਮੁੱਖ ਮੁਨਸ਼ੀ ਥਾਣਾ ਸੇਖਵਾਂ, ਮਲਕੀਤ ਸਰਪੰਚ ਕੋਟ ਬੁੱਢਾ, ਜਸਵਿੰਦਰ ਸਿੰਘ ਸੰਧੂ, ਸੁਲੱਖਣ ਸਿੰਘ ਅਤੇ ਬਾਜ ਸ਼ੇਰਾ ਇੰਗਲੈਂਡ ਆਦਿ ਹਾਜ਼ਰ ਸਨ।

# ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਜਲਦੀ ਲਾਗੂ ਕਰਨ ਲਈ ਵਫਦ ਸੀਐੱਮਡੀ ਨੂੰ ਮਿਲਿਆ

**ਪਟਿਆਲਾ (ਨਜ਼ਸ)-** ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਅਧਾਰਿਤ ਸਾਂਝੇ ਥੜੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ ਨੰ 24) ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਆਗੂਆਂ ਨੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਦੇ ਹੱਲ ਲਈ ਬਿਜਲੀ ਨਿਗਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨਾਲ ਬੀਤੇ ਮਹੀਨੇ 10 ਅਗਸਤ ਨੂੰ ਪੰਜਾਬ ਭਵਨ ਚੰਡੀਗੜ੍ਹ ਅਤੇ 14 ਅਗਸਤ ਨੂੰ ਪੀਐੱਸਟੀਸੀਐੱਲ ਗੈਸਟ ਹਾਊਸ ਮੁਹਾਲੀ ਵਿਖੇ ਹੋਈਆਂ ਮੀਟਿੰਗਾਂ ਵਿੱਚ ਬਣੀਆਂ ਸਹਿਮਤੀਆਂ ਨੂੰ ਲਾਗੂ ਕਰਨ ਲਈ 2 ਸਤੰਬਰ ਨੂੰ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਵਿੱਚ ਪਾਸ ਹੋਏ ਏਜੰਡਿਆਂ ਦੇ ਸਰਕੂਲਰ ਜਾਰੀ ਕਰਨ ਅਤੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਈ ਤਬਾਹੀ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਇਕ ਦਿਨ ਦੀ ਤਨਖਾਹ ਅਤੇ ਪੈਨਸ਼ਨ ਦੀ ਬਣਦੀ ਰਕਮ ਦਾ ਚੈਕ ਕੱਟ ਕੇ ਮਾਨਯੋਗ ਬਿਜਲੀ ਮੰਤਰੀ ਰਾਹੀਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਦੀ ਹਾਜ਼ਰੀ ਵਿੱਚ ਮੁੱਖ ਮੰਤਰੀ ਰਾਹਤ ਫੰਡ ਵਿੱਚ ਭੇਜਣ ਦੀ ਸਹਿਮਤੀ ਦੇਣ ਲਈ ਆਗੂਆਂ ਦਾ ਵਫਦ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਅਗਵਾਈ ਹੇਠ ਅਦਾਰੇ ਦੇ ਸੀਐੱਮਡੀ ਅਜੋਏ ਕੁਮਾਰ ਸਿਨਹਾ ਆਈਏਐੱਸ ਨੂੰ ਮਿਲਿਆ।ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਕੱਤਰ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਕਿਹਾ ਕਿ ਵਫਦ ਨੂੰ ਸੀਐੱਮਡੀ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਮੰਨੀਆਂ ਹੋਈਆਂ ਸਾਰੀਆਂ ਮੰਗਾਂ ਨੂੰ ਲਾਗੂ ਕਰ ਦਿੱਤਾ ਜਾਵੇਗਾ ਅਤੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦੇ ਸਕੱਤਰ ਨਾਲ 21 ਅਗਸਤ ਨੂੰ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੇ ਮਿੰਟਸ ਵੀ ਜਲਦੀ ਜਾਰੀ ਕਰ ਦਿੱਤੇ ਜਾਣਗੇ।ਸੋਲੇਸ਼ੀਅਮ ਵਾਲੇ ਮਸਲੇ ਦਾ ਪੂਰਾ ਕੇਸ ਬਣਾ ਕੇ ਪੰਜਾਬ ਕੈਬਨਿਟ ਦੀ ਪ੍ਰਵਾਨਗੀ ਲਈ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਪ੍ਰਸੋਨਲ ਅਤੇ ਵਿੱਤ ਵਿਭਾਗ ਨਾਲ ਸਬੰਧਤ ਮਸਲਿਆਂ ਦੇ ਨਿਪਟਾਰੇ ਲਈ ਵੀ ਆਗੂਆਂ ਦੀ ਜਲਦੀ ਮੀਟਿੰਗ ਕਰਵਾ ਦਿੱਤੀ ਜਾਵੇਗੀ। ਵਫਦ ਨੇ ਮੁਲਾਜ਼ਮਾਂ ਦੀਆਂ ਆਮ ਬਦਲੀਆਂ ਕਰਨ ਅਤੇ ਬਿਨਾਂ ਪੜਤਾਲ ਤੋਂ ਮੁਲਾਜ਼ਮਾਂ ਦੀਆਂ ਸਿਆਸੀ ਅਧਾਰ ਤੇ ਕੀਤੀਆਂ ਜਾ ਰਹੀਆਂ ਬਦਲੀਆਂ ਦੇ ਵਰਤਾਰੇ ਨੂੰ ਬੰਦ ਕਰਨ ਦੇ ਮਸਲੇ ਨੂੰ ਵੀ ਜੋਰਦਾਰ ਤਰੀਕੇ ਨਾਲ ਉਠਾਇਆ। ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਜਲਦੀ ਲਾਗੂ ਕਰਨ ਦਾ ਸੀ ਐਮ ਡੀ ਨੇ ਭਰੋਸਾ ਦਿੱਤਾ ਹੈ ।ਇਸ ਮੌਕੇ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਭੇਜ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਰਵੇਲ ਸਿੰਘ ਸਹਾਏਪੁਰ, ਸੁਰਿੰਦਰਪਾਲ ਲਹੌਰੀਆ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਮਨਜੀਤ ਸਿੰਘ ਚਾਹਲ, ਜਰਨੈਲ ਸਿੰਘ, ਕੌਰ ਸਿੰਘ ਸੋਹੀ, ਪੂਰਨ ਸਿੰਘ ਖਾਈ, ਬਲਵਿੰਦਰ ਸਿੰਘ, ਦਲੀਪ ਕੁਮਾਰ, ਰਾਧੇਸ਼ਿਆਮ, ਗੁਰਵਿੰਦਰ ਸਿੰਘ, ਇੰਜੀ: ਹਰਮਨਦੀਪ, ਗੁਰਪਿਆਰ ਸਿੰਘ, ਬਾਬਾ ਅਮਰਜੀਤ ਸਿੰਘ, ਕੁਲਵੰਤ ਸਿੰਘ, ਸੁਖਵਿੰਦਰ ਭਗਤ, ਰਘਬੀਰ ਸਿੰਘ, ਬਰਜਿੰਦਰ ਸ਼ਰਮਾ, ਕੇਵਲ ਸਿੰਘ ਬਨਵੈਤ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।



# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਨੇ ਵੱਖ-ਵੱਖ ਪਿੰਡਾਂ 'ਚ ਦਵਾਈਆਂ ਦੀ ਮੁਫਤ ਸੇਵਾ ਕੀਤੀ



**ਪੱਟੀ (ਬਲਦੇਵ ਸਿੰਘ ਸੰਧੂ)-** ਸੂਬੇ ਅੰਦਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਕਸਬਾ ਰਮਦਾਸ ਵਿਖੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਧੰਨਾਂ ਮੱਲ ਗੋਇਲ ਅਤੇ ਜ਼ਿਲਾ ਤਰਨ ਤਾਰਨ ਦੀ ਟੀਮ ਵੱਲੋਂ ਮੈਡੀਕਲ ਸੇਵਾਵਾਂ ਪਿੰਡ ਸਿੰਘੋ ਕੇ ਘੁਮਰਾਅ, ਨਿਸੋਕੇ, , ਨੰਗਲ ਸੋਹਲ ਆਦਿ ਵਿੱਚ ਲੋਕਾਂ ਨੂੰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਧੰਨਾ ਮੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਜਥੇਬੰਦੀ ਦਾ ਨਾਅਰਾ ਮਾਨਵ ਸੇਵਾ ਪਰਮੋ ਧਰਮ ਅਨੁਸਾਰ ਸਾਰੇ ਪੰਜਾਬ ਦੇ ਪ੍ਰੈਕਟਿਸ ਕਰਦੇ ਸਾਥੀ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਸੁਚੇਤ ਹੋ ਕੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹਨ ਅਤੇ ਮਨੁੱਖਤਾ ਦੇ ਭਲੇ ਲਈ ਹਰ ਵੇਲੇ ਤਤਪਰ ਰਹਿੰਦੇ ਹਨ। ਮੈਡੀਕਲ ਕੈਂਪ ਲਗਾ ਕੇ ਪੂਰੇ ਪੰਜਾਬ ਦੇ ਲੋਕਾਂ ਦੀ ਦਿਨ ਰਾਤ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਚੀਮਾ ਨੇ ਕਿਹਾ ਕਿ ਜਿੰਨਾ ਚਿਰ ਹੜ੍ਹ ਪ੍ਰਭਾਵਿਤ ਲੋਕ ਆਪਣੇ ਪੈਰਾਂ ਸਿਰ ਨਹੀਂ ਹੋ ਜਾਂਦੇ ਓਨਾ ਚਿਰ ਸਾਡੀ ਜਥੇਬੰਦੀ ਇਨਾਂ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇਗੀ। ਇਸ ਮੌਕੇ ਸੂਬਾ ਆਗੂ ਗੁਰਜੀਤ ਸਿੰਘ ਦੁਬਲੀ, ਪ੍ਰਭਜੀਤ ਸਿੰਘ ਬਾਠ, ਜਸਪਾਲ ਸਿੰਘ ਖੈਰਦੀ, ਅਮ੍ਰਿਤਪਾਲ ਸਿੰਘ ਜਗਤਪੁਰ, ਜੋਬਨਜੀਤ ਸਿੰਘ ਬਾਠ ਨੇ ਸੇਵਾਵਾਂ ਨਿਭਾਈਆਂ।

# ਆਰਐੱਮਪੀ ਡਾਕਟਰਾਂ ਨੇ ਘੋਨੇਵਾਲਾ ਤੇ ਮਾਛੀਵਾਲ 'ਚ ਲਗਾਏ ਮੁਫਤ ਮੈਡੀਕਲ ਕੈਂਪ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਰਐੱਮਪੀ ਡਾਕਟਰਾਂ ਵੱਲੋਂ ਐਸੋਸੀਏਸ਼ਨ ਤੇ ਸੂਬਾ ਪ੍ਰਧਾਨ ਡਾ. ਰਮੇਸ਼ ਕੁਮਾਰ ਬਾਲੀ ਨਵਾਂਸ਼ਹਿਰ ਵਾਲਿਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਧਾਨ ਡਾ. ਚਮਨ ਲਾਲ ਬਟਾਲਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਡਾ. ਅਸ਼ੋਕ ਕੁਮਾਰ ਬਟਾਲਾ ਦੀ ਪ੍ਰਧਾਨਗੀ ਹੇਠ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਦੇ ਬਿਲਕੁਲ ਨਜ਼ਦੀਕ ਪਿੰਡ ਘੋਨੇਵਾਲਾ ਅਤੇ ਪਿੰਡ ਮਾਛੀਵਾਲ ਵਿਖੇ ਫਰੀ ਮੈਡੀਕਲ ਕੈਂਪ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈਸ ਸਕੱਤਰ ਡਾ. ਲਖਵਿੰਦਰ ਸਿੰਘ ਸੰਧੂ ਔਲਖ ਨੇ ਕਿਹਾ ਕਿ ਐਸੋਸੀਏਸ਼ਨ ਦੇ ਸਿਧਾਂਤ ਨੂੰ ਮੁੱਖ ਰੱਖਦਿਆਂ ਮਾਨਵ ਸੇਵਾ ਪਰਮੋ ਧਰਮ ਦੇ ਉਦੇਸ਼ ਨਾਲ ਹੜ੍ਹ ਪੀੜਤ ਲੋਕਾਂ ਦੀ ਦਿਲੀ ਹਮਦਰਦੀ ਕਰਕੇ ਸੇਵਾ ਕੀਤੀ। ਕੈਂਪ ਦੌਰਾਨ ਡਾਕਟਰਾਂ ਦੀ ਟੀਮ ਨੇ ਹੜ੍ਹ ਪੀੜਤ ਲੋਕਾਂ ਨੂੰ ਤੰਦਰੁਸਤ ਰਹਿਣ ਲਈ ਖਾਣ ਪੀਣ ਦੇ ਪਰਹੇਜ਼ ਅਤੇ ਦੇਸੀ ਟੋਟਕੇ ਦੱਸੇ। ਕੈਂਪਾਂ 'ਚ ਕਈ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਫਰੀ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਸੂਬਾ ਕਮੇਟੀ ਮੈਂਬਰ ਡਾ. ਸੁਖਵਿੰਦਰ ਸਿੰਘ ਦਰਦੀ, ਡਾ. ਲਖਵਿੰਦਰ ਸਿੰਘ ਸੰਧੂ ਔਲਖ, ਹੀਰਾ ਸਿੰਘ ਅਤਰੀ ਜੈਤੋ ਸਰਜਾ, ਡਾ. ਚਰਨਦਾਸ ਕੰਡਿਆਲ, ਸਤਨਾਮ ਸਿੰਘ ਦਾਲਮ, ਬਾਊ ਰਾਮ, ਦਲੀਪ ਸਿੰਘ, ਮਨਜੀਤ ਸਿੰਘ, ਗੁਰਦੇਵ ਸਿੰਘ, ਸੁਖਵਿੰਦਰ ਮਸੀਹ, ਰਾਜਪਾਲ ਗਾਂਧੀ, ਸਵਿੰਦਰ ਸਿੰਘ ਫੈਜ਼ਪੁਰਾ, ਡਾ. ਹਰਪ੍ਰੀਤ ਸਿੰਘ ਘੋਨੇਵਾਲਾ, ਡਾ. ਬੱਗਾ ਸਿੰਘ ਝੰਗੀ ਪੰਨਵਾਂ, ਸਰਪੰਚ ਅਮਰਜੀਤ ਸਿੰਘ ਘੋਨੇਵਾਲਾ, ਡਾ. ਲਖਵਿੰਦਰ ਸਿੰਘ ਗਵਾਰਾ ਅਤੇ ਹੋਰ ਆਰਐੱਮਪੀ ਡਾਕਟਰ ਹਾਜ਼ਰ ਹੋਏ।




# ਲੁਠੇੜੀ ਸਕੂਲ 'ਚ ਜ਼ਿਲ੍ਹਾ ਪੱਧਰੀ ਕ੍ਰਿਕਟ ਮੁਕਾਬਲੇ ਸ਼ੁਰੂ



**ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੌਬੀ)-** ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਦੇ ਕ੍ਰਿਕਟ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੀ ਰਹਿਨੁਮਾਈ, ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਅਤੇ ਉਪ ਕਨਵੀਨਰ ਹਰਮਨਦੀਪ ਸਿੰਘ ਸੰਧੂ ਦੀ ਦੇਖ-ਰੇਖ ਹੇਠ ਸ਼ੁਰੂ ਹ ਗਏ ਹਨ ।ਸਕੂਲ ਦੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਅਤੇ ਜ਼ੋਨਲ ਸਕੱਤਰ ਸੁਰਮੁੱਖ ਸਿੰਘ ਨੇ ਦੱਸਿਆ ਕ੍ਰਿਕਟ ਮੁਕਾਬਲਿਆਂ ਦੇ ਪਹਿਲੇ ਦਿਨ ਉਮਰ ਵਰਗ 14 ਸਾਲ ਦੇ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਦੀ ਸ਼ੁਰੂਆਤ ਜ਼ਿਲ੍ਹਾ ਖੇਡ ਕਮੇਟੀ ਦੇ ਜਨਰਲ ਸਕੱਤਰ ਪ੍ਰਿੰ. ਜਗਤਾਰ ਸਿੰਘ ਲੌਂਗੀਆ ਅਤੇ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਾਂਝੇ ਤੌਰ 'ਤੇ ਕਰਵਾਈ।ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰ. ਜਗਤਾਰ ਸਿੰਘ ਲੌਂਗੀਆ ਨੇ ਕਿਹਾ ਕਿ ਖੇਡਾਂ ਜਿੱਥੇ ਵਿਦਿਆਰਥੀਆਂ ਨੂੰ ਤੰਦਰੁਸਤ ਰੱਖਦੀਆਂ ਹਨ, ਉੱਥੇ ਹੀ ਉਹ ਉਨ੍ਹਾਂ ਨੂੰ ਬਿਹਤਰ ਇਨਸਾਨ ਬਣਾਉਂਦੀਆਂ ਹਨ।ਪ੍ਰਿੰ. ਇੰਦਰਜੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਖੇਡ ਮੁਕਾਬਲਿਆਂ ਵਿੱਚ ਨੰਗਲ ਜ਼ੋਨ ਨੇ ਘਨੌਲੀ ਨੂੰ, ਨੂਰਪੁਰ ਬੇਦੀ ਜ਼ੋਨ ਨੇ ਮੋਰਿੰਡਾ ਨੂੰ ਅਤੇ ਤਖਤਗੜ੍ਹ ਜ਼ੋਨ ਨੇ ਚਮਕੌਰ ਸਾਹਿਬ ਜ਼ੋਨ ਨੂੰ ਹਰਾ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ।ਇਸ ਮੌਕੇ ਰਵਿੰਦਰ ਸਿੰਘ, ਰਾਜਵੀਰ ਸਿੰਘ, ਰਵਿੰਦਰ ਸਿੰਘ ਰਵੀ ਅਤੇ ਗੁਰਮਿੰਦਰ ਸਿੰਘ ਹੁੰਦਲ ਨੇ ਨਿਰਪੱਖ ਅੰਪਾਇਰਿੰਗ ਕੀਤੀ।ਇਹ ਖੇਡ ਮੁਕਾਬਲੇ ਚਾਰ ਦਿਨ ਜਾਰੀ ਰਹਿਣਗੇ।

# ਮੁੱਠਿਆਂਵਾਲਾ 'ਚ ਮੱਛਰ ਮਾਰਨ ਲਈ ਸਪਰੇਅ ਕਰਵਾਈ ਗਈ

**ਝਬਾਲ (ਹਰਜਿੰਦਰ ਸਿੰਘ ਸੋਨੀ)-** ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਮਨਦੀਪ ਸਿੰਘ ਪੱਡਾ ਸੀਐੱਚਸੀ ਖੇਮਕਰਨ ਦੀ ਯੋਗ ਅਗਵਾਈ ਹੇਠ ਬਲਾਕ ਖੇਮਕਰਨ ਦੇ ਅਧੀਨ ਆਉਂਦੇ ਦਰਿਆ ਨਾਲ ਲੱਗਦੇ ਪਿੰਡ ਮੁੱਠਿਆਂਵਾਲਾ 'ਚ ਸਪਰੇਅ ਕਰਵਾਈ ਗਈ। ਜਾਣਕਾਰੀ ਦਿੰਦਿਆਂ ਡਾ. ਅਮਰਦੀਪ ਸਿੰਘ ਨੇ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਹਰ ਜਗ੍ਹਾ ਪਾਣੀ ਭਰ ਗਿਆ ਹੈ ਜਿਸ ਨਾਲ ਡੇਂਗੂ, ਮਲੇਰੀਆ, ਚਿਕਨਗੁਨੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਬਚਾਅ ਲਈ ਮੁੱਠਿਆਂਵਾਲਾ ਦੀਆਂ ਗਲੀਆਂ ਨਾਲੀਆਂ ਤੇ ਪਾਣੀ ਦੇ ਛੋਟੇ ਛੋਟੇ ਟੋਇਆਂ ਵਿੱਚ ਸਪਰੇਅ ਕਰਵਾਈ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਰਾਤ ਨੂੰ ਸੌਣ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਜਾਂਚ ਕਰਾਓ। ਇਸ ਮੌਕੇ ਐੱਸਆਈ ਜੁਗਰਾਜ ਸਿੰਘ, ਬਲਵਿੰਦਰ ਸਿੰਘ, ਗੁਰਜੀਤ ਸਿੰਘ, ਬਲਾਕ ਐਜੂਕੇਟਰ ਗੁਰਵਿੰਦਰ ਸਿੰਘ, ਬਰੀਡਿੰਗ ਚੈੱਕਕਰ ਜਗਰੂਪ ਸਿੰਘ, ਜੁਗਰਾਜ ਸਿੰਘ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਪੰਧੇਰ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ

**ਫਤਹਿਗੜ੍ਹ ਚੂੜੀਆਂ (ਜਸਦੇਵ ਮਾਨ)-** ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ, ਪੰਧੇਰ ਬੀ.ਐੱਡ ਸਮੈਸਟਰ ਦੂਸਰਾ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨ ਕੀਤੇ ਗਏ ਹਨ। ਇਨ੍ਹਾਂ ਪੇਪਰਾਂ ਵਿੱਚੋਂ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਵਧਾਈਆਂ ਦਿੰਦੇ ਕਿਹਾ ਕਿ ਇਹ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਕਾਲਜ ਦੀ ਵਿਦਿਆਰਥਣ ਸੁਪਨਦੀਪ ਕੌਰ ਅਤੇ ਸੁਪ੍ਰੀਆ ਨੇ 80 ਫੀਸਦੀ ਅੰਕ ਹਾਸਿਲ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ ਜਦੋਂ ਕਿ ਵਿਦਿਆਰਥਣ ਤਨੀਸ਼ਾ, ਮਾਲਿਨੀ ਖੰਨਾ, ਹਰਲੀਨ ਕੌਰ, ਕੋਮਲਪ੍ਰੀਤ ਕੌਰ, ਨਵਜੋਤ ਕੌਰ ਨੇ 79 ਫੀਸਦੀ ਅੰਕ ਹਾਸਿਲ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ ਹੈ।ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਦੇ ਫੈਕਲਟੀ ਅਤੇ ਸਟਾਫ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੰਦੇ ਹਨ ਅਤੇ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਕੰਮਾਂ ਵਿੱਚ ਨਿਰੰਤਰ ਸਫਲਤਾ ਦੀ ਕਾਮਨਾ ਕਰਦੇ ਹਨ।



# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਪੀੜਤਾਂ ਲਈ ਵੱਡਾ ਐਲਾਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਅੱਜ ਫਾਜ਼ਿਲਕਾ ਜ਼ਿਲ੍ਹੇ ਵਿੱਚ ਟਰੱਸਟ ਵੱਲੋਂ ਲਗਾਏ ਕਾਵਾਂ ਵਾਲੀ ਪੱਤਣ ਰਾਹਤ ਕੈਂਪ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਲੋਕਾਂ ਨਾਲ ਮਿਲ ਕੇ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਕਿ ਜਿਨ੍ਹਾਂ ਲੋਕਾਂ ਦੀ ਫ਼ਸਲ ਮਰ ਚੁੱਕੀ ਹੈ ਅਤੇ ਘਰ ਨੁਕਸਾਨੇ ਗਏ, ਬੱਚਿਆ ਦੀਆਂ ਕਿਤਾਬਾਂ ਆਦਿ, ਸੰਗਤ ਦੇ ਸਹਿਯੋਗ ਨਾਲ ਇਨ੍ਹਾਂ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸੰਸਥਾ ਲੋੜਵੰਦਾਂ ਨੂੰ ਉਹਨਾ ਦੀ ਯੋਗਤਾ ਅਨੁਸਾਰ ਨੌਕਰੀਆਂ ਦੇਣ ਦਾ ਵੀ ਉਪਰਾਲਾ ਕਰਾਂਗੀ ਤਾਂ ਜੋ ਉਹ ਆਪਣੇ ਮਾਲੀ ਹਾਲਾਤ ਸੁਧਾਰ ਸਕਣ। ਉਨ੍ਹਾਂ ਨੇ ਕਿਹਾ ਕਿ ਇਹਨਾਂ ਲੋਕਾਂ ਦੀ ਅਗਲੀ ਫ਼ਸਲ ਦੀ ਬਿਜਾਈ ਲਈ ਵੀ ਸਾਨੂੰ ਜ਼ਰੂਰ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਅਪੀਲ ਕਰਦਿਆਂ ਕਿਹਾ ਕਿ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਆਪਣੇ ਦਸਵੰਧ ਦਾ ਹਿੱਸਾ ਇਨ੍ਹਾਂ ਦੀ ਮਦਦ ਕਰਨ ਲਈ ਜ਼ਰੂਰ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਇਸ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਫ਼ਸਲਾਂ ਨੂੰ ਦੁਆਰਾ ਤੋਂ ਸੁਰਜੀਤ ਕੀਤਾ ਜਾ ਸਕੇ, ਬੱਚਿਆ ਦੀ ਪੜ੍ਹਾਈ ਕਰਵਾਈ ਜਾ ਸਕੇ, ਜਿਨ੍ਹਾਂ ਦੇ ਘਰ ਨੁਕਸਾਨੇ ਗਏ ਹਨ ਉਨ੍ਹਾਂ ਦੀ ਮੁਰੰਮਤ ਕੀਤੀ ਜਾ ਸਕੇ, ਸਾਨੂੰ ਸਭ ਨੂੰ ਇਹ ਹੰਭਲਾ ਜ਼ਰੂਰ ਮਾਰਨਾ ਚਾਹੀਦਾ ਹੈ। ਅਕਾਲ ਟੀਮ ਵੱਲੋਂ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਹੜ੍ਹ ਪੀੜਤਾਂ ਦੇ ਰਾਹਤ ਕਾਰਜਾਂ ਲਈ "ਹੜ੍ਹ ਪੀੜਤ ਰਾਹਤ ਕੈਂਪ" ਬਣਾਏ ਗਏ ਹਨ, ਜੋ ਕਿ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਲਈ ਅਕਾਲ ਅਕੈਡਮੀ ਤਿੱਬੜ, ਦੀਨਾਨਗਰ, ਸੁਜਾਨਪੁਰ ਅਤੇ ਡੇਰਾ ਬਾਬਾ ਨਾਨਕ ਵਿਖੇ, ਅੰਮ੍ਰਿਤਸਰ ਜ਼ਿਲੇ ਲਈ ਅਕਾਲ ਅਕੈਡਮੀ ਵਛੋਆ ਅਤੇ ਅਕਾਲ ਅਕੈਡਮੀ ਦਦੇਹਰ ਸਾਹਿਬ ਵਿਖੇ ਅਤੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਕੈਂਪ ਬਣਾਇਆ ਗਿਆ। ਜਿਥੋਂ ਨੇੜੇ ਦੇ ਹੜ੍ਹ ਪ੍ਰਵਾਭਿਤ ਇਲਾਕਿਆਂ ਵਿੱਚ ਅਤੇ ਢਾਣੀਆਂ ਵਿੱਚ ਕਿਸ਼ਤੀ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਨ੍ਹਾਂ ਕੈਂਪਾਂ ਤੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ, ਫੀਡ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਉਪਰੋਕਤ ਜ਼ਿਲਿਆਂ ਦੇ ਪਿੰਡਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਮੈਡੀਕਲ ਕੈਂਪ ਲਗਾਏ ਜਾਣਗੇ। ਹੁਣ ਤੱਕ ਲਗਭਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਇਥੇ ਜ਼ਿਕਰਯੋਗ ਹੈ ਕਿ ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।



# ਇੱਕ ਵਾਰ ਫ਼ਿਰ ਹੋਇਆ ਮਿਡ ਡੇ ਮੀਲ ਬਲਾਕ ਮੈਨੇਜਰਾਂ ਨਾਲ ਧੱਕਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਪਿਛਲੇ 16 ਸਾਲਾਂ ਤੋਂ ਬਲਾਕ ਦਫ਼ਤਰਾਂ ਵਿੱਚ ਪੂਰੀ ਤਨਦੇਹੀ ਨਾਲ ਬਹੁਤ ਹੀ ਨਿਗੂਣੀਆਂ ਤਨਖਾਹਾਂ ਤੇ ਸੇਵਾ ਨਿਭਾ ਰਹੇ ਸਹਾਇਕ ਬਲਾਕ ਮੈਨੇਜਰਾਂ ਨਾਲ ਵਿਭਾਗ ਦੇ ਅਧਿਕਾਰੀਆਂ ਨੇ ਇੱਕ ਵਾਰ ਫ਼ਿਰ ਧੱਕਾ ਕਰਦੇ ਹੋਏ ਰੈਗੂਲਰ ਕਰਨ ਲਈ ਇਨ੍ਹਾਂ ਨੂੰ ਨਹੀਂ ਵਿਚਾਰਿਆ ਗਿਆ ਜਦਕਿ ਕੈਬਨਿਟ ਸਬ ਕਮੇਟੀ ਵੱਲੋਂ ਹਰੇਕ ਮੀਟਿੰਗ ਵਿੱਚ ਵਾਰ ਵਾਰ ਵਿਭਾਗ ਦੇ ਅਧਿਕਾਰੀਆਂ ਨੂੰ ਸਮੱਗਰਾ ਦੇ ਦਫ਼ਤਰੀ ਕਰਮਚਾਰੀਆਂ ਦੇ ਨਾਲ ਨਾਲ ਮਿਡ ਡੇ ਮੀਲ ਦੇ ਸਹਾਇਕ ਬਲਾਕ ਮੈਨੇਜਰਾਂ ਨੂੰ ਵੀ ਰੈਗੂਲਰ ਕਰਨ ਲਈ ਕਿਹਾ ਗਿਆ।ਇਸ ਸਬੰਧੀ ਡੇਰਾ ਬਾਬਾ ਨਾਨਕ ਵਿਖੇ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਏਬੀਐਮ. ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਮੁਨੀਸ਼ ਕੁਮਾਰ ਨੇ ਦੱਸਿਆ ਕਿ ਸਾਲ 2009 ਤੋਂ ਸੇਵਾ ਨਿਭਾ ਰਹੇ ਮਿਡ ਡੇ ਮੀਲ ਸਹਾਇਕ ਬਲਾਕ ਮੈਨਜਰਾਂ ਨਾਲ ਸਮੇਂ ਦੀਆਂ ਸਰਕਾਰਾਂ ਅਤੇ ਸਿੱਖਿਆ ਵਿਭਾਗ ਵੱਲੋਂ ਸ਼ੁਰੂ ਤੋਂ ਹੀ ਵਿਤਕਰਾ ਕੀਤਾ ਜਾ ਰਿਹਾ ਹੈ।ਪਹਿਲਾਂ ਸਾਲ 2014 ਵਿੱਚ ਜਦ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਕਰਮਚਾਰੀਆਂ ਨੂੰ ਗ੍ਰੇਡ ਪੇਅ ਲਗਾ ਕੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਕੀਤਾ ਗਿਆ ਪਰ ਮਿਡ ਡੇ ਮੀਲ ਸੁਸਾਇਟੀ ਦੇ ਕਰਮਚਾਰੀਆਂ ਨੂੰ ਵੱਖਰੀ ਸੁਸਾਇਟੀ ਦਾ ਨਾਂ ਦੇ ਕੇ ਵਿਤਕਰਾ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਦਸੰਬਰ 2024 ਵਿੱਚ ਵਿਭਾਗ ਵੱਲੋਂ ਇਕ ਵਾਰ ਫਿਰ ਤੋਂ ਸਹਾਇਕ ਬਲਾਕ ਮੈਨੇਜਰਾਂ ਨਾਲ ਧੱਕਾ ਕਰਦੇ ਹੋਏ ਮਿਡ ਡੇ ਮੀਲ ਸੋਸਾਇਟੀ ਅਧੀਨ ਕੰਮ ਕਰਦੇ ਲੇਖਾਕਾਰ ਜੋ ਕਿ ਇਨ੍ਹਾਂ ਦੇ ਨਾਲ ਹੀ ਭਰਤੀ ਹੋਏ ਸਨ ਉਨ੍ਹਾਂ ਦੀ ਤਨਖਾਹ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਲੇਖਾਕਾਰਾਂ ਦੇ ਬਰਾਬਰ ਕਰਨ ਦੀ ਮਨਜ਼ੂਰੀ ਵਿੱਤ ਵਿਭਾਗ ਤੋਂ ਚੁੱਪ ਚੁਪੀਤੇ ਲੈ ਕੇ ਲੇਖਾਕਾਰਾਂ ਨੂੰ 01 ਅਪ੍ਰੈਲ 2023 ਤੋਂ ਬਕਾਇਆ ਵੀ ਦੇ ਦਿੱਤਾ ਗਿਆ। ਵਿੱਤ ਵਿਭਾਗ ਵੱਲੋਂ ਸਾਲ 2019 ਵਿੱਚ ਦਿੱਤੀ ਮੰਜ਼ੂਰੀ ਅਨੁਸਾਰ ਸਮੱਗਰਾ ਅਤੇ ਮਿਡ ਡੇ ਮੀਲ ਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਹਿੱਤ ਅਸਾਮੀਆਂ ਦੀ ਰਚਨਾ ਕਰ ਦਿੱਤੀ ਗਈ ਸੀ ਪਰ ਉਸੇ ਮਨਜ਼ੂਰੀ ਦੇ ਅਧਾਰ ਤੇ ਹੀ ਹੁਣ ਜੁਲਾਈ 2025 ਵਿੱਚ ਵਿੱਤ ਵਿਭਾਗ ਵੱਲੋਂ ਦੁਬਾਰਾ ਮਨਜ਼ੂਰੀ ਦਿੱਤੀ ਗਈ ਪਰ ਵਿਭਾਗ ਵੱਲੋਂ ਫ਼ਿਰ ਤੋਂ ਮਿਡ ਡੇ ਮੀਲ ਕਰਮਚਾਰੀਆਂ ਨੂੰ ਛੱਡ ਦਿੱਤਾ ਗਿਆ।ਉਨ੍ਹਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਾਲ 2019 ਵਿੱਚ ਵਿੱਤ ਵਿਭਾਗ ਵੱਲੋਂ ਦਿੱਤੀ ਗਈ ਮਨਜ਼ੂਰੀ ਅਨੁਸਾਰ ਸਮੱਗਰਾ ਦੇ ਕਰਮਚਾਰੀਆਂ ਦੇ ਨਾਲ ਨਾਲ ਮਿਡ ਡੇ ਮੀਲ ਦੇ ਕਰਮਚਾਰੀਆਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ ਨਹੀਂ ਤਾਂ ਵਿਭਾਗ ਦੇ ਇਸ ਨਾਦਰਸ਼ਾਹ ਫ਼ੈਸਲੇ ਦੇ ਵਿਰੋਧ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਖਿਲਾਫ਼ ਗੁਪਤ ਐਕਸ਼ਨ ਕੀਤੇ ਜਾਣਗੇ।



# ਐੱਸਬੀਆਈ ਲਾਈਫ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਦਾਅਵਾ ਪ੍ਰਕਿਰਿਆ ਨੂੰ ਆਸਾਨ ਬਣਾਇਆ

**ਬਠਿੰਡਾ :** ਐਸਬੀਆਈ ਲਾਈਫ ਇੰਸ਼ੋਰੈਂਸ ਨੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਪਾਲਿਸੀਧਾਰਕਾਂ ਅਤੇ ਪਰਿਵਾਰਾਂ ਲਈ ਵਿਸ਼ੇਸ਼ ਰਾਹਤ ਉਪਾਵਾਂ ਦਾ ਐਲਾਨ ਕੀਤਾ ਹੈ। ਸਮੇਂ ਸਿਰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ, ਬੀਮਾਕਰਤਾ ਨੇ ਆਪਣੀ ਦਾਅਵਾ ਪ੍ਰਕਿਰਿਆ ਨੂੰ ਸਰਲ ਬਣਾਇਆ ਹੈ ਅਤੇ ਦਸਤਾਵੇਜ਼ੀ ਜ਼ਰੂਰਤਾਂ ਨੂੰ ਢਿੱਲ ਦਿੱਤੀ ਹੈ।ਇੱਕ ਵੱਡੀ ਰਾਹਤ ਵਜੋਂ ਐੱਸਬੀਆਈ ਲਾਈਫ ਦਾਅਵੇਦਾਰਾਂ ਤੋਂ ਮੌਤ ਸਰਟੀਫਿਕੇਟ ਤੇ ਜ਼ੋਰ ਨਹੀਂ ਦੇਵੇਗਾ। ਅਧਿਕਾਰਤ ਸਰਕਾਰੀ ਰਿਕਾਰਡਾਂ, ਨਗਰਪਾਲਿਕਾ ਰਜਿਸਟਰਾਂ, ਈ-ਗਵਰਨੈਂਸ ਪੋਰਟਲਾਂ, ਜਾਂ ਹੋਰ ਅਧਿਕਾਰਤ ਡੇਟਾਬੇਸ ਵਿੱਚ ਦਰਜ ਮੌਤ ਦਾ ਸਬੂਤ ਸਵੀਕਾਰ ਕੀਤਾ ਜਾਵੇਗਾ। ਐੱਸਬੀਆਈ ਲਾਈਫ ਨੇ ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਮਰਪਿਤ ਨੋਡਲ ਅਫਸਰ ਵੀ ਨਿਯੁਕਤ ਕੀਤੇ ਹਨ ਤਾਂ ਜੋ ਨਿਰਵਿਘਨ ਸਹਾਇਤਾ ਯਕੀਨੀ ਬਣਾਈ ਜਾ ਸਕੇ।ਕੰਪਨੀ ਨੇ ਕਿਹਾ ਕਿ ਉਹ ਜਾਨ ਅਤੇ ਜਾਇਦਾਦ ਦੇ ਨੁਕਸਾਨ 'ਤੇ ਦੁੱਖ ਪ੍ਰਗਟ ਕਰਦੀ ਹੈ ਅਤੇ ਦੁੱਖ ਦੀ ਇਸ ਘੜੀ ਵਿੱਚ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਵਚਨਬੱਧ ਹੈ।

ਨਵਾਂ ਜ਼ਮਾਨਾ
ਸ਼ਨੀਵਾਰ 13 ਸਤੰਬਰ 2025

# ਭਾਜਪਾ ਤੇ ਰਾਮਦੇਵ ਦੀ ਆੜੀ

*ਉੱਤਰਾਖੰਡ ਦੇ ਮਸ਼ਹੂਰ ਜਾਰਜ ਐਵਰੈਸਟ ਐਸਟੇਟ ਵਿੱਚ ਐਡਵੈਂਚਰ ਟੂਰਿਜ਼ਮ ਨੂੰ ਬੜ੍ਹਾਵਾ ਦੇਣ ਲਈ ਦਸੰਬਰ 2022 ’ਚ ਕੱਢੇ ਗਏ ਟੈਂਡਰ ਦੀ ਪ੍ਰਕਿਰਿਆ ਹੁਣ ਵਿਵਾਦਾਂ ’ਚ ਹੈ। ਸਰਕਰਦਾ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਦੀ ਜਾਂਚ ’ਚ ਸਾਹਮਣੇ ਆਇਆ ਹੈ ਕਿ ਇਸ ਟੈਂਡਰ ’ਚ ਤਿੰਨ ਕੰਪਨੀਆਂ ਨੇ ਹਿੱਸਾ ਲਿਆ ਸੀ। ਤਿੰਨੋਂ ਕੰਪਨੀਆਂ ਵਿੱਚ ਪਤੰਜਲੀ ਆਯੂਰਵੇਦ ਲਿਮਟਿਡ ਦੇ ਸਹਿ-ਬਾਨੀ ਤੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਦਾ ਹਿੱਸਾ ਸੀ। ਆਚਾਰੀਆ ਬਾਲਕ੍ਰਿਸ਼ਨ ਯੋਗ ਗੁਰੂ ਰਾਮਦੇਵ ਦਾ ਖਾਸ ਹੈ। ਦੋਹਾਂ ਨੇ ਮਿਲ ਕੇ ਪਤੰਜਲੀ ਕੰਪਨੀ ਖੜ੍ਹੀ ਕੀਤੀ ਹੈ। ਇਸ ਪ੍ਰੋਜੈਕਟ ਤਹਿਤ ਚੁਣੇ ਗਏ ਅਪ੍ਰੇਟਰ ਨੂੰ 142 ਏਕੜ ਜ਼ਮੀਨ, ਪੰਜ ਲੱਕੜੀ ਦੇ ਹੱਟ, ਇੱਕ ਕੈਫੇ, ਦੋ ਮਿਊਜ਼ੀਅਮ, ਇੱਕ ਆਬਜ਼ਰਵੇਟਰੀ, ਪਾਰਕਿੰਗ, ਪੈਦਲ ਮਾਰਗ ਅਤੇ ਹੈਲੀਪੈਡ ਦੀ ਸਹੂਲਤ ਦਿੱਤੀ ਗਈ। ਇਹ ਸਭ ਰਾਜ ਸਰਕਾਰ ਦੇ ਖਰਚ ’ਤੇ ਕੀਤਾ ਗਿਆ। ਇਸ ਦੇ ਬਦਲੇ ਕੰਪਨੀ ਨੇ ਸਿਰਫ ਇੱਕ ਕਰੋੜ ਰੁਪਏ ਸਾਲਾਨਾ ਕਿਰਾਇਆ ਦੇਣਾ ਸੀ। ਰਿਕਾਰਡ ਦੱਸਦੇ ਹਨ ਕਿ ਬਾਲਕ੍ਰਿਸ਼ਨ ਕੋਲ ਪ੍ਰਾਕ੍ਰਿਤੀ ਆਰਗੈਨਿਕਸ ਇੰਡੀਆ ਪ੍ਰਾਈਵੇਟ ਲਿਮਟਿਡ ਅਤੇ ਭਰੁਵਾ ਐਗਰੋ ਸਾਇੰਸ ਪ੍ਰਾਈਵੇਟ ਲਿਮਟਿਡ ਵਿੱਚ 99 ਫੀਸਦੀ ਤੋਂ ਵੱਧ ਹਿੱਸੇਦਾਰੀ ਸੀ। ਤੀਜੀ ਕੰਪਨੀ ਰਾਜਸ ਏਅਰੋਸਪੋਰਟਸ ਐਂਡ ਐਡਵੈਂਚਰਜ਼ ਪ੍ਰਾਈਵੇਟ ਲਿਮਟਿਡ ਨੂੰ ਟੈਂਡਰ ਹਾਸਲ ਹੋਇਆ। ਇਸ ਕੰਪਨੀ ਵਿੱਚ ਬੋਲੀ ਵੇਲੇ ਬਾਲਕ੍ਰਿਸ਼ਨ ਕੋਲ 25 ਫੀਸਦੀ ਹਿੱਸੇਦਾਰੀ ਸੀ, ਪਰ ਜੁਲਾਈ 2023 ਵਿੱਚ ਕਾਨਟ੍ਰੈਕਟ ਮਿਲਣ ਤੋਂ ਬਾਅਦ ਇਹ ਹਿੱਸੇਦਾਰੀ ਵਧ ਕੇ 69 ਫੀਸਦੀ ਹੋ ਗਈ। ਬਾਅਦ ਵਿੱਚ ਪਤੰਜਲੀ ਰੈਵੋਲਿਊਸ਼ਨ ਐਂਡ ਫਿੱਟ ਇੰਡੀਆ ਆਰਗੈਨਿਕਸ ਵਰਗੀਆਂ ਹੋਰ ਕੰਪਨੀਆਂ ਨੇ ਵੀ ਹਿੱਸੇਦਾਰੀ ਖਰੀਦ ਕੇ ਬਾਲਕ੍ਰਿਸ਼ਨ ਦੀ ਪਕੜ ਹੋਰ ਮਜ਼ਬੂਤ ਕਰ ਦਿੱਤੀ।*

*ਹੁਣ ਇਹ ਸਵਾਲ ਉਠਿਆ ਹੈ ਕਿ ਕੀ ਕਾਨਟ੍ਰੈਕਟ ਹਾਸਲ ਕਰਨ ਲਈ ਮੁਕਾਬਲਾ ਵਾਕਈ ਨਿਰਪੱਖ ਸੀ? ਟੈਂਡਰ ਦੇ ਨਿਯਮ ਸਪੱਸ਼ਟ ਕਹਿੰਦੇ ਸਨ ਕਿ ਬੋਲੀ ਲਾਉਣ ਵਾਲੇ ਸਾਜ਼ਬਾਜ਼ ਨਹੀਂ ਕਰ ਸਕਦੇ। ਸੈਰਸਪਾਟਾ ਵਿਭਾਗ ਦੇ ਅਧਿਕਾਰੀਆਂ ਨੇ ਟੈਂਡਰ ਪ੍ਰਕਿਰਿਆ ਨੂੰ ਪਾਰਦਰਸ਼ੀ ਦੱਸਿਆ ਹੈ। ਵਿਭਾਗ ਦੇ ਡਿਪਟੀ ਡਾਇਰੈਕਟਰ ਅਮਿਤ ਲੋਹਾਨੀ ਨੇ ਕਿਹਾ ਹੈ ਕਿ ਇੱਕ ਕਰੋੜ ਰੁਪਏ ਸਾਲਾਨਾ ਕਿਰਾਇਆ ਵਾਜਬ ਹੈ ਤੇ ‘ਬੋਲੀ ਵਿੱਚ ਕੋਈ ਵੀ ਹਿੱਸਾ ਲੈ ਸਕਦਾ ਸੀ’। ਉਨ੍ਹਾ ਦੱਸਿਆ ਕਿ ਇਸ ਪ੍ਰੋਜੈਕਟ ਤੋਂ ਹੁਣ ਤੱਕ ਰਾਜ ਸਰਕਾਰ ਨੂੰ ਪੰਜ ਕਰੋੜ ਰੁਪਏ ਤੋਂ ਵੱਧ ਜੀ ਐੱਸ ਟੀ ਦੇ ਰੂਪ ਵਿੱਚ ਮਿਲ ਚੁੱਕੇ ਹਨ। ਐਡਵੈਂਚਰ ਸਪੋਰਟਸ ਦੇ ਸਾਬਕਾ ਏ ਸੀ ਈ ਓ ਪੁੰਡੀਰ ਨੇ ਵੀ ਇਹੀ ਕਿਹਾ ਹੈ ਕਿ ਜੇ ਕੰਪਨੀਆਂ ਜਾਇਜ਼ ਤੇ ਕਾਨੂੰਨੀ ਹਨ ਤਾਂ ਉਨ੍ਹਾਂ ਨੂੰ ਬੋਲੀ ਵਿੱਚ ਹਿੱਸਾ ਲੈਣ ਦਾ ਹੱਕ ਹੈ।*

*19ਵੀਂ ਸਦੀ ਦੇ ਸਰਵੇਅਰ ਜਨਰਲ ਸਰ ਜਾਰਜ ਐਵਰੈਸਟ ਦਾ ਇਹ ਐਸਟੇਟ 23.5 ਕਰੋੜ ਰੁਪਏ ਦੀ ਲਾਗਤ ਨਾਲ ਏਸ਼ੀਅਨ ਡਿਵੈਲਪਮੈਂਟ ਬੈਂਕ ਤੋਂ ਲਏ ਗਏ ਕਰਜ਼ੇ ਨਾਲ ਮੁੜ ਵਿਕਸਤ ਕੀਤਾ ਗਿਆ ਹੈ। ਇਸਨੂੰ ਰਾਜ ਸਰਕਾਰ ਦੀ ਹਿਮਾਲੀਅਨ ਦਰਸ਼ਨ ਯੋਜਨਾ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸ ਵਿੱਚ ਪੈਰਾਗਲਾਈਡਿੰਗ, ਰੌਕ ਕਲਾਈਬਿੰਗ, ਹੌਟ ਏਅਰ ਬਲੂਨਿੰਗ ਤੇ ਜ਼ਾਇਰੋਕਾਪਟਰ ਰਾਈਡਜ਼ ਵਰਗੀਆਂ ਸਰਗਰਮੀਆਂ ਸ਼ਾਮਲ ਹਨ। ਹਾਲਾਂਕਿ ਸਰਕਾਰ ਇਸ ਨੂੰ ਸੈਰਸਪਾਟੇ ਨੂੰ ਬੜ੍ਹਾਵਾ ਦੇਣ ਲਈ ਇੱਕ ਫਲੈਗਸ਼ਿਪ ਪ੍ਰੋਜੈਕਟ ਮੰਨਦੀ ਹੈ ਪਰ ਅਖਬਾਰ ਦੀ ਰਿਪੋਰਟ ਦੱਸਦੀ ਹੈ ਕਿ ਸਾਰੀਆਂ ਬੋਲੀਆਂ ਇੱਕ ਹੀ ਉਦਯੋਗਪਤੀ ਨਾਲ ਜੁੜੀਆਂ ਸਨ। ਰਿਪੋਰਟ ਜਨਤਕ ਖਰੀਦ ਪ੍ਰਣਾਲੀ ਦੀ ਨਿਰਪੱਖਤਾ ਤੇ ਜਵਾਬਦੇਹੀ ’ਤੇ ਸਵਾਲ ਖੜ੍ਹੇ ਕਰਦੀ ਹੈ। ਮਾਹਰ ਮੰਨਦੇ ਹਨ ਕਿ ਇਹ ਪੈਟਰਨ ਮੁਕਾਬਲੇਬਾਜ਼ੀ ਦੀ ਭਾਵਨਾ ਨੂੰ ਕਮਜ਼ੋਰ ਕਰਦਾ ਹੈ। ਬੋਲੀ ਦੀ ਪ੍ਰਕਿਰਿਆ ਤੋਂ ਸਾਫ ਹੈ ਕਿ ਉੱਤਰਾਖੰਡ ਦੀ ਭਾਜਪਾ ਸਰਕਾਰ ਨੇ ਪ੍ਰੋਜੈਕਟ ਬਾਬਾ ਰਾਮਦੇਵ ਤੇ ਬਾਲਕ੍ਰਿਸ਼ਨ ਹਵਾਲੇ ਹੀ ਕਰਨਾ ਸੀ, ਜਿਨ੍ਹਾਂ ਮੋਦੀ ਸਰਕਾਰ ਲਿਆਉਣ ਲਈ ਕਾਂਗਰਸ ਵਿਰੁੱਧ ਪ੍ਰਚਾਰ ਕੀਤਾ ਸੀ।*

## *ਹੜ੍ਹਾਂ ’ਚ ਸੇਵਾਦਾਰ !*

*ਦਿਨ-ਰਾਤ ਹੀ ਸੇਵਾ ਵਿੱਚ ਮਘਨ ਹੋਏ,*
*ਦਰਦ ਜਿਨ੍ਹਾਂ ਨੂੰ ਹੜ੍ਹਾਂ ਦੇ ਮਾਰਿਆਂ ਦਾ।*
*ਮਦਦ ਕਰਦਿਆਂ ਦਿਸਦੇ ਨੇ ਕਈ ਭਾਵੇਂ,*
*ਮਕਸਦ ਇਕ ਹੀ ਨਹੀਂ ਹੈ ਸਾਰਿਆਂ ਦਾ।*
*ਸੰਕਟ ਸਮੇਂ ਵੀ ਸ਼ੋਹਰਤਾਂ ਚਾਹੁਣ ਜਿਹੜੇ,*
*ਪਤਾ ਲੱਗ ਜਾਂਦਾ ਝੱਲ ਖਿਲਾਰਿਆਂ ਦਾ।*
*ਬਿਨਾਂ ਫੋਟੋ ਖਿਚਵਾਇਆਂ ਜੋ ਡਟੇ ਹੋਏ,*
*ਕਰੀਏ ਸ਼ੁਕਰੀਆ ਗੁਰੂ ਸਵਾਰਿਆਂ ਦਾ।*
*ਕਰੋ ‘ਫੰਡ’ ਇਕੱਠਾ ਕਈ ਕਹਿਣ ਕਾਹਲੇ,*
*ਜਿਨ੍ਹਾਂ ਲੁੱਟਣ ਦੀ ਆਦਤ ਨਾ ਛੱਡਣੀ ਜੀ।*
*‘ਬੀਅ ਵੋਟਾਂ’ ਦੇ ਬੀਜਦੇ ਸਿਆਸਤੀ ਵੀ,*
*‘ਫਸਲ’ ਜਿਨ੍ਹਾਂ ਸਤਾਈ ਵਿੱਚ ਵੱਢਣੀ ਜੀ!*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# 1962 ਤੋਂ ਆਰਥਕ ਪਾਬੰਦੀਆਂ ਦਾ ਸਾਹਮਣਾ ਕਰ ਰਿਹਾ ਕਿਊਬਾ


ਪਵਨ ਕੁਮਾਰ ਕੌਸ਼ਲ

26 ਜੁਲਾਈ, 1953 ਨੂੰ ਲਗਭਗ 150 ਆਦਮੀਆਂ ਨੇ ਮੋਨਕਾਡਾ ਬੈਰਕਾਂ ’ਤੇ ਹਥਿਆਰਬੰਦ ਹਮਲਾ ਕੀਤਾ, ਜੋ ਕਿ ਕਿਊਬਾ ਵਿੱਚ ਯੂ ਐੱਸ ਏ ਸਾਮਰਾਜਵਾਦ ਦੇ ਦਮਨਕਾਰੀ ਰਾਜ ਯੰਤਰ ਦਾ ਹਿੱਸਾ ਸੀ। ਕਿਊਬਾ ਇਨਕਲਾਬ 26 ਜੁਲਾਈ ਅੰਦੋਲਨ ਦੁਆਰਾ ਫੁਲਗੇਂਸੀਓ ਬਤਿਸਤਾ ਦੇ ਸ਼ਾਸਨ ਦਾ ਤਖਤਾ ਪਲਟਣਾ ਅਤੇ 1959 ਵਿੱਚ ਫਿਦੇਲ ਕਾਸਤਰੋ ਅਤੇ ਗੁਰੀਲਾ ਯੁੱਧ ਮਾਹਰ ਚੀ. ਗੁਵੇਰਾ ਦੀ ਅਗਵਾਈ ਵਿੱਚ ਇੱਕ ਨਵੀਂ ਕਿਊਬਾ ਸਰਕਾਰ ਦੀ ਸਥਾਪਨਾ ਸੀ। ਫੁਲਗੇਂਸੀਓ ਬਤਿਸਤਾ, ਇੱਕ ਫੌਜੀ ਅਫਸਰ, 1930 ਦੇ ਦਹਾਕੇ ਤੋਂ ਲੈ ਕੇ 1959 ਦੇ ਇਨਕਲਾਬ ਤੱਕ ਕਿਊਬਾ ਦੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਹਸਤੀ ਬਣਿਆ ਰਿਹਾ। ਕਿਊਬਾ 1959 ਵਿੱਚ ਅਮਰੀਕਾ-ਸਮਰਥਿਤ ਬਤਿਸਤਾ ਦੀ ਤਾਨਾਸ਼ਾਹੀ ਦੇ ਪਤਨ ਤੋਂ ਬਾਅਦ ਕਿਊਬਾ ਕਾਸਤਰੋ ਅਤੇ ਉਨ੍ਹਾ ਦੇ ਉੱਤਰਾਧਿਕਾਰੀਆਂ ਦੀ ਅਗਵਾਈ ਵਾਲਾ ਕਮਿਊਨਿਸਟ ਪਾਰਟੀ ਦਾ ਰਾਜ ਬਣਿਆ। ਬਤਿਸਤਾ ਦੇ ਸ਼ਾਸਨ ਅਧੀਨ ਵਿਆਪਕ ਸਮਾਜਿਕ ਅਸਮਾਨਤਾ ਅਤੇ ਭ੍ਰਿਸ਼ਟਾਚਾਰ ਨੇ ਡੂੰਘੀ ਅਸੰਤੁਸ਼ਟੀ ਦਾ ਮਾਹੌਲ ਪੈਦਾ ਕੀਤਾ, ਜਿਸ ਨਾਲ ਇੱਕ ਵਧਦੀ ਹੋਈ ਵਿਰੋਧੀ ਲਹਿਰ ਹੋਈ, ਜੋ ਕਿਊਬਾ ਇਨਕਲਾਬ ਵਿੱਚ ਸਮਾਪਤ ਹੋਈ। ਕਿਊਬਾ ਇਨਕਲਾਬ ਸਾਮਰਾਜਵਾਦ ਅਤੇ ਰਾਸ਼ਟਰੀ ਬੁਰਜੂਆਜੀ ਦੇ ਵਿਰੁੱਧ ਸੀ। ਕਿਊਬਾ 1.1 ਕਰੋੜ ਦੇ ਕਰੀਬ ਅਬਾਦੀ ਵਾਲਾ ਇੱਕ ਛੋਟਾ ਜਿਹਾ ਦੇਸ਼ ਹੈ, ਜਿੱਥੇ ਜ਼ਿਆਦਾਤਰ ਲੋਕ ਆਪਣੇ ਨਿੱਜੀ ਘਰਾਂ ਵਿੱਚ ਰਹਿੰਦੇ ਹਨ। ਸਿੱਖਿਆ ਅਤੇ ਸਿਹਤ ਸੰਭਾਲ ਵੀ ਮੁਫਤ ਹੈ। ਕਿਊਬਾ ਦੀ ਸਰਕਾਰ ਇੱਕ ਰਾਸ਼ਟਰੀ ਸਿਹਤ ਪ੍ਰਣਾਲੀ ਚਲਾਉਂਦੀ ਹੈ ਅਤੇ ਆਪਣੇ ਸਾਰੇ ਨਾਗਰਿਕਾਂ ਦੀ ਸਿਹਤ ਸੰਭਾਲ ਲਈ ਵਿੱਤੀ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀ ਲੈਂਦੀ ਹੈ। ਕਿਊਬਾ ਵਿੱਚ ਸਾਰੀ ਸਿਹਤ ਸੰਭਾਲ ਕਿਊਬਾ ਦੇ ਵਸਨੀਕਾਂ ਲਈ ਮੁਫ਼ਤ ਹੈ। ਕੋਈ ਵੀ ਨਿੱਜੀ ਹਸਪਤਾਲ ਜਾਂ ਕਲੀਨਿਕ ਨਹੀਂ, ਕਿਉਂਕਿ ਸਾਰੀਆਂ ਸਿਹਤ ਸੇਵਾਵਾਂ ਸਰਕਾਰ ਦੁਆਰਾ ਚਲਾਈਆਂ ਜਾਂਦੀਆਂ ਹਨ। ਸਰਕਾਰ ਕੋਲ ਭੋਜਨ ਸਪਲਾਈ, ਪੀਣ ਵਾਲੇ ਪਦਾਰਥ, ਖੇਡਾਂ ਦੀਆਂ ਗਤੀਵਿਧੀਆਂ ਅਤੇ ਮਨੋਰੰਜਨ ਸਮੇਤ ਕਈ ਹੋਰ ਸੇਵਾਵਾਂ ਲਈ ਸਬਸਿਡੀਆਂ ਹਨ। 90% ਲੋਕ ਨਾਸਤਿਕ ਹਨ। ਇਸ ਮਹਾਨ ਦੇਸ਼ ਨੇ ਵਿਸ਼ਵ ਦੇ ਚੋਟੀ ਦੇ ਡਾਕਟਰ ਪੈਦਾ ਕੀਤੇ ਹਨ ਅਤੇ ਦੂਜੇ ਦੇਸ਼ਾਂ ਵਿੱਚ ਮਾਨਵਤਾ ਦੇ ਪੱਖੋਂ ਸਿਹਤ ਸੇਵਾਵਾਂ ਲ਼ਈ ਤੱਤਪਰ ਰਹਿੰਦੇ ਹਨ। ਇੱਕ ਮਜ਼ਬੂਤ ਯੂਨੀਵਰਸਲ ਸਿਹਤ ਸੰਭਾਲ ਪ੍ਰਣਾਲੀ ਬਣਾਉਣਾ ਕਿਸੇ ਵੀ ਦੇਸ਼ ਲਈ ਸੱਚਮੁੱਚ ਇੱਕ ਵੱਡੀ ਪ੍ਰਾਪਤੀ ਹੈ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ। ਕਿਊਬਾ ਦੁਨੀਆ ਭਰ ਵਿੱਚ ਆਪਣੇ ਹਮੇਸ਼ਾ ਲਈ ਖੁਸ਼ਹਾਲ ਡਾਕਟਰਾਂ ਲਈ ਜਾਣਿਆ ਜਾਂਦਾ ਹੈ। ਅੰਤਰਰਾਸ਼ਟਰੀਵਾਦ ਕਿਊਬਾ ਦੇ ਅਜਿਹੇ ਕਿਸੇ ਵੀ ਪਹੁੰਚ ਅਤੇ ਸਹਾਇਤਾ ਦੀ ਰੀੜ੍ਹ ਦੀ ਹੱਡੀ ਬਣਦਾ ਹੈ। ਕਿਊਬਾ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਬੰਬ ਨਹੀਂ ਬਣਾਏ ਅਸੀਂ ਨਿਊਕਲੀਅਰ ਬੰਬ ਨਹੀਂ ਗਿਰਾਏ, ਅਸੀਂ ਆਪਣੇ ਦੇਸ਼ ਵਿਚ ਡਾਕਟਰ ਬਣਾਏ ਹਨ, ਜੋ ਹੁਣ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਸੇਵਾ ਵਿਚ ਹਾਜ਼ਰ ਹਨ। ਕਿਊਬਾ ਵਿੱਚ ਪ੍ਰਤੀ 1000 ਲੋਕਾਂ ਵਿੱਚ 8.42 ਡਾਕਟਰ ਹਨ, ਜਦੋਂ ਕਿ ਅਮਰੀਕਾ ਵਿੱਚ ਇਹ ਅੰਕੜਾ 2.61, ਯੂ ਕੇ ਵਿੱਚ 3, ਨਾਰਵੇ ਵਿੱਚ 5.04, ਇਜ਼ਰਾਈਲ ਵਿੱਚ 3.63, ਫਿਨਲੈਂਡ ਵਿੱਚ 4.64, ਭਾਰਤ ਵਿੱਚ 0.74 ਅਤੇ ਚੀਨ ਵਿੱਚ 2.23 ਹੈ।

10 ਮਿਲੀਅਨ ਤੋਂ ਵੱਧ ਲੋਕਾਂ ਦੇ ਇੱਕ ਛੋਟੇ ਜਿਹੇ ਦੇਸ਼ ਕਿਊਬਾ ਵਿੱਚ ਲਗਭਗ 50,000 ਮੈਡੀਕਲ ਪ੍ਰੋਫੈਸਰ, 100,000 ਤੋਂ ਵੱਧ ਡਾਕਟਰ ਅਤੇ ਲਗਭਗ 100,000 ਨਰਸਾਂ ਹਨ। ਕੁਝ ਹੋਰ ਅੰਦਾਜ਼ੇ ਦੱਸਦੇ ਹਨ ਕਿ 2023 ਤੱਕ ਪ੍ਰਤੀ 1000 ਲੋਕਾਂ ਵਿੱਚ 9.2 ਤੋਂ ਵੱਧ ਡਾਕਟਰ ਸਨ। 1959 ਦੇ ਇਨਕਲਾਬ ਤੋਂ ਪਹਿਲਾਂ ਕਿਊਬਾ ਜੂਏ, ਨਸ਼ਿਆਂ ਅਤੇ ਵੇਸਵਾਗਮਨੀ ਲਈ ਇੱਕ ਸਵਰਗ ਸੀ। ਅਮਰੀਕਾ ਚਾਹੁੰਦਾ ਸੀ ਕਿ ਕਿਊਬਾ ਉਨ੍ਹਾਂ ਦੇ ਮਨੋਰੰਜਨ ਸਥਾਨ ਵਿੱਚ ਬਦਲ ਜਾਵੇ। 1959 ਦੇ ਇਨਕਲਾਬ ਤੋਂ ਬਾਅਦ ਕਿਊਬਾ ਦੇ ਬਣੇ ਪ੍ਰਧਾਨ ਮੰਤਰੀ ਫਿਦੇਲ ਕਾਸਤਰੋ ਨੇ ਅਜਿਹਾ ਸਭ ਕੁਝ ਖਤਮ ਕਰਨ ਹਿੱਤ ਕਦਮ ਚੁੱਕੇ। 1962 ਵਿੱਚ ਕਿਊਬਾ ਮਿਜ਼ਾਈਲ ਸੰਕਟ ਤੋਂ ਬਾਅਦ, ਜਿਸ ਵਿੱਚ ਅਮਰੀਕਾ ਨੂੰ ਸੋਵੀਅਤ ਯੂਨੀਅਨ ਨਾਲ ਪ੍ਰਮਾਣੂ ਟਕਰਾਅ ਦੇ ਮੱਦੇਨਜ਼ਰ ਕਿਊਬਾ ’ਤੇ ਹਮਲਾ ਕਰਨ ਦੇ ਆਪਣੇ ਪਹਿਲੇ ਘਿਨਾਉਣੇ ਇਰਾਦੇ ਤੋਂ ਪਿੱਛੇ ਹਟਣਾ ਪਿਆ। ਫੀਡਲ ਕਾਸਟਰੋ ਸਭ ਤੋਂ ਵੱਧ ਰਚਨਾਤਮਕ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਅਮਰੀਕਾ ਵੱਲੋਂ ਫਿਦੇਲ ਕਾਸਟਰੋ ਨੂੰ ਮਾਰਨ ਦੇ ਕੀਤੇ 600 ਤੋਂ ਵੱਧ ਕਤਲ ਦੇ ਯਤਨਾਂ ਤੋਂ ਵੀ ਬਚਿਆ ਰਿਹਾ। ਸਿਗਾਰਾਂ ਤੋਂ ਲੈ ਕੇ ਕੋਲਡ ਕ੍ਰੀਮ ਦੀਆਂ ਸ਼ੀਸ਼ੀਆਂ ਵਿੱਚ ਲੁਕੀਆਂ ਜ਼ਹਿਰੀਲੀਆਂ ਗੋਲੀਆਂ ਤੱਕ, ਸੀ ਆਈ ਏ ਅਤੇ ਕਿਊਬਾ ਦੇ ਜਲਾਵਤਨ ਸਮੂਹਾਂ ਨੇ ਫਿਦੇਲ ਕਾਸਤਰੋ ਨੂੰ ਮਾਰਨ ਦੇ ਤਰੀਕੇ ਲੱਭਣ ਵਿੱਚ ਲਗਭਗ 50 ਸਾਲ ਬਿਤਾਏ। ਬੇਸ਼ੱਕ, ਕੋਈ ਵੀ ਸਾਜ਼ਿਸ਼ ਸਫਲ ਨਹੀਂ ਹੋਈ। 1962 ਤੋਂ ਲੱਗੀ ਅਮਰੀਕੀ ਨਾਕਾਬੰਦੀ ਕਾਰਨ ਕਿਊਬਾ ਵਿੱਚ ਅਮਰੀਕੀ ਦਵਾਈਆਂ ਖਰੀਦਣ ਲਈ ਉਪਲੱਬਧ ਨਹੀਂ ਸਨ, ਜਿਸ ਕਾਰਨ ਦੇਸ਼ ਨੂੰ ਜਾਨਾਂ ਬਚਾਉਣ ਲਈ ਦੇਸੀ ਦਵਾਈਆਂ ਵਿਕਸਤ ਕਰਨ ਵਿੱਚ ਨਿਵੇਸ਼ ਕਰਨ ਲਈ ਹਰ ਜਗ੍ਹਾ ਜਾਣਾ ਪਿਆ। ਕਿਊਬਾ ਮੈਨਿਨਜਾਈਟਿਸ, ਦਿਮਾਗ਼ ਦੇ ਟਿਊਮਰ, ਗੁਰਦੇ ਦੇ ਕਾਰਸੀਨੋਮਾ, ਅਲਜ਼ਾਈਮਰ ਰੋਗ ਅਤੇ ਹੋਰ ਬਹੁਤ ਘੱਟ ਅਤੇ ਘਾਤਕ ਬਿਮਾਰੀਆਂ ਲਈ ਅਜਿਹੀਆਂ ਹੋਰ ਦਵਾਈਆਂ ਅਤੇ ਟੀਕਿਆਂ ਨੂੰ ਬਣਾਉਣ ਦਾ ਮਾਣ ਕਰ ਸਕਦਾ ਹੈ।

ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਨੇ ਜਾਣਬੁੱਝ ਕੇ ਕਿਸੇ ਸਾਜ਼ਿਸ਼ ਅਧੀਨ ਕਿਊਬਨ ਟਾਪੂ ’ਤੇ ਡੇਂਗੂ ਵਾਇਰਸ ਫੈਲਾਇਆ, ਜਿਸ ਨੇ 34000 ਲੋਕਾਂ ਨੂੰ ਪ੍ਰਭਾਵਿਤ ਕੀਤਾ ਅਤੇ 180 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਕਿਊਬਾ ਦੇ ਡਾਕਟਰਾਂ ਨੇ ਡੇਂਗੂ ਦੇ ਫੈਲਣ ਨੂੰ ਰੋਕਣ ਲਈ ਇੱਕ ਟੀਕਾ ਤਿਆਰ ਕੀਤਾ, ਇਸ ਤਰ੍ਹਾਂ ਹਜ਼ਾਰਾਂ ਜਾਨਾਂ ਬਚਾਈਆਂ। ਕਿਊਬਾ ਦੀ ਰਾਸ਼ਟਰੀ ਰੈਗੂਲੇਟਰੀ ਏਜੰਸੀ ਨੇ ਕੋਵਿਡ-19 ਲਈ ਅਬਦਾਲਾ ਟੀਕੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਕਿਊਬਾ ਪਹਿਲਾ ਲਾਤੀਨੀ ਅਮਰੀਕੀ ਦੇਸ਼ ਬਣ ਗਿਆ, ਜਿਸ ਨੇ ਇੱਕ ਸਫਲ ਕੋਵਿਡ-19 ਟੀਕਾ ਵਿਕਸਤ ਕੀਤਾ ਹੈ, ਜਦੋਂ ਕਿ 5,00,000 ਤੋਂ ਵੱਧ ਲੋਕ ਕਿਊਬਾ ਦੀ ਸਿਹਤ ਸੰਭਾਲ ਅਤੇ ਸੰਬੰਧਿਤ ਖੇਤਰਾਂ ਵਿੱਚ ਕੰਮ ਕਰਦੇ ਹਨ। ਕਿਊਬਾ ਨੂੰ ਇੱਕ ਸਮਾਜਵਾਦੀ ਸਮਾਜ ਬਣਾਉਣ ਦੇ ਕਿਊਬਨ ਪ੍ਰੋਜੈਕਟ ਨੂੰ ਕਿਸੇ ਵੀ ਤਰ੍ਹਾਂ ਅਣਡਿੱਠ ਨਹੀਂ ਕੀਤਾ ਜਾ ਰਿਹਾ।

ਕਿਊਬਾ ਅਮਰੀਕਾ ਦੁਆਰਾ ਉਸ ’ਤੇ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦਾ ਦਲੇਰੀ ਨਾਲ ਸਾਹਮਣਾ ਕਰ ਰਿਹਾ ਹੈ ਅਤੇ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਪੂੰਜੀਵਾਦ ਜਿਹੜਾ ਆਰਥਕ ਅਸਮਾਨਤਾਵਾਂ ਨੂੰ ਪੈਦਾ ਕਰਦਾ ਹੈ ਅਤੇ ਦੁਨੀਆ ਅੰਦਰ ਅਪਰਾਧ, ਨਸ਼ਿਆਂ, ਬੇਘਰਤਾ ਅਤੇ ਮਨੁੱਖਤਾ ਮਾਰੂ ਸ਼ਕਤੀ ਦਾ ਇੱਕ ਅਸਲ ਭੰਡਾਰ ਹਨ, ਵਿਰੁੱਧ ਕਿਊਬਾ ਦਾ ਸੰਘਰਸ਼ ਲਗਾਤਾਰ ਜਾਰੀ ਹੈ। 2014 ਤੋਂ ਵਿਕਸਤ ਦੇਸ਼ ਅਮਰੀਕਾ ਦੇ ਨਿਊਯਾਰਕ ਵਿੱਚ ਗਰੀਬੀ ਦਰ ਰਾਸ਼ਟਰੀ ਔਸਤ ਨੂੰ ਪਾਰ ਕਰ ਗਈ ਹੈ ਅਤੇ 2021 ਵਿੱਚ ਲਗਭਗ 2.7 ਮਿਲੀਅਨ ਨਿਊ ਯਾਰਕ ਵਾਸੀ ਗਰੀਬੀ ਵਿੱਚ ਰਹਿੰਦੇ ਸਨ। 2023 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਗਰੀਬੀ ਦਰ 12.4 ਫੀਸਦੀ ਸੀ, ਜਿਸ ਨੇ 43.8 ਮਿਲੀਅਨ ਲੋਕਾਂ ਨੂੰ ਪ੍ਰਭਾਵਤ ਕੀਤਾ। ਕਿਊਬਾ ਦੀ ਕਮਿਊਨਿਸਟ ਸਰਕਾਰ ਦਹਾਕਿਆਂ ਤੋਂ ਅਮਰੀਕੀ ਆਰਥਕ ਪਾਬੰਦੀਆਂ ਦਾ ਦਲੇਰੀ ਨਾਲ ਮੁਕਾਬਲਾ ਕਰਦੀ ਆ ਰਹੀ ਹੈ। ਇਸ ਨੇ ਕਿਊਬਾ ਵਿਰੋਧੀ ਭਵਿੱਖਬਾਣੀਆਂ ਨੂੰ ਵੀ ਰੱਦ ਕਰ ਦਿੱਤਾ ਕਿ ਇਹ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਤੋਂ ਨਹੀਂ ਬਚ ਸਕੇਗਾ। ਕਿਊਬਾ ਦਾ ਇਨਕਲਾਬ ਸ਼ੁਰੂ ਤੋਂ ਹੀ ਕਮਿਊਨਿਸਟਾਂ ਦੀ ਅਗਵਾਈ ਹੇਠ ਨਹੀਂ ਸੀ। ਫਿਦੇਲ ਕਾਸਟਰੋ ਦੇ ਜ਼ਿਆਦਾਤਰ ਸਾਥੀ ਕੱਟੜ ਕਿਊਬਨ ਰਾਸ਼ਟਰਵਾਦੀ ਸਨ, ਜੋ ਆਜ਼ਾਦੀ ਲਈ ਲੜੇ ਸਨ ਨਾ ਕਿ ਕਮਿਊਨਿਜ਼ਮ ਲਈ। ਅਪ੍ਰੈਲ 1959 ਵਿੱਚ ਨਿਊ ਯਾਰਕ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਫਿਦੇਲ ਕਾਸਟਰੋ ਨੇ ਕਿਹਾ ਕਿ ਉਹ ਲੋਕਤੰਤਰ ਦਾ ਪੈਰੋਕਾਰ ਸੀ ਅਤੇ ਉਹ ਕਮਿਊਨਿਸਟ ਨਹੀਂ ਸੀ। ਇਨਕਲਾਬ ਤੋਂ ਬਾਅਦ 17 ਮਈ 1959 ਦੇ ਖੇਤੀ ਸੁਧਾਰ ਕਾਨੂੰਨ ਨੇ 1,00,000 ਤੋਂ ਵੱਧ ਛੋਟੇ ਕਿਸਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਜ਼ਮੀਨ ਦੀ ਮਾਲਕੀ ਦਿੱਤੀ, ਜਿਸ ਨਾਲ 5,00,000 ਤੋਂ ਵੱਧ ਲੋਕਾਂ ਨੂੰ ਲਾਭ ਹੋਇਆ। 17 ਅਕਤੂਬਰ 1960 ਦੇ ਸ਼ਹਿਰੀ ਸੁਧਾਰ ਕਾਨੂੰਨ ਨੇ ਕਿਰਾਏਦਾਰਾਂ ਨੂੰ ਆਪਣੀ ਮਾਸਿਕ ਆਮਦਨ ਦੇ ਲਗਭਗ 30 ਫੀਸਦੀ ਦੀ ਅਦਾਇਗੀ ਨਾਲ ਵੀਹ ਸਾਲਾਂ ਤੋਂ ਵੱਧ ਸਮੇਂ ਲਈ ਘਰ ਖਰੀਦਣ ਦੀ ਆਗਿਆ ਦਿੱਤੀ। ਕਿਊਬਾ ਇੱਕ ਕਮਿਊਨਿਸਟ ਰਾਜ ਬਣਿਆ ਹੋਇਆ ਹੈ। ਕਿਊਬਾ ਦੀ ਕਮਿਊਨਿਸਟ ਪਾਰਟੀ (ਪੀ ਸੀ ਸੀ) ਇੱਕੋ-ਇੱਕ ਸੱਤਾਧਾਰੀ ਪਾਰਟੀ ਹੈ ਅਤੇ ਦੇਸ਼ ਦਾ ਸੰਵਿਧਾਨ ਸਮਾਜ ਅਤੇ ਰਾਜ ਦੀ ਅਗਵਾਈ ਕਰਨ ਵਿੱਚ ਪਾਰਟੀ ਦੀ ਭੂਮਿਕਾ ਨੂੰ ਨਿਸਚਿਤ ਕਰਦਾ ਹੈ। ਕਿਊਬਨ ਇਨਕਲਾਬ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਬੁਨਿਆਦੀ ਮੀਲ ਪੱਥਰ ਹੈ, ਜੋ ਵਿਸ਼ਵ ਪੂੰਜੀਵਾਦ ਦੀ ਜਾਇਜ਼ਤਾ ਨੂੰ ਚੁਣੌਤੀ ਦਿੰਦਾ ਹੈ। ਕਿਊਬਾ ਵਿੱਚ ਸਮਾਜਵਾਦੀ ਪ੍ਰੋਜੈਕਟ ਅਮਰੀਕੀ ਆਰਥਿਕ ਨਾਕਾਬੰਦੀ, ਸੀ ਆਈ ਏ ਖੁਫੀਆ ਕਾਰਵਾਈਆਂ ਅਤੇ ਗੰਦੀ ਰਾਜਨੀਤੀ ਦੇ ਬਾਵਜੂਦ ਕਾਇਮ ਹੈ। ਹਾਲਾਂਕਿ ਕਿਊਬਾ ਦਾ ਆਰਥਿਕ ਵਿਕਾਸ ਸ਼ਾਨਦਾਰ ਨਹੀਂ ਰਿਹਾ। ਆਬਾਦੀ ਦੀਆਂ ਸਮਾਜਿਕ ਸਥਿਤੀਆਂ ਨੂੰ ਸੁਧਾਰਨ ਵਿੱਚ ਇਸ ਦੀ ਸਫਲਤਾ ਪ੍ਰਭਾਵਸ਼ਾਲੀ ਰਹੀ ਹੈ, ਖਾਸ ਕਰਕੇ ਸਿਹਤ, ਸਿੱਖਿਆ, ਰਿਹਾਇਸ਼ ਅਤੇ ਗਰੀਬੀ ਦੇ ਖਾਤਮੇ ਦੇ ਖੇਤਰਾਂ ਵਿੱਚ। ਸਿਹਤ ਸੰਭਾਲ ਅਤੇ ਸਿੱਖਿਆ ਤੱਕ ਪਹੁੰਚ ਨੂੰ ਬੁਨਿਆਦੀ ਮਨੁੱਖੀ ਅਧਿਕਾਰਾਂ ਵਜੋਂ ਮਾਨਤਾ ਦਿੱਤੀ ਗਈ ਅਤੇ ਰਾਜ ਦੁਆਰਾ ਮੁਫ਼ਤ ਵਿੱਚ ਪ੍ਰਦਾਨ ਕੀਤੀ ਗਈ ਹੈ। ਰਿਹਾਇਸ਼ ਅਤੇ ਆਮਦਨੀ ਦੇ ਨਾਲ ਰਾਜ ਦੀ ਸਹਾਇਤਾ ਨੇ ਇਹ ਯਕੀਨੀ ਬਣਾਇਆ ਕਿ ਬੇਘਰਤਾ ਅਤੇ ਗਰੀਬੀ ਨੂੰ ਘੱਟ ਕੀਤਾ ਜਾਵੇ। ਕਿਊਬਾ ਵਾਸੀਆਂ ਦੀ ਜੀਵਨ ਸੰਭਾਵਨਾ ਉੱਚ-ਆਮਦਨ ਵਾਲੇ ਦੇਸ਼ਾਂ ਨਾਲ ਮੇਲ ਖਾਂਦੀ ਹੈ। ਇਸ ਦੇ ਵਿਦਿਅਕ ਅਦਾਰੇ ਅਤੇ ਸਿਹਤ ਪ੍ਰਣਾਲੀਆਂ ਵਿਸ਼ਵ ਭਰ ’ਚ ਇੱਕ ਮਿਸਾਲ ਵਜੋਂ ਜਾਣੀ ਜਾਂਦੀਆਂ ਹਨ। ਕਿਊਬਾ ਦੇ ਵਿਦੇਸ਼ ਮੰਤਰੀ ਨੇ ਨਵੀਨਤਮ ਉਪਾਵਾਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਆਪਣੇ ਲੋਕਾਂ ਜਾਂ ਆਪਣੇ ਨੇਤਾਵਾਂ ਦੀ ਇੱਛਾ ਨੂੰ ਨਹੀਂ ਮੋੜ ਸਕਦਾ। ਕਿਊਬਾ ਵਿੱਚ ਲੋਕਤੰਤਰ ਆਪਣੇ ਸੱਚੇ ਅਰਥਾਂ ਵਿੱਚ ਵਿਚਰ ਰਿਹਾ ਹੈ। ਸਿਹਤ ਸੰਭਾਲ, ਸਿੱਖਿਆ, ਰੱਖਿਆ ਅਤੇ ਹਥਿਆਰਾਂ ਨਾਲ ਸੰਬੰਧਤ ਸੰਸਥਾਵਾਂ ਕਿਸੇ ਵੀ ਕਿਸਮ ਦੇ ਨਿੱਜੀਕਰਨ ਅਤੇ ਵਿਦੇਸ਼ੀ ਨਿਵੇਸ਼ ਤੋਂ ਬਾਹਰ ਰਹਿੰਦੀਆਂ ਹਨ।

ਜਿੰਨਾ ਚਿਰ ਕਿਊਬਾ ਨੂੰ ਮੌਜੂਦਾ ਅੰਤਰਰਾਸ਼ਟਰੀ ਹਕੀਕਤਾਂ ਦੇ ਵਿਰੁੱਧ ਜਾਣਾ ਪੈਂਦਾ ਹੈ, ਸਮਾਜਵਾਦੀ ਵਿਕਾਸ ਦੀ ਇਸ ਦੀ ਪ੍ਰਕਿਰਿਆ ਇੱਕ ਬਹੁਤ ਹੀ ਗੁੰਝਲਦਾਰ ਅਤੇ ਮੁਸ਼ਕਲ ਬਣੀ ਰਹੇਗੀ। ਇਸ ਤਰ੍ਹਾਂ ਸਵਾਲ ਇਹ ਹੈ ਕਿ ਕੀ ਕਿਊਬਾ ਇਨਕਲਾਬ ਬਚ ਸਕਦਾ ਹੈ, ਪਰ ਕੀ ਪੂੰਜੀਵਾਦੀ ਸੰਸਾਰ ਵਿੱਚ ਇਸ ਦੀ ਅਲੱਗ-ਥਲੱਗਤਾ ਨੂੰ ਹੋਰ ਸਮਾਜਿਕ ਇਨਕਲਾਬਾਂ ਦੁਆਰਾ ਤੋੜਿਆ ਜਾਵੇਗਾ ? ਕਿਊਬਾ ਸੀਮਤ ਸਾਧਨਾਂ ਦੇ ਬਾਵਜੂਦ ਅਮਰੀਕਨ ਪਾਬੰਦੀਆਂ ਦਾ ਡਟ ਕਿ ਮੁਕਾਬਲਾ ਕਰ ਰਿਹਾ ਹੈ। ਕਿਊਬਾ ਅਜਿਹਾ ਸਭ ਕੁਝ ਦੇਸ਼ ਨੂੰ ਪੂਰਨ ਰੂਪ ਵਿੱਚ ਇੱਕ ਸਮਾਜਵਾਦੀ ਸਮਾਜ ਵਿੱਚ ਬਦਲਣ ਲਈ ਉਪਰਾਲੇ ਕਰ ਰਿਹਾ ਹੈ ਅਤੇ ਵਿਸ਼ਵ ਸ਼ਕਤੀਆਂ ਅੱਗੇ ਇੱਕ ਮਿਸਾਲ ਬਣਿਆ ਹੋਇਆ ਹੈ।

**# ਸੰਪਰਕ : 98550-04500**

# ਅਨੋਖਾ ਰਿਸ਼ਤਾ


ਜਗਦੇਵ ਸ਼ਰਮਾ ਬੁਗਰਾ

1972 ਵਿੱਚ ਮੈਂ ਉਮੀਦ ਤੋਂ ਵੱਧ ਅੰਕਾਂ ਨਾਲ ਦਸਵੀਂ ਪਾਸ ਕੀਤੀ । ਅੱਗੇ ਪੜ੍ਹਨ ਲਈ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿੱਚ ਦਾਖਲਾ ਲੈ ਲਿਆ ਅਤੇ ਨਾਨਮੈਡੀਕਲ ਦੇ ਵਿਸ਼ੇ ਰੱਖ ਲਏ । ਮੇਰੇ ਪਿੰਡੋਂ ਕਾਲਜ ਕੋਈ 24 ਕਿਲੋਮੀਟਰ ਦੂਰ ਪੈਂਦਾ ਸੀ ਅਤੇ ਪਿੰਡੋਂ ਪਿੰਡੀ ਹੋ ਕੇ ਜਾਣ ਲੱਗਿਆਂ 20 ਕਿਲੋਮੀਟਰ ਦੇ ਕਰੀਬ । ਹੁਣ ਸਮੱਸਿਆ ਆਉਣੀ ਸੀ ਹਰ ਰੋਜ਼ ਕਾਲਜ ਆਉਣ-ਜਾਣ ਦੀ । ਸਾਈਕਲ ’ਤੇ ਹਰ ਰੋਜ਼ 40-45 ਕਿਲੋਮੀਟਰ ਆਉਣਾ-ਜਾਣਾ ਮੁਸ਼ਕਿਲ ਸੀ ਅਤੇ ਹੋਸਟਲ ਵਿੱਚ ਰਹਿ ਕੇ ਪੜ੍ਹਾਈ ਕਰਨੀ ਪਰਵਾਰ ਲਈ ਵਿੱਤੋਂ ਬਾਹਰੀ ਗੱਲ ਸੀ । ਮੇਰੇ ਨਾਨਕੇ ਸੰਗਰੂਰ ਤੋਂ ਕੋਈ ਚਾਰ ਕੁ ਕਿਲੋਮੀਟਰ ਦੂਰ ਸਨ ਅਤੇ ਮੇਰੇ ਮਾਮਾ ਜੀ ਸੰਗਰੂਰ ਵਿਖੇ ਹੀ ਸਰਕਾਰੀ ਮੁਲਾਜ਼ਮ ਸਨ । ਮੇਰੇ ਮਾਮਾ ਜੀ ਨੇ ਇਸ ਔਖੇ ਵੇਲੇ ਸਾਡੇ ਪਰਵਾਰ ਦੀ ਬਾਂਹ ਫੜੀ ।

ਹੁਣ ਮੈਂ ਮੇਰੇ ਨਾਨਕੇ ਪਿੰਡ ਤੋਂ ਕਾਲਜ ਆਉਂਦਾ-ਜਾਂਦਾ ਸਾਂ। ਪੰਜਾਬੀ ਪੇਂਡੂ ਭਾਈਚਾਰੇ ਦੀ ਇੱਕ ਵਿਲੱਖਣਤਾ ਹੈ ਕਿ ਇੱਥੇ ਹਰ ਕੋਈ ਹਰ ਕਿਸੇ ਦਾ ਕੁਛ ਨਾ ਕੁਛ ਲੱਗਦਾ ਹੁੰਦਾ ਹੈ । ਮੈਂ ਵੀ ਪੇਂਡੂ ਹੀ ਸੀ ਅਤੇ ਪਿੰਡਾਂ ਦੀ ਇਸ ਰਵਾਇਤ ਤੋਂ ਭਲੀ ਭਾਂਤ ਜਾਣੂੰ ਸਾਂ। ਮੇਰੇ ਨਾਨਕੇ ਪਿੰਡ ਦਾ ਹਰ ਬੰਦਾ ਅਤੇ ਹਰ ਔਰਤ ਮੇਰਾ ਨਾਨਾ ਨਾਨੀ , ਮਾਮਾ-ਮਾਮੀ ਜਾਂ ਫਿਰ ਵੀਰਾ, ਭੈਣ ਅਤੇ ਭਾਬੀ ਹੀ ਲੱਗਣਾ ਸੀ । ਬਿਨਾਂ ਕਿਸੇ ਜਾਤ, ਧਰਮ ਦੇ ਮੈਂ ਸਾਹਮਣੇ ਵਾਲੇ ਨਾਲ ਉਸਦੀ ਉਮਰ ਦੇ ਹਿਸਾਬ ਰਿਸ਼ਤਾ ਬਣਾ ਲੈਂਦਾ ਸਾਂ । ਇਥੋਂ ਤੱਕ ਕਿ ਮੇਰੇ ਨਾਨਕਿਆਂ ਦੇ ਘਰ ਦੇ ਸਾਹਮਣੇ ਇੱਕ ਖੁੱਲ੍ਹੇ ਜਿਹੇ ਚਗਾਨ ਵਿੱਚ ਇੱਕ ਗੱਡੀਆਂ ਵਾਲਾ ਰਾਜਪੂਤ ਪਰਵਾਰ ਬੈਠਾ ਸੀ । ਕਾਫੀ ਚਿਰ ਤੋਂ ਇੱਥੇ ਬੈਠੇ ਹੋਣ ਕਾਰਨ ਉਹਨਾਂ ਦੇ ਬੱਚੇ ਮੇਰੇ ਨਾਨੇ ਨੂੰ ਬਾਬਾ ਅਤੇ ਮੇਰੇ ਮਾਮਾ-ਮਾਮੀ ਨੂੰ ਚਾਚਾ-ਚਾਚੀ ਕਿਹਾ ਕਰਦੇ ਸਨ । ਭਾਈਚਾਰਾ ਨਿਭਾਉਂਦਿਆਂ ਮੈਂ ਵੀ ਉਸ ਪਰਵਾਰ ਦੇ ਮੋਢੀ ਨੂੰ ਮਾਮਾ ਅਤੇ ਉਸ ਦੇ ਘਰ ਵਾਲੀ ਨੂੰ ਮਾਮੀ ਕਹਿ ਕੇ ਹੀ ਬੁਲਾਇਆ ਕਰਦਾ ਸਾਂ। ਮਾਮੇ ਨਾਨੇ ਨਾਲ ‘ਜੀ’ ਲਾਉਣ ਦਾ ਰਿਵਾਜ ਪਿੰਡਾਂ ਵਿੱਚ ਘੱਟ ਹੀ ਹੁੰਦਾ ਸੀ ।

ਹੁਣ ਗੱਲ ਕਰਦੇ ਹਾਂ ਇੱਕ ਅਨੋਖੇ ਰਿਸ਼ਤੇ ਦੀ । ਨਾਨਕੇ ਪਿੰਡ ਦੇ ਜ਼ਿਮੀਦਾਰ ਪਰਵਾਰ ਦੇ ਇੱਕ ਆਦਮੀ ਦਾ ਰਿਸ਼ਤਾ ਮੇਰੇ ਪਿਤਾ ਜੀ ਨੇ ਮੇਰੇ ਪਿੰਡ ਕਰਵਾ ਦਿੱਤਾ ਸੀ । ਉਪਰੋਕਤ ਰਿਵਾਇਤ ਮੁਤਾਬਿਕ ਜ਼ਿਮੀਦਾਰਾਂ ਦੀ ਉਹ ਲੜਕੀ, ਜਿਹੜੀ ਕਈ ਸਾਲ ਪਹਿਲਾਂ ਮੇਰੇ ਨਾਨਕੇ ਪਿੰਡ ਵਿਆਹੀ ਗਈ ਸੀ, ਨੂੰ ਮੈਂ ਭੂਆ ਕਿਹਾ ਕਰਦਾ ਅਤੇ ਉਸ ਦੇ ਘਰ ਵਾਲੇ ਨੂੰ ਮਾਮਾ । ਇਸ ਜ਼ਿਮੀਦਾਰ ਪਰਵਾਰ ਦਾ ਘਰ ਮੇਰੇ ਨਾਨਕੇ ਪਰਵਾਰ ਦੇ ਨੇੜੇ ਹੀ ਸੀ, ਇਸ ਲਈ ਮੇਰੀ ਉਸ ਨਾਲ ਰੋਜ਼ ਵਾਂਗ ਹੀ ਮੁਲਾਕਾਤ ਹੋ ਜਾਂਦੀ ਸੀ । ਜਦੋਂ ਵੀ ਮੈਂ ਉਸਨੂੰ ਮਾਮਾ ਕਹਿਣਾ ਉਸ ਨੇ ਚਿੜ ਜਾਣਾ ਅਤੇ ਮੈਨੂੰ ਟੋਕਦਿਆਂ ਕਹਿਣਾ ਕਿ ਮੈਂ ਉਸ ਨੂੰ ਮਾਮਾ ਨਹੀਂ , ਫੁੱਫੜ ਕਹਿ ਕੇ ਬੁਲਾਇਆ ਕਰਾਂ। ਮੇਰੇ ਪੁੱਛਣ ’ਤੇ ਉਸ ਨੇ ਕਹਿਣਾ ਕਿ ਫਲਾਣੀ ਕੌਰ ਯਾਨੀ ਕਿ ਉਸਦੇ ਘਰ ਵਾਲੀ ਮੇਰੀ ਕੀ ਲੱਗਦੀ ਹੈ । ਮੈਂ ਨਿਸੰਗ ਹੋ ਕੇ ਕਹਿਣਾ , ਭੂਆ ।

ਫਿਰ ਇਸ ਹਿਸਾਬ ਮੈਂ ਤੇਰਾ ਫੁੱਫੜ ਲੱਗਿਆ ਕਿ ਨਾ ?

ਉਸਦਾ ਜਵਾਬ ਹੁੰਦਾ ।

ਹੁਣ ਮੇਰੀ ਵਾਰੀ ਹੁੰਦੀ,ਵਾਰ ਕਰਨ ਦੀ ---

ਮੇਰਾ ਮਾਮਾ ਤੁਹਾਡਾ ਕੀ ਲੱਗਦਾ ਹੈ ?

ਭਾਈ । ਉਸ ਨੇ ਝੱਟ ਕਹਿਣਾ ।

ਫਿਰ ਉਸ ਹਿਸਾਬ ਤੁਸੀਂ ਵੀ ਮੇਰੇ ਮਾਮਾ ਲੱਗੇ ।ਹਾਸੇ ਠੱਠੇ ਵਿੱਚ ਕੀਤੀ ਸਾਡੀ ਗੱਲ ਕਿਸੇ ਸਿਰੇ ਨਾ ਲੱਗਦੀ ਅਤੇ ਉਸਨੂੰ ਖਿਝਾਉਣ ਖਾਤਰ ਮੈਂ ਹਮੇਸ਼ਾ ਕਹਿਣਾ-ਹੋਰ ਸੁਣਾ, ਮਾਮਾ ! ਕੀ ਹਾਲ ਹੈ ?

ਫੁੱਫੜ-ਕਮ-ਮਾਮੇ ਦੇ ਘਰ ਅੱਗੇ ਸੱਥ-ਨੁਮਾ ਧਰਮਸ਼ਾਲਾ ਸੀ ।ਪਿੰਡ ਦੇ ਨਿਆਣੇ-ਸਿਆਣੇ ਆਪਣਾ ਵਿਹਲਾ ਸਮਾਂ ਉਥੇ ਬੈਠ ਕੇ ਗੱਪਾਂ ਮਾਰਦੇ ਜਾਂ ਫਿਰ ਤਾਸ਼ ਖੇਡਦੇ । ਵਿਹਲੇ ਸਮੇਂ ਮੈਂ ਵੀ ਉਥੇ ਜਾ ਬੈਠਦਾ । ਇੱਕ ਦਿਨ ਮੇਰਾ ਇਹ ਮਾਮਾ ਵੀ ਸੱਥ ਵਿਚ ਬੈਠਾ ਸੀ ਅਤੇ ਮੈਂ ਉਸ ਨੂੰ ਸੰਬੋਧਨ ਹੁੰਦਿਆਂ ਫਿਰ ਕਿਹਾ-ਹੋਰ ਸੁਣਾ , ਮਾਮੇ ! ਕੀ ਹਾਲ ਐ ?

ਮੈਂ ਤੇਰਾ ਫੁੱਫੜ ਆਂ , ਮਾਮਾ ਨਹੀਂ ।ਉਸ ਦਾ ਉਹੀ ਬਾਹਾਂ, ਉਹੀ ਕੁਹਾੜੀ । ਉਸ ਦੀ ਸੂਈ ਫੁੱਫੜ ਤੋਂ ਅੱਗੇ ਨਹੀਂ ਸੀ ਸਰਕਦੀ ਅਤੇ ਮੈਂ ਫੁੱਫੜ ਕਹਿਣ ਤੋਂ ਇਨਕਾਰੀ ਸਾਂ । ਸਾਡੀ ਨੋਕ-ਝੋਕ ਵਿੱਚ ਸੱਥ ਵਿੱਚ ਬੈਠੇ ਨਿਆਣੇ, ਸਿਆਣੇ ਵੀ ਦਿਲਚਸਪੀ ਲੈਣ ਲੱਗੇ । ਮੈਂ ਸਾਰਿਆਂ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗਿਆ-ਦੇਖੋ ਜੀ, ਮੈਂ ਇਸ ਗੱਲੋਂ ਮੁਨਕਰ ਨਹੀਂ ਕਿ ਇਹ ਸਾਡੇ ਪਿੰਡ ਨਹੀਂ ਵਿਆਹਿਆ ਹੋਇਆ ਅਤੇ ਇਹ ਵੀ ਝੂਠ ਨਹੀਂ ਕਿ ਇਹ ਮੇਰੇ ਨਾਨਕਿਆਂ ਤੋਂ ਹੈ । ਜਿਥੋਂ ਤੱਕ ਮੇਰੇ ਨਾਨਕੇ ਪਿੰਡ ਦਾ ਤੁਅੱਲਕ ਹੈ, ਇਹ ਮੇਰਾ ਮਾਮਾ ਹੀ ਰਹੇਗਾ ਅਤੇ ਜਦੋਂ ਕਦੇ ਇਹ ਮੇਰੇ ਪਿੰਡ ਯਾਨੀਕਿ ਆਪਦੇ ਸਹੁਰੇ ਪਿੰਡ ਜਾਏਗਾ , ਮੈਂ ਇਸਨੂੰ ਫੁੱਫੜ ਕਹਿ ਦਿਆਂਗਾ । ਹਾਂ ! ਦੂਜੀ ਗੱਲ, ਇਸ ਦੇ ਘਰੋਂ, ਮੇਰੀ ਭੂਆ, ਭੂਆ ਹੀ ਰਹੇਗੀ ਕਿਉਕਿ ਮੇਰੇ ਪਿੰਡ ਦੀ ਧੀ ਨੂੰ ਮੈਂ ਮਾਮੀ ਕਦੇ ਵੀ ਨਹੀਂ ਕਹਾਂਗਾ, ਨਾ ਐਥੇ ਨਾ ਉਥੇ ।

ਐਨੀ ਗੱਲ ਦੀ ਦੇਰ ਸੀ ਕਿ ਮੇਰਾ ਫੁੱਫੜ-ਨੁਮਾ ਮਾਮਾ ਮੈਨੂੰ ਬੁੱਕਲ ਵਿੱਚ ਲੈ ਕੇ ਕਹਿਣ ਲੱਗਿਆ-

ਲੈ ਬਈ ਭਾਣਜੇ ! ਅੱਜ ਤੂੰ ਜਿੱਤਿਆ ਅਤੇ ਮੈਂ ਹਾਰਿਆ । ਅੱਜ ਤੋਂ ਤੂੰ ਮੇਰਾ ਪੱਕਾ ਭਾਣਜਾ ਅਤੇ ਮੈਂ ਤੇਰਾ ਪੱਕਾ ਮਾਮਾ । ਰੱਬ ਉਸ ਦੀ ਲੰਬੀ ਉਮਰ ਕਰੇ, ਇਹ ਅਨੋਖਾ ਰਿਸ਼ਤਾ ਅਸੀਂ ਅੱਜ ਵੀ ਨਿਭਾ ਰਹੇ ਹਾਂ ।

**# ਸੰਪਰਕ : 98727-87243**

# ਟਰੈਫਿਕ ਨਿਯਮਾਂ ਨੂੰ ਅਪਣਾਓ


ਨਰਿੰਦਰ ਸਿੰਘ

ਭਾਰਤ ਵਿੱਚ ਵਿਸ਼ਵ ਦੇ ਕੁੱਲ ਹਾਦਸਿਆਂ ਵਿੱਚੋਂ 11 ਫ਼ੀਸਦੀ ਹਾਦਸੇ ਇੱਥੇ ਹੀ ਹੁੰਦੇ ਹਨ । ਦੇਸ਼ ਵਿੱਚ ਹਰ ਤਿੰਨ ਮਿੰਟ ਬਾਅਦ ਇਕ ਭਿਆਨਕ ਸੜਕ ਹਾਦਸਾ ਹੁੰਦਾ ਹੈ, ਜਿਸ ਦੌਰਾਨ ਇੱਕ ਮੌਤ ਹੋ ਜਾਂਦੀ ਹੈ । ਇਸ ਅਨੁਪਾਤ ਨਾਲ ਦੇਸ਼ ਵਿੱਚ ਇਕ ਦਿਨ ਵਿੱਚ ਅੱਠ ਸੌ ਤੋਂ ਵੱਧ ਲੋਕਾਂ ਦਾ ਜਾਨੀ ਨੁਕਸਾਨ ਹੁੰਦਾ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਲੋਕ ਉਹ ਹੁੰਦੇ ਹਨ, ਜਿਹੜੇ ਤੁਰੰਤ ਇਲਾਜ ਨਾ ਮਿਲਣ ਕਾਰਨ ਜ਼ਖ਼ਮੀ ਹਾਲਤ ਵਿੱਚ ਹੀ ਮਰ ਜਾਂਦੇ ਹਨ ।

ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਅਨੁਸਾਰ ਸਿਰਫ ਲੰਘੇ ਸਾਲ 2024 ਵਿੱਚ ਚਾਰ ਲੱਖ ਅੱਸੀ ਹਜ਼ਾਰ ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ ਇੱਕ ਲੱਖ ਅੱਸੀ ਹਜ਼ਾਰ ਲੋਕ ਮਾਰੇ ਗਏ ਤੇ ਲਗਭਗ ਚਾਰ ਲੱਖ ਲੋਕ ਜ਼ਖ਼ਮੀ ਹੋਏ ਸਨ । ਸਾਲ 2022 ਵਿੱਚ ਦੇਸ਼ ਭਰ ਵਿੱਚ ਸੜਕ ਹਾਦਸਿਆਂ ਵਿੱਚ ਇੱਕ ਲੱਖ ਸੱਤਰ ਹਜ਼ਾਰ ਦੇ ਲਗਭਗ ਲੋਕ ਮਾਰੇ ਗਏ ਸਨ । ਜਦਕਿ ਸਾਲ 2023 ਵਿਚ ਇੱਕ ਲੱਖ ਪੰਝੱਤਰ ਹਜ਼ਾਰ ਦੇ ਲਗਭਗ ਲੋਕ ਸੜਕ ਹਾਦਸਿਆਂ ਦੇ ਸ਼ਿਕਾਰ ਹੋ ਕੇ ਮਰ ਚੁੱਕੇ ਹਨ । ਤਿੰਨ ਲੱਖ ਵੀਹ ਹਜ਼ਾਰ ਦੇ ਕਰੀਬ ਅਪਾਹਜ ਹੋਏ ਹਨ ਅਤੇ ਜ਼ਖ਼ਮੀ ਹੋਣ ਵਾਲੇ ਲੋਕਾਂ ਵੱਲੋਂ ਦੋ ਸੌ ਕਰੋੜ ਰੁਪਏ ਦੇ ਲਗਭਗ ਆਪਣੇ ਇਲਾਜ ਲਈ ਖਰਚ ਕੀਤੇ ਜਾਣ ਦਾ ਅਨੁਮਾਨ ਹੈ । ਭਾਰਤ ਵਿੱਚ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਦੁਨੀਆ ਭਰ ਵਿੱਚ ਸਭ ਤੋਂ ਵੱਧ ਹੈ ।

ਭਾਰਤ ਵਿੱਚ ਸੜਕਾਂ ਦਾ ਨਿਰਮਾਣ ਤੇਜ਼ੀ ਨਾਲ ਹੋਣ ਦੇ ਬਾਵਜੂਦ ਸੜਕ ਹਾਦਸਿਆਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ । ਸੜਕ ਹਾਦਸਿਆਂ ਵਿੱਚ ਵਧੇਰੇ ਤੌਰ ਤੇ ਗਰੀਬ ਪੈਦਲ ਚੱਲਣ ਵਾਲੇ ਲੋਕ ਅਤੇ ਸਾਈਕਲ ਚਾਲਕ ਲੋਕਾਂ ਦੀਆਂ ਜਾਨਾਂ ਜਾਂਦੀਆਂ ਹਨ । 2022 ਤੇ 2023 ਵਿੱਚ ਤਿੰਨ ਲੱਖ ਪਤੰਤਰ ਹਜ਼ਾਰ ਲੋਕ ਸੜਕ ਹਾਦਸਿਆਂ ਵਿੱਚ ਆਪਣੀਆਂ ਜਾਨਾਂ ਗੁਆ ਚੁੱਕੇ ਹਨ ।ਸ਼ਰਾਬ ਅਤੇ ਹੋਰ ਨਸ਼ਿਆਂ ਨਾਲ ਧੁੱਤ ਹੋਏ ਲੋਕਾਂ ਵੱਲੋਂ ਟਰੈਫਿਕ ਨਿਯਮਾਂ ਦੀਆ ਧੱਜੀਆਂ ਉਡਾਈਆਂ ਜਾ ਰਹੀਆਂ ਹਨ । ਤਾਜ਼ਾ ਵੇਰਵਿਆਂ ਅਨੁਸਾਰ ਵਿਆਹ-ਸ਼ਾਦੀਆਂ ਦੇ ਸੀਜ਼ਨ ਵਿੱਚ ਮੈਰਿਜ ਪੈਲੇਸ ਵਿੱਚ ਵਿਆਹ ਸਮਾਗਮਾਂ ਦੀਆਂ ਪਾਰਟੀਆਂ ਵਿਚੋਂ ਘਰ ਵਾਪਸ ਆਉਣ ਵਾਲੇ ਲੋਕਾਂ ਵੱਲੋਂ ਪੰਜਾਹ ਫ਼ੀਸਦੀ ਤੋਂ ਵੱਧ ਲੋਕ ਸ਼ਰਾਬ ਪੀ ਕੇ ਡਰਾਇਵਿੰਗ ਕਰਦੇ ਹਨ , ਜਿਸ ਨਾਲ ਸੜਕ ਹਾਦਸਿਆਂ ਵਿੱਚ ਕਾਫ਼ੀ ਵਾਧਾ ਹੋ ਰਿਹਾ ਹੈ ।

ਸੜਕੀ ਹਾਦਸਿਆਂ ਵਿੱਚ ਮਰਨ ਵਾਲੇ ਲੱਖਾਂ ਲੋਕਾਂ ਵਿੱਚ 69 ਫ਼ੀਸਦੀ 15 ਤੋਂ 40 ਸਾਲ ਦੇ ਨੌਜਵਾਨ ਆਪਣੀਆਂ ਜਾਨਾਂ ਗੁਆ ਰਹੇ ਹਨ , ਜੋ ਦੇਸ਼ ਲਈ ਅਤੇ ਪਰਵਾਰਾਂ ਲਈ ਚਿੰਤਾ ਦਾ ਵਿਸ਼ਾ ਹੈ । ਦੁਰਘਟਨਾਵਾਂ ਲਈ ਕੁਝ ਹੱਦ ਤੱਕ ਮਾਪੇ ਵੀ ਜ਼ੁੰਮੇਵਾਰ ਹੁੰਦੇ ਹਨ, ਕਿਉਂਕਿ ਉਹ 18 ਸਾਲ ਤੋਂ ਘੱਟ ਉਮਰ ਦੇ ਆਪਣੇ ਅਣਸਿੱਖਿਅਕ ਬੱਚਿਆਂ ਨੂੰ ਵਹੀਕਲ ਖਰੀਦ ਕੇ ਦਿੰਦੇ ਹਨ ਤੇ ਚਲਾਉਣ ਦੀ ਆਗਿਆ ਦਿੰਦੇ ਹਨ, ਜੋ ਬੜੀ ਲਾਪਰਵਾਹੀ ਨਾਲ ਵਹੀਕਲ ਚਲਾਉਂਦੇ ਹਨ ਤੇ ਦੁਰਘਟਨਾਵਾਂ ਦਾ ਸ਼ਿਕਾਰ ਬਣਦੇ ਹਨ ।

ਨੌਜਵਾਨਾਂ ਦੇ ਬਹੁਤ ਜ਼ਿਆਦਾ ਹਾਦਸੇ ਹੋ ਰਹੇ ਹਨ , ਜਿਨ੍ਹਾਂ ਨੂੰ ਸੜਕ ਸੁਰੱਖਿਆਂ ਨਿਯਮਾਂ ਦੀ ਪਾਲਣਾ ਦਾ ਪਤਾ ਨਹੀਂ ਹੁੰਦਾ । ਉਹ ਨੌਜਵਾਨ ਆਪ ਤਾਂ ਹਾਦਸਿਆਂ ਵਿੱਚ ਜ਼ਖ਼ਮੀ ਹੁੰਦੇ ਹਨ ਅਤੇ ਦੂਸਰੇ ਲੋਕਾਂ ਦਾ ਵੀ ਨੁਕਸਾਨ ਕਰਦੇ ਹਨ । ਹਾਲਾਂਕਿ 18 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਕਾਨੂੰਨ ਅਨੁਸਾਰ ਦੋ ਪਹੀਆ-ਚਾਰ ਪਹੀਆਂ ਵਾਹਨ ਨਹੀਂ ਚਲਾ ਸਕਦੇ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੰਬੰਧਤ ਨੌਜਵਾਨ ਦੇ ਮਾਤਾ-ਪਿਤਾ ਦੇ ਖਿਲਾਫ ਕਾਨੂੰਨੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ, ਜਿਸ ਤਹਿਤ 3 ਸਾਲ ਦੀ ਕੈਦ ਅਤੇ 25 ਹਜ਼ਾਰ ਰੁਪਏ ਤੱਕ ਜੁਰਮਾਨਾ ਵੀ ਹੋ ਸਕਦਾ ਹੈ ।

ਸੜਕ ਹਾਦਸੇ ਵਾਪਰਨ ਦੇ ਬਹੁਤ ਸਾਰੇ ਕਾਰਨ ਹਨ, ਜਿਵੇਂ ਤੇਜ਼ ਰਫ਼ਤਾਰ ਵਾਹਨ ਚਲਾਉਣਾ, ਗ਼ਲਤ ਪਾਸੇ ਵਾਹਨ ਚਲਾਉਣਾ, ਵਾਹਨ ਤੋਂ ਵਾਹਨ ਵਿਚਕਾਰ ਫਾਸਲਾ ਨਾ ਰੱਖਣਾ, ਵਾਹਨ ਚਲਾਉਂਦੇ ਸਮੇਂ ਮੋਬਾਈਲ ਫੋਨ ’ਤੇ ਗੱਲਾਂ ਕਰਨਾ, ਨਸ਼ਾ ਕਰਕੇ ਵਾਹਨ ਚਲਾਉਣਾ, ਓਵਰਟੇਕ ਧਿਆਨ ਨਾਲ ਨਾ ਕਰਨਾ, ਓਵਰ ਲੋਡਿੰਗ, ਮਿਆਦ ਪੁਗਾ ਚੁੱਕੇ ਵਾਹਨਾਂ ਵੀ ਵਰਤੋਂ ਕਰਨਾ, ਨਾਬਾਲਗਾਂ ਦਾ ਵਾਹਨ ਚਲਾਉਣਾ, ਅਚਾਨਕ ਅਵਾਰਾ ਪਸ਼ੂ ਅਤੇ ਕੁੱਤਿਆਂ ਦਾ ਸੜਕਾਂ ’ਤੇ ਆ ਜਾਣਾ, ਟੁੱਟੀਆਂ ਤੇ ਘੱਟ ਚੌੜੀਆਂ ਸੜਕਾਂ , ਤੰਗ ਪੁਲ, ਮਾਨਸਿਕ ਪ੍ਰੇਸ਼ਾਨੀ , ਅਨੀਂਦਰਾ, ਟਰੈਫਿਕ ਨਿਯਮਾਂ ਦਾ ਗਿਆਨ ਨਾ ਹੋਣਾ, ਕਾਹਲੀ, ਲਾਪਰਵਾਹੀ ਨਾਲ ਬੱਤੀ ਦੀ ਉਲੰਘਣਾ ਕਰਨਾ, ਬ੍ਰੇਕ ਫੇਲ ਹੋਣਾ, ਸਟੇਰਿੰਗ ਫੇਲ੍ਹ ਹੋਣਾ, ਟਾਇਰ ਫਟ ਜਾਣਾ, ਰੇਸ ਪੈਂਡਲ ਦਾ ਜਾਮ ਹੋ ਜਾਣਾ, ਗੱਡੀ ਸਲਿੱਪ ਹੋ ਜਾਣਾ, ਖ਼ਰਾਬ ਮੌਸਮ, ਧੁੰਦ, ਮੀਂਹ, ਬਰਫ਼, ਹਨੇਰੀ, ਪਰਾਲੀ ਦਾ ਧੂੰਆਂ ਆਦਿ ਸੜਕ ਹਾਦਸਿਆਂ ਦੇ ਮੁੱਖ ਕਾਰਨ ਹਨ ।

ਸਾਡੇ ਦੇਸ਼ ਵਿੱਚ ਤਾਂ ਨਾਬਾਲਗ ਵੀ ਵਾਹਨ ਚਲਾ ਰਹੇ ਹਨ । ਹੋਰ ਤਾਂ ਹੋਰ, ਪਿੰਡਾਂ ਵਿੱਚ ਬੱਚੇ ਟਰੈਕਟਰ, ਮੋਟਰ-ਸਾਈਕਲ ਚਲਾਉਂਦੇ ਵੇਖੇ ਜਾ ਸਕਦੇ ਹਨ । ਸ਼ਹਿਰੀ ਸਕੂਲਾਂ ਦੇ ਬੱਚੇ ਤਾਂ ਤਿੰਨ-ਤਿੰਨ, ਚਾਰ-ਚਾਰ ਵਿਦਿਆਰਥੀਆਂ ਨੂੰ ਸਕੂਟਰੀਆਂ ’ਤੇ ਬਿਠਾ ਕੇ ਸਕੂਲ ਆਉਂਦੇ ਜਾਂਦੇ ਹਨ ਜੋ ਹਾਦਸਿਆਂ ਨੂੰ ਸੱਦਾ ਦਿੰਦੇ ਹਨ । ਨਾ ਤਾਂ ਮਾਪੇ ਧਿਆਨ ਦਿੰਦੇ ਹਨ ਤੇ ਨਾ ਹੀ ਟਰੈਫਿਕ ਪੁਲਿਸ । ਵਾਰਨਿੰਗ ਦੇ ਕੇ ਜਾਣ ਦਿੰਦੇ ਹਨ । ਦੇਸ਼ ਭਰ ਵਿੱਚ ਵਿਚੋਲਿਆਂ ਨੂੰ ਪੈਸੇ ਦੇ ਕੇ ਡਰਾਇਵਿੰਗ ਲਾਇਸੈਂਸ ਬਣਵਾ ਲਿਆ ਜਾਂਦਾ ਹੈ, ਜਦਕਿ ਵਿਦੇਸ਼ਾਂ ਵਿੱਚ ਡਰਾਇਵਿੰਗ ਲਾਇਸੈਂਸ ਹਾਸਲ ਕਰਨ ਲਈ ਬਹੁਤ ਕਠਿਨ ਪ੍ਰੀਖਿਆ ਦੇਣੀ ਪੈਂਦੀ ਹੈ ।

ਸੜਕ ਹਾਦਸਿਆਂ ਨੂੰ ਘੱਟ ਕਰਨ ਲਈ ਹਰੇਕ ਨਾਗਰਿਕ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ । ਟਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ 44 ਫ਼ੀਸਦੀ ਤੋਂ ਵੱਧ ਮੌਤਾਂ ਤੇਜ਼ ਰਫ਼ਤਾਰ, 5.8 ਫ਼ੀਸਦੀ ਗ਼ਲਤ ਪਾਸੇ ਵਾਹਨ ਚਲਾਉਣ, 2.4 ਫ਼ੀਸਦੀ ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਕਰਨ, 2.8 ਫ਼ੀਸਦੀ ਨਸ਼ੇ ਦੀ ਵਰਤੋਂ ਕਰਕੇ ਵਾਹਨ ਚਲਾਉਣ, 16.2 ਫ਼ੀਸਦੀ ਸੀਟ ਬੈਲਟ ਨਾ ਲਾਉਣ, 28.8 ਫ਼ੀਸਦੀ ਦੋ ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਨਾ ਪਹਿਨਣ ਕਾਰਨ ਹੁੰਦੀਆਂ ਹਨ । ਪੰਜ ਫ਼ੀਸਦੀ ਹਾਦਸੇ ਮਿਆਦ ਪੁਗਾ ਚੁੱਕੀਆਂ ਗੱਡੀਆਂ ਦੀ ਵਰਤੋਂ ਕਾਰਨ ਹੁੰਦੇ ਹਨ । ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਤੇ ਟਰੈਫਿਕ ਪੁਲਸ ਵੱਲੋਂ ਚਲਾਨ ਕੱਟ ਕੇ ਜੁਰਮਾਨੇ ਵੀ ਕੀਤੇ ਜਾਂਦੇ ਹਨ, ਪਰ ਵਾਹਨ ਚਾਲਕ ਆਪਣੀ ਜ਼ਿੰਮੇਵਾਰੀ ਸਮਝਣ ਨੂੰ ਤਿਆਰ ਨਹੀਂ ਹਨ ।

ਸਕੂਲਾਂ ਤੇ ਕਾਲਜਾਂ ਵਿੱਚ ਸਮੇਂ-ਸਮੇਂ ’ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਜਾਗਰੂਕਤਾ ਸੈਮੀਨਾਰ ਲਗਾਉਣੇ ਚਾਹੀਦੇ ਹਨ । ਵਿਦਿਆਰਥੀਆਂ ਦੇ ਪਾਠਕ੍ਰਮ ਵਿੱਚ ਡਰਾਇਵਿੰਗ ਵਿਸ਼ਾ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਹਰੇਕ ਵਿਦਿਆਰਥੀ ਦੀਆਂ ਪਰੈਕਟੀਕਲ ਕਲਾਸਾਂ ਜ਼ਰੂਰ ਲਗਾਉਣੀਆਂ ਚਾਹੀਦੀਆਂ ਹਨ ਤਾਂ ਜੋ ਡਰਾਇਵਿੰਗ ਲਾਇਸੈਂਸ ਪ੍ਰਾਪਤ ਕਰਨ ਤੋਂ ਪਹਿਲਾਂ ਡਰਾਈਵਰ ਪੂਰੀ ਤਰ੍ਹਾਂ ਨਿਯਮਾਂ ਨੂੰ ਸਿੱਖ ਸਕਣ ।

ਵਾਹਨ ਚਲਾਉਂਦੇ ਸਮੇਂ ਕਾਹਲੀ ਨਾ ਕਰੋ, ਲਾਪਰਵਾਹੀ ਨਾ ਕਰੋ, ਗ਼ਲਤ ਪਾਸੇ ਗੱਡੀ ਨਾ ਚਲਾਓ, ਮੋਬਾਈਲ ’ਤੇ ਗੱਲਾਂ ਨਾ ਕਰੋ, ਨਸ਼ੇ ਦਾ ਸੇਵਨ ਕਰਕੇ ਵਾਹਨ ਨਾ ਚਲਾਓ, ਨਿਰਧਾਰਤ ਸਪੀਡ ਤੇ ਹੀ ਵਾਹਨ ਚਲਾਓ, ਓਵਰਟੇਕ ਧਿਆਨ ਨਾਲ ਕਰੋ, ਵਾਹਨ ਤੋਂ ਵਾਹਨ ਵਿਚਕਾਰ ਫਾਸਲਾ ਰੱਖੋ, ਗੱਡੀਆਂ ਨੂੰ ਓਵਰਲੋਡ ਨਾ ਕਰੇ, ਮਿਆਦ ਪੁਗਾ ਚੁੱਕੀਆਂ ਗੱਡੀਆਂ ਦੀ ਵਰਤੋਂ ਨਾ ਕਰੋ, ਨਾਬਾਲਗ ਵਾਹਨ ਨਾ ਚਲਾਉਣ, ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਕਰੋ, ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਪਹਿਨੋ, ਮਾਨਸਿਕ ਪ੍ਰੇਸ਼ਾਨੀ ਤੇ ਅਨੀਂਦਰਾ ਹੋਵੇ ਤਾਂ ਵਾਹਨ ਚਲਾਉਣ ਤੋਂ ਗੁਰੇਜ਼ ਕਰੋ, ਆਪਣੇ ਵਾਹਨ ਦੇ ਕਾਗਜ਼ ਪੂਰੇ ਰੱਖੋ, ਟਰੈਫਿਕ ਪੁਲਸ ਵੱਲੋਂ ਮੰਗਣ ’ਤੇ ਕਾਗਜ਼ ਅਰਾਮ ਨਾਲ ਚੈੱਕ ਕਰਵਾਓ। ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਹੁੰਦੇ ਹੋਏ ਸੜਕ ਸੁਰੱਖਿਆਂ ਦੇ ਨਿਯਮਾਂ ਨੂੰ ਅਪਣਾਓ ਅਤੇ ਜ਼ਿੰਦਗੀ ਨੂੰ ਦੁਰਘਟਨਾਵਾਂ ਤੋਂ ਬਚਾਓ। ਵਾਹਨ ਚਲਾਉਂਦੇ ਸਮੇਂ ਖ਼ੁਦ ਬਚੋ ਤੇ ਹੋਰਨਾਂ ਨੂੰ ਬਚਾਓ । ਜ਼ਿੰਦਗੀ ਬਹੁਤ ਖ਼ੂਬਸੂਰਤ ਹੈ, ਇਸ ਨੂੰ ਅਜਾਈ ਨਾ ਗਵਾਓ । ਇਸ ਵਿੱਚ ਹੀ ਸਰਬੱਤ ਦਾ ਭਲਾ ਹੈ । ਸੜਕ ਹਾਦਸਿਆਂ ਨੂੰ ਲਗਾਮ ਲਗਾਉਣ ਲਈ ਇਸ ਰਾਸ਼ਟਰੀ ਸਮੱਸਿਆ ਦੇ ਕਾਰਨਾਂ ਅਤੇ ਇਸ ਦੀਆਂ ਡੂੰਘੀਆਂ ਹੋ ਚੁੱਕੀਆਂ ਜੜ੍ਹਾਂ ਨੂੰ ਉਖਾੜਨ ਲਈ ਲੋਕ ਲਹਿਰ ਉਸਾਰਨੀ ਹੋਵੇਗੀ, ਜਿਸ ਵਿੱਚ ਸਮਾਜ ਤੇ ਆਮ ਲੋਕਾਂ ਦੀ ਸ਼ਮੂਲੀਅਤ ਲਾਜ਼ਮੀ ਬਣਾਉਣੀ ਹੋਵੇਗੀ । ਹਰ ਕੰਮ ਤੋਂ ਪਹਿਲਾਂ ਮਨੁੱਖੀ ਜੀਵਨ ਬਚਾਉਣਾ ਸਭ ਤੋਂ ਵੱਡਾ ਧਰਮ ਹੈ।

**# ਸੰਪਰਕ : 98146-62260**

13-SEP-PAGE-5.qxd 9/12/2025 10:50 PM Page 1



# ਬੇਜ਼ਮੀਨੇ ਤੇ ਛੋਟੇ ਦੁਕਾਨਦਾਰਾਂ ਨੂੰ ਮੁਆਵਜ਼ਾ ਦੇਣ ਤੋਂ ਅਣਗੌਲਿਆ ਕਰਨ ਖ਼ਿਲਾਫ਼ ਸੜਕਾਂ 'ਤੇ ਉੱਤਰੇ ਮਜ਼ਦੂਰ



**ਮਾਨਸਾ (ਆਤਮਾ ਸਿੰਘ ਪਮਾਰ)**

ਪੰਜਾਬ ਅੰਦਰ ਹੜ੍ਹਾਂ/ਬਾਰਿਸ਼ਾਂ ਵੱਲੋਂ ਮਚਾਈ ਭਾਰੀ ਤਬਾਹੀ ਮਗਰੋਂ ਪੰਜਾਬ ਸਰਕਾਰ ਵੱਲੋਂ ਐਲਾਨ ਗਏ ਵੱਖ ਵੱਖ ਤਰ੍ਹਾਂ ਦੇ ਮੁਆਵਜਿਆਂ ਮੌਕੇ ਸਮਾਜ ਦੇ ਸਭ ਤੋਂ ਗਰੀਬ ਵਰਗ ਮਜ਼ਦੂਰਾਂ ਨੂੰ ਬਿਲਕੁਲ ਹੀ ਅਣਗੌਲ਼ੇ ਕਰਨ ਖ਼ਿਲਾਫ਼ ਪੇਂਡੂ ਤੇ ਖੇਤ ਮਜ਼ਦੂਰਾਂ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ 'ਤੇ ਮਜ਼ਦੂਰ ਮਰਦ ਔਰਤਾਂ ਸੜਕਾਂ 'ਤੇ ਉਤਰ ਆਏ।ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਗਣਾ ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾਲਾ ਸਿੰਘ ਕੁਸਲਾ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਵਿੱਚ ਰੋਸ ਪ੍ਰਦਰਸ਼ਨ ਕਰਨ ਉਪਰੰਤ ਭਿਆਨਕ ਹੜ੍ਹਾਂ ਦੌਰਾਨ ਮਜ਼ਦੂਰਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਲਈ ਤਹਿਸੀਲਦਾਰ ਮਾਨਸਾ ਰਾਹੀਂ ਇੱਕ ਮੰਗ ਪੱਤਰ ਸੂਬਾ ਤੇ ਕੇਂਦਰ ਸਰਕਾਰ ਨੂੰ ਭੇਜਣ ਲਈ ਸੌਂਪਿਆ ਗਿਆ। ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਆਗੂ ਗੁਰਮੀਤ ਸਿੰਘ ਨੰਦਗੜ੍ਹ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮਜ਼ਦੂਰ ਤੇ ਦਲਿਤ ਵਿਰੋਧੀ ਦੱਸਦਿਆਂ ਕਿਹਾ ਕਿ ਇਸ ਮੁਸੀਬਤ ਦੀ ਘੜੀ ਵਿੱਚ ਵੀ ਮੁੱਖ ਮੰਤਰੀ ਵੱਲੋਂ ਦਲਿਤਾਂ ਨਾਲ਼ ਜ਼ਾਤ ਪਾਤੀ ਵਿਤਕਰਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਬੇਸ਼ੱਕ ਦਰਿਆਵਾਂ ਲਾਗਲੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਪਰ ਅੱਧ ਕੱਚੇ ਪੱਕੇ ਮਕਾਨਾਂ ਵਾਲੇ ਦਲਿਤਾਂ ਨੂੰ ਦੂਹਰੀ ਤੀਹਰੀ ਮਾਰ ਪਈ ਹੈ ਆਗੂਆਂ ਨੇ ਮੰਗ ਕੀਤੀ ਹੜ੍ਹਾਂ ਵਿਚ ਜਾਨ ਗੁਵਾਉਣ ਵਾਲਿਆਂ ਦੇ ਪਰਵਾਰਾਂ ਨੂੰ 25 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਰਾਸ਼ੀ ਦਿੱਤੀ ਜਾਵੇ, ਮਜ਼ਦੂਰਾਂ ਦੇ ਢਹਿ ਗਏ ਘਰਾਂ ਨੂੰ ਮੁੜ ਉਸਾਰਨ ਲਈ ਘੱਟੋ-ਘੱਟ 15 ਲੱਖ ਅਤੇ ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾਵੇ, ਮਜ਼ਦੂਰ ਆਗੂਆਂ ਨੇ ਕਿਹਾ ਕਿ ਪਿਛਲੇ ਸਮਿਆਂ ਅੰਦਰ ਵੀ ਸਰਕਾਰੀ ਸਰਵੇਖਣ ਨਿਰਾ ਧੋਖਾ ਹੀ ਸਾਬਤ ਹੋਏ ਸਨ ਤੇ ਹੁਣ ਵੀ ਦਲਿਤ ਵਿਰੋਧੀ ਮਾਨਸਿਕਤਾ ਵਾਲੀ ਸਰਕਾਰ ਤੇ ਇਸਦੇ ਅਧਿਕਾਰੀਆਂ ਤੋਂ ਸਹੀ ਆਂਕਲਨ ਕਰਨ ਦੀ ਕੋਈ ਉਮੀਦ ਨਹੀਂ ਜਿਸ ਲਈ ਆਗੂਆਂ ਨੂੰ ਚੌਕਸ ਹੋਣ ਦੀ ਲੋੜ ਹੈ।ਆਗੂਆਂ ਨੇ ਜਿਥੇ ਮਜ਼ਦੂਰ ਜਮਾਤ ਨੂੰ ਅੱਖੋਂ ਪਰੋਖੇ ਕਰਨ ਦੀ ਨਿੰਦਾ ਕੀਤੀ, ਉਥੇ ਛੋਟੇ ਦੁਕਾਨਦਾਰਾਂ ਦੇ ਪ੍ਰਭਾਵਿਤ ਕਾਰੋਬਾਰ ਦੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਵੀ ਫੌਰੀ ਮੁਆਵਜਾ ਜਾਰੀ ਕੀਤਾ ਜਾਵੇ।

# ਕੇਂਦਰੀ ਜੇਲ੍ਹ 'ਚੋਂ 3 ਮੋਬਾਇਲ ਫੋਨ ਬਰਾਮਦ, 8 ਹਵਾਲਾਤੀਆਂ ਤੇ ਕੈਦੀ ਖਿਲਾਫ਼ ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਕੇਂਦਰੀ ਜੇਲ੍ਹ ਵਿਚੋਂ ਮੋਬਾਇਲ ਫੋਨ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕੇਂਦਰੀ ਜੇਲ੍ਹ ਵਿੱਚ ਬੀਤੇ ਦਿਨ ਵੀ ਤਲਾਸ਼ੀ ਦੌਰਾਨ 2 ਕੀਪੈਡ ਤੇ ਇਕ ਟੱਚ ਸਕਰੀਨ ਮੋਬਾਇਲ ਫੋਨ ਬਰਾਮਦ ਕਰਕੇ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ 8 ਹਵਾਲਾਤੀਆਂ ਅਤੇ ਇਕ ਕੈਦੀ ਖਿਲਾਫ਼ 52 ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ 6198 ਰਾਹੀਂ ਤਰਸੇਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਮਿਤੀ 28 ਅਗਸਤ 2025 ਨੂੰ ਹਵਾਲਾਤੀ ਹਰਦੀਪ ਸਿੰਘ ਹੈਪੀ ਪੁੱਤਰ ਸੁਖਵਿੰਦਰ ਸਿੰਘ ਸ਼ਿੰਦਾ ਵਾਸੀ ਗੰਡੀਵਿੰਡ ਧਤਲ ਥਾਣਾ ਜ਼ਿਲ੍ਹਾ ਚੋਹਲਾ ਸਾਹਿਬ, ਜ਼ਿਲ੍ਹਾ ਤਰਨਤਾਰਨ ਕੋਲੋਂ 1 ਕੀਪੈਡ ਮੋਬਾਇਲ ਫੋਨ ਅਤੇ ਪੱਤਰ ਨੰਬਰ 6433 ਮਿਤੀ 6 ਸਤੰਬਰ 2025 ਨੂੰ ਹਵਾਲਾਤੀ ਅਰਸ਼ਪ੍ਰੀਤ ਸਿੰਘ ਉਰਫ਼ ਵੱਡਾ ਪੁੱਤਰ ਬੇਅੰਤ ਸਿੰਘ ਵਾਸੀ ਗਲੀ ਨੰਬਰ 6/3 ਸ਼ਹੀਦ ਬਾਬੂ ਲਾਭ ਸਿੰਘ ਨਗਰ ਥਾਣਾ ਬਸਤੀ ਬਾਵਾ ਖੇਲ ਜਲੰਧਰ ਕੋਲੋਂ ਮੋਬਾਇਲ ਫੋਨ ਬਰਾਮਦ ਹੋਇਆ, ਜਿਸ ਨੇ ਦੱਸਿਆ ਕਿ ਇਹ ਮੋਬਾਇਲ ਫੋਨ ਦੀ ਵਰਤੋਂ ਹਵਾਲਾਤੀ ਸਰਬਜੀਤ ਸਿੰਘ ਉਰਫ਼ ਸਰਵਨ ਪੁੱਤਰ ਜੱਜ ਸਿੰਘ ਵਾਸੀ ਪੀਰ ਅਹਿਮਦ ਖਾਂ ਵਾਲਾ ਥਾਣਾ ਸਦਰ ਫ਼ਿਰੋਜ਼ਪੁਰ, ਹਵਾਲਾਤੀ ਰਣਜੀਤ ਸਿੰਘ ਉਰਫ਼ ਰਾਣਾ ਪੁੱਤਰ ਤੀਰਥ ਸਿੰਘ ਵਾਸੀ ਰਾਜਕੇ ਜ਼ਿਲ੍ਹਾ ਤਰਨਤਾਰਨ ਤੇ ਹਵਾਲਾਤੀ ਮਨਪ੍ਰੀਤ ਸਿੰਘ ਉਰਫ ਮਨੀ ਬਾਬਾ ਪੁੱਤਰ ਜਰਮਲ ਸਿੰਘ ਵਾਸੀ ਅਲੀ ਕੇ ਰੋਡ, ਬਸਤੀ ਬਾਗ ਵਾਲੀ, ਫਿਰੋਜ਼ਪੁਰ ਥਾਣਾ ਸਿਟੀ ਫਿਰੋਜ਼ਪੁਰ ਕਰਦੇ ਹਨ।

ਇਸੇ ਤਰ੍ਹਾਂ ਚੱਕੀ ਨੰਬਰ 5 ਦੀ ਤਲਾਸ਼ੀ ਕੀਤੀ ਤਾਂ ਹਾਵਾਲਾਤੀ ਮਜਨ ਪੁੱਤਰ ਮਲਕੀਤ ਸਿੰਘ ਵਾਸੀ ਰੁਕਨਾ ਮੂੰਗਲਾ ਥਾਣਾ ਕੁੱਲਗੜ੍ਹੀ ਕੋਲੋਂ 1 ਉਪੋ ਕੰਪਨੀ ਦਾ ਟੱਚ ਸਕਰੀਨ ਮੋਬਾਇਲ ਫੋਨ ਬਰਾਮਦ ਹੋਇਆ। ਜਿਸ ਨੇ ਦੱਸਿਆ ਕਿ ਇਸ ਮੋਬਾਇਲ ਫੋਨ ਦੀ ਵਰਤੋਂ ਕੈਦੀ ਕਿੱਕਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਉਸਮਾਨ ਵਾਲਾ ਥਾਣਾ ਆਰਿਫ ਕੇ, ਹਵਾਲਾਤੀ ਸਰਵਨ ਸਿੰਘ ਉਰਫ ਸੱਮਾ ਪੁੱਤਰ ਮੇਜਰ ਸਿੰਘ ਵਾਸੀ ਮਸਤੇ ਵਾਲਾ ਥਾਣਾ ਕੋਟ ਈਸੇ ਖਾਂ, ਜ਼ਿਲ੍ਹਾ ਮੋਗਾ ਤੇ ਹਵਾਲਾਤੀ ਦਲਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਬਾਉਪਰ ਅਫ਼ਗਾਨਾ ਥਾਣਾ ਦੋਰੰਗਲਾ ਜ਼ਿਲ੍ਹਾ ਗੁਰਦਾਸਪੁਰ ਵੀ ਕਰਦੇ ਹਨ।

ਇਕ ਨੋਕੀਆ ਕੰਪਨੀ ਦਾ ਕੀਪੈਡ ਮੋਬਾਇਲ ਫੋਨ ਸਮੇਤ ਸਿੰਮ ਅਤੇ ਬੈਟਰੀ ਚਾਲੂ ਹਾਲਤ ਚੱਕੀਆਂ ਦੇ ਵਿਹੜੇ 'ਚ ਪਏ ਕੂੜੇ 'ਚੋਂ ਲਵਾਰਸ ਹਾਲਤ ਵਿੱਚ ਬਰਾਮਦ ਹੋਏ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਉਕਤ ਹਵਾਲਾਤੀਆਂ ਤੇ ਕੈਦੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪੁਲਸ ਤੇ ਦਵਿੰਦਰ ਬੰਬੀਹਾ ਗੈਂਗ ਦੇ ਗੁਰਗੇ ਵਿਚਕਾਰ ਹੋਈ ਫਾਇਰਿੰਗ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**



ਪੁਲਸ ਵੱਲੋਂ 1 ਕਰੋੜ ਦੀ ਫਿਰੌਤੀ ਮੰਗਣ ਦੇ ਮਾਮਲੇ 'ਚ ਦਵਿੰਦਰ ਬੰਬੀਹਾ ਗਰੁੱਪ ਨਾਲ ਸਬੰਧਤ 03 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ।ਗ੍ਰਿਫ਼ਤਾਰ ਦੋਸ਼ੀਆਂ 'ਚ ਰਾਜਵੀਰ ਸਿੰਘ ਉਰਫ਼ ਜੋਤ (ਵਾਸੀ ਮੋਗਾ) ਵੀ ਸ਼ਾਮਿਲ ਹੈ, ਜਿਸ ਨੇ ਹਥਿਆਰ ਬਰਾਮਦਗੀ ਦੌਰਾਨ ਪੁਲਸ ਪਾਰਟੀ ਉੱਪਰ ਫਾਇਰਿੰਗ ਕੀਤੀ, ਜਿਸ ਨੂੰ ਮੁੱਠਭੇੜ ਤੋਂ ਬਾਅਦ ਜ਼ਖ਼ਮੀ ਹਾਲਤ ਵਿੱਚ ਕਾਬੂ ਕੀਤਾ ਗਿਆ ਹੈ।ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਸਾਂਝੀ ਕੀਤੀ ਗਈ।ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਕੋਟਕਪੂਰਾ ਵਿੱਚ ਪਿਛਲੇ ਮਹੀਨੇ ਦੌਰਾਨ ਬੰਬੀਹਾ ਗੈਂਗ ਦੇ ਗੁਰਗਿਆਂ ਵੱਲੋਂ ਫਿਰੌਤੀ ਮੰਗਣ ਦੀ ਘਟਨਾ ਦਰਜ ਕੀਤੀ ਗਈ ਸੀ, ਜਿਸ ਵਿੱਚ ਇਨ੍ਹਾਂ ਨੇ ਫਿਰੌਤੀ ਦੀ ਰਕਮ ਨਾ ਮਿਲਣ 'ਤੇ ਬਾਅਦ ਵਿੱਚ 01 ਸਤੰਬਰ ਦੀ ਰਾਤ ਨੂੰ ਉਸ ਵਿਅਕਤੀ ਦੇ ਘਰ ਦੇ ਬਾਹਰ ਫਾਇਰਿੰਗ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਇਸ ਮਾਮਲੇ ਵਿੱਚ ਐਸ.ਪੀ (ਇਨਵੈਸਟੀਗੇਸ਼ਨ) ਸ੍ਰੀ ਸੰਦੀਪ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡੀ.ਐਸ.ਪੀ (ਇਨਵੈਸਟੀਗੇਸ਼ਨ) ਸ੍ਰੀ ਅਰੁਣ ਮੁੰਡਨ ਅਤੇ ਡੀ.ਐਸ.ਪੀ ਕੋਟਕਪੂਰਾ ਸ੍ਰੀ ਜਤਿੰਦਰ ਸਿੰਘ ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ ਫਰੀਦਕੋਟ ਅਤੇ ਥਾਣਾ ਸਿਟੀ ਕੋਟਕਪੂਰਾ ਦੀਆਂ ਪੁਲਿਸ ਟੀਮਾਂ ਵੱਲੋਂ ਟੈਕਨੀਕਲ ਇਨਪੁੱਟ ਤੇ ਹਿਊਮਨ ਇੰਟੈਲੀਜੈਂਸ ਦੇ ਅਧਾਰ 'ਤੇ ਕਾਰਵਾਈ ਕਰਦਿਆਂ ਫਾਇਰਿੰਗ ਦੀ ਘਟਨਾ ਵਿੱਚ ਸ਼ਾਮਲ ਦੋਹਾਂ ਦੋਸ਼ੀਆਂ ਸੰਦੀਪ ਸਿੰਘ ਉਰਫ ਲਵਲੀ ਅਤੇ ਰਾਜਵੀਰ ਸਿੰਘ ਉਰਫ ਜੋਤ ਨੂੰ ਮਿਤੀ 07.09.2025 ਨੂੰ ਲੱਕੜ ਦਾਣਾ ਮੰਡੀ ਕੋਟਕਪੂਰਾ ਪਾਸੋਂ ਗ੍ਰਿਫਤਾਰ ਕੀਤਾ ਗਿਆ ਸੀ। ਮੁੱਢਲੀ ਤਫਤੀਸ਼ ਦੌਰਾਨ ਇਹ ਸਾਹਮਣੇ ਆਇਆ ਕਿ ਦੋਸ਼ੀਆਂ ਵੱਲੋਂ ਇਸ ਵਾਰਦਾਤ ਨੂੰ ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਗੈਂਗਸਟਰ ਸਿਮਾ ਬਹਿਬਲ ਤੇ ਜੱਸ ਬਹਿਬਲ ਦੇ ਇਸ਼ਾਰੇ 'ਤੇ ਅੰਜਾਮ ਦਿੱਤਾ ਗਿਆ ਸੀ ਅਤੇ ਇਸ ਵਾਰਦਾਤ ਲਈ ਹਥਿਆਰ ਮੋਗਾ ਜ਼ਿਲ੍ਹਾ ਨਾਲ ਹੀ ਸਬੰਧਿਤ ਮਲਕੀਤ ਸਿੰਘ ਵੱਲੋਂ ਮੁਹੱਈਆ ਕਰਾਏ ਗਏ ਹਨ, ਜਿਸ ਨੂੰ 08.09.2025 ਨੂੰ ਕੇਂਦਰੀ ਜੇਲ ਫਰੀਦਕੋਟ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਹੈ।

ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਜਦ ਕਥਿਤ ਮੁਲਜ਼ਮ ਕੋਲੋਂ ਰਿਮਾਂਡ ਦੌਰਾਨ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਫਾਇਰਿੰਗ ਦੌਰਾਨ ਵਰਤਿਆ 32 ਬੋਰ ਪਿਸਟਲ ਉਨ੍ਹਾਂ ਵੱਲੋਂ ਪਿੰਡ ਢਿੱਲਵਾਂ ਤੋਂ ਸਿਵਿਆਂ ਰੋਡ ਨਹਿਰਾਂ ਪਾਸ ਛੁਪਾ ਕੇ ਰੱਖਿਆ ਗਿਆ ਹੈ, ਜਿਸ ਤੋਂ ਬਾਅਦ ਜਦੋਂ ਪੁਲਿਸ ਟੀਮ ਰਿਕਵਰੀ ਲਈ ਦੋਸ਼ੀ ਰਾਜਵੀਰ ਸਿੰਘ ਉਰਫ ਜੋਤ ਨੂੰ ਨਾਲ ਲੈ ਕੇ ਆਈ ਤਾਂ ਰਿਕਵਰੀ ਦੌਰਾਨ ਕਥਿਤ ਮੁਲਜ਼ਮ ਰਾਜਵੀਰ ਸਿੰਘ ਉਰਫ ਜੋਤ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕਰਦਿਆਂ ਲੁਕਾਏ ਹੋਏ ਪਿਸਟਲ ਨਾਲ ਪੁਲਿਸ ਪਾਰਟੀ ਤੇ ਫਾਇਰ ਕੀਤਾ, ਜਿਸ ਪਰ ਪੁਲਿਸ ਪਾਰਟੀ ਵੱਲੋਂ ਜਵਾਬੀ ਫਾਇਰਿੰਗ ਕੀਤੀ ਤਾਂ ਦੋਸ਼ੀ ਜ਼ਖਮੀ ਹੋ ਗਿਆ ਅਤੇ ਉਸ ਨੂੰ ਕਾਬੂ ਕਰ ਲਿਆ ਗਿਆ।

## ਕਾਤਰਾਂ

### ਅੱਖਾਂ ਦਾ ਮੁਫ਼ਤ ਕੈਂਪ 16 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ੍ਰੀ ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈਲਫੇਅਰ ਕਲੱਬ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ 16 ਸਤੰਬਰ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਦੱਸਿਆ ਕਿ ਸੇਵਾਦਾਰ ਦਿਹਾੜੇ 'ਤੇ ਲਾਏ ਜਾ ਰਹੇ ਕੈਂਪ ਵਿਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਨਗੇ ਤੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਜਿਨ੍ਹਾਂ ਮਰੀਜ਼ਾਂ ਨੂੰ ਚਿੱਟੇ ਮੋਤੀਏ ਦੀ ਬਿਮਾਰੀ ਹੋਵੇਗੀ, ਉਨ੍ਹਾਂ ਦਾ ਆਪ੍ਰੇਸ਼ਨ ਵੀ ਮੁਫ਼ਤ ਕੀਤਾ ਜਾਵੇਗਾ।

### ਗ਼ਜ਼ਲ ਸੰਗ੍ਰਹਿ 'ਦਰਿਆਵਾਂ ਦੇ ਵਹਿਣ' ਦਾ ਲੋਕ ਅਰਪਣ 14 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਲੇਖਕ ਮੰਚ (ਰਜਿ:) ਵੱਲੋਂ 14 ਸਤੰਬਰ ਨੂੰ ਕਿੰਡਰ ਗਾਰਟਨ ਸੀਨੀ: ਸੈਕੰ: ਸਕੂਲ ਵਿਖੇ ਇੱਕ ਸਮਾਗਮ ਦੌਰਾਨ ਮਾਸਟਰ ਬਲਕਾਰ ਸਿੰਘ ਦਾ ਪਹਿਲਾ ਗ਼ਜ਼ਲ ਸੰਗ੍ਰਹਿ 'ਦਰਿਆਵਾਂ ਦੇ ਵਹਿਣ' ਲੋਕ ਅਰਪਣ ਕੀਤਾ ਜਾ ਰਿਹਾ ਹੈ।ਮੰਚ ਦੇ ਸਰਪ੍ਰਸਤ ਪ੍ਰਿੰਸੀਪਲ (ਡਾ.) ਪਰਮਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰ ਰਹੇ ਹਨ ਤੇ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਐਸ. ਨਸੀਮ ਕਰਨਗੇ। ਗ਼ਜ਼ਲ ਸੰਗ੍ਰਹਿ ਉੱਤੇ ਵਿਚਾਰ ਚਰਚਾ ਕਰਨ ਲਈ ਗ਼ਜ਼ਲਗੋ ਅਮਰਿੰਦਰ ਸਿੰਘ ਸੋਹਲ ਤੇ ਨਿਰੰਜਨ ਸੂਖਮ ਵਿਸ਼ੇਸ਼ ਤੌਰ 'ਤੇ ਪੁੱਜ ਰਹੇ।ਇਸ ਤੋਂ ਇਲਾਵਾ ਹੋਰ ਸਾਹਿਤਕਾਰ ਵੀ ਇਸ ਪੁਸਤਕ 'ਤੇ ਚਰਚਾ ਕਰਨਗੇ।ਉਪਰੰਤ ਹਾਜ਼ਰ ਲੇਖਕ, ਕਵੀ ਆਪਣੀ ਰਚਨਾਵਾਂ ਵੀ ਸਾਂਝੀਆਂ ਕਰਨਗੇ।

### ਬੀ ਐੱਸ ਐੱਫ ਵੱਲੋਂ 1 ਕਿਲੋ 555 ਗ੍ਰਾਮ ਹੈਰੋਇਨ ਬਰਾਮਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ਼ ਦੇ ਜਵਾਨਾਂ ਨੂੰ ਸਰਚ ਅਪ੍ਰੇਸ਼ਨ ਦੌਰਾਨ 3 ਪੈਕੇਟ ਹੈਰੋਇਨ ਦੇ ਬਰਾਮਦ ਹੋਏ, ਜਿਨ੍ਹਾਂ 'ਚੋਂ 1 ਕਿਲੋ 555 ਗ੍ਰਾਮ ਪਾਈ ਗਈ। ਇਸ ਸਬੰਧ ਵਿੱਚ ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਐੱਨਡੀਪੀਐੱਸ ਐਕਟ (ਕਮਰਸ਼ੀਅਲ) ਤਹਿਤ ਮਾਮਲਾ ਦਰਜ ਕੀਤਾ ਹੈ। ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ ਓਪੀਐੱਸ/ਐੱਫਆਈਆਰ/ਸੀ/99 ਬਟਾਲੀਅਨ/2025/375 ਮਿਤੀ 11 ਸਤੰਬਰ 2025 ਵੱਲੋਂ ਅਵਿਸ਼ੇਕ ਆਨੰਦ (ਏਸੀ) ਆਫ਼ਿਸ ਆਫ਼ ਦੀ ਕੰਪਨੀ ਕਮਾਂਡਰ 'ਸੀ' ਕੰਪਨੀ 99 ਬਟਾਲੀਅਨ ਬੀਐੱਸਐੱਫ, ਬੀਓਪੀ ਪਛਾੜੀਆਂ ਮਿਤੀ 11 ਸਤੰਬਰ 2025 ਕਾਨੂੰਨੀ ਕਾਰਵਾਈ ਕਰਨ ਲਈ ਮੌਸੂਲ ਥਾਣਾ ਹੋਇਆ ਕਿ ਬੀਐੱਸਐੱਫ ਦੇ ਕ੍ਰਮਚਾਰੀਆਂ ਵੱਲੋਂ ਸਰਚ ਅਪ੍ਰੇਸ਼ਨ ਦੌਰਾਨ ਨੇੜੇ ਪਿੰਡ ਪੱਲਾ ਮੇਘਾ ਤੋਂ 3 ਪੈਕੇਟ ਹੈਰੋਇਨ ਦੇ ਬਰਾਮਦ ਕੀਤੇ, ਜਦ ਉਨ੍ਹਾਂ ਦਾ ਵਜ਼ਨ ਕੀਤਾ ਗਿਆ ਤਾਂ ਉਨ੍ਹਾਂ 'ਚੋਂ 1 ਕਿਲੋ 555 ਗ੍ਰਾਮ ਹੈਰੋਇਨ ਬਰਾਮਦ ਹੋਈ। ਜਾਂਚਕਰਤਾ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਨਗਰ ਕੌਂਸਲ ਵੱਲੋਂ ਪਲੇਸਮੈਂਟ ਕੈਂਪ 16 ਨੂੰ

**ਧੂਰੀ (ਮਨੋਹਰ ਸਿੰਘ ਸੱਗੂ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨਗਰ ਕੌਂਸਲ ਨਾਲ ਤਾਲਮੇਲ ਕਰਕੇ 16 ਸਤੰਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਨਗਰ ਕੌਂਸਲ ਦਫ਼ਤਰ ਵਿਖੇ ਇੱਕ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ, ਸ੍ਰੀਮਤੀ ਸਿਮੀ ਸਿਗਲਾ ਨੇ ਦੱਸਿਆ ਕਿ ਕੰਪਨੀ ਵੱਲੋਂ ਸਰਵੇਅਰ (ਕੇਵਲ ਲੜਕੇ ਲਈ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ 12ਵੀਂ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 18 ਤੋਂ 37 ਸਾਲ ਹੋਣੀ ਚਾਹੀਦੀ ਹੈ।ਇਹ ਅਸਾਮੀ ਕੇਵਲ ਇੱਕ ਮਹੀਨੇ ਲਈ ਹੈ।ਚਾਹਵਾਨ ਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ।ਇੰਟਰਵਿਊ 'ਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ।

## ਚੈੱਕ ਬਾਊਂਸ ਮਾਮਲੇ 'ਚ ਔਰਤ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਮੀਨ ਦੀ ਰਜਿਸਟਰੀ ਮੌਕੇ ਦਿੱਤੇ ਚੈੱਕ ਬਾਊਂਸ ਹੋ ਜਾਣ ਦੇ ਕਥਿਤ ਮਾਮਲੇ ਵਿੱਚ ਖਮਾਣੋਂ ਪੁਲਸ ਵੱਲੋਂ ਇੱਕ ਮਹਿਲਾ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਸਪਿੰਦਰ ਕੌਰ ਵਾਸੀ ਸਰਹਿੰਦ ਨੇ ਦੱਸਿਆ ਕਿ ਮਨਦੀਪ ਕੌਰ ਨਾਗਰਾ, ਜੋ ਉਸਦੀ ਰਿਸ਼ਤੇਦਾਰ ਵੀ ਹੈ, ਨੇ ਖਮਾਣੋਂ ਖੁਰਦ ਵਿਖੇ ਉਨ੍ਹਾਂ ਦੀ ਜ਼ਮੀਨ 45 ਲੱਖ ਰੁਪਏ ਵਿੱਚ ਖਰੀਦੀ ਸੀ, ਜਿਸ ਦਾ ਵਸੀਕਾ ਰਜਿਸਟਰਡ ਕਰਾਉਣ ਵੇਲੇ ਉਸ ਵੱਲੋਂ 43 ਲੱਖ ਰੁਪਏ ਦੇ 6 ਚੈੱਕ ਉਨ੍ਹਾਂ ਨੂੰ ਜਾਰੀ ਕੀਤੇ ਗਏ, ਜੋ ਸਾਰੇ ਬੈਂਕ ਖਾਤੇ ਵਿੱਚ ਲਾਉਣ 'ਤੇ ਬਾਊਂਸ ਹੋ ਗਏ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਨਦੀਪ ਕੌਰ ਨਾਗਰਾ ਵਿਰੁੱਧ 318(4) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖਮਾਣੋਂ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਹਰਪਾਲ ਚੀਮਾ ਤੇ ਅਮਨ ਅਰੋੜਾ ਦੀ ਹਾਜ਼ਰੀ 'ਚ ਬਲਜਿੰਦਰ ਢਿੱਲੋਂ ਨੇ ਪੰਜਾਬ ਐਗਰੋ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



**ਪਟਿਆਲ਼ਾ/ਚੰਡੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀਂ ਪਾਰਟੀ ਦੇ ਪਟਿਆਲ਼ਾ ਲੋਕ ਸਭਾ ਦੇ ਹਲਕਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਜਿਨ੍ਹਾਂ ਨੂੰ ਪੰਜਾਬ ਪਿਛਲੇ ਦਿਨੀਂ ਪੰਜਾਬ ਸਰਕਾਰ ਵਲੋਂ ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੋ ਫੂਡ ਗਰੇਨ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਨੇ ਚੰਡੀਗੜ੍ਹ ਵਿਖੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਸੀਨੀਅਰ ਕੈਬਿਨਟ ਮੰਤਰੀ ਅਮਨ ਅਰੋੜਾ ਕੈਬਨਿਟ ਮੰਤਰੀ ਦੀਪਕ ਬਾਲੀ ਅਤੇ ਇਕ ਦਰਜ਼ਨ ਮੰਤਰੀਆਂ, ਵਿਧਾਇਕਾਂ ਅਤੇ ਚੇਅਰਮੈਨਾਂ ਦੀ ਹਾਜ਼ਰੀ ਵਿੱਚ ਆਪਣਾਂ ਆਹੁਦਾ ਸੰਭਾਲਿਆ। ਇਸ ਮੌਕੇ ਅਜੀਤਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾ ਮਾਜ਼ਰਾ, ਨੀਨਾ ਮਿੱਤਲ, ਦੇਵ ਸਿੰਘ ਮਾਨ, ਕੁਲਵੰਤ ਸਿੰਘ ਬਾਜੀਗਰ ਮਨਜੀਤ ਸਿੰਘ ਬਿਲਾਸਪੁਰ (ਸਾਰੇ ਵਿਧਾਇਕ) ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀਂ ਪਾਰਟੀ ਦੇ ਸੂਬਾ ਸਕੱਤਰ ਹਰਚੰਦ ਸਿੰਘ ਬਰਸਟ ਸਮਿੰਦਰ ਸਿੰਘ ਖਿੰਡਾ ਸੰਨੀ ਆਹਲੂਵਾਲਿਆ ਚੇਅਰਮੈਂਨ ਸੀਵਰੇਜ਼ ਬੋਰਡ ਵਿੱਕੀ ਘਨੌਰ ਵਾਈਸ ਇੰਦਰਜੀਤ ਸਿੰਘ ਵਾਈਸ ਚੇਅਰਮੈਂਨ, ਜਸਬੀਰ ਸਿੰਘ ਜੱਸੀ ਸੌਹਿਆਂ ਵਾਲਾ ਚੇਅਰਮੈਂਨ ਹਰਪਾਲ ਜੁਨੇਜਾ ਸੁਮਿਤ ਗਰਗ ਸੂਬਾ ਬੁਲਾਰਾ ਹਰਿਆਣਾ ਲਖਵਿੰਦਰ ਸਿੰਘ ਢਿੱਲੋਂ ਰਾਜਿੰਦਰ ਸਿੰਘ ਕੋਹਲੀ ਮੀਡਿਆ ਇੰਚਾਰਜ ਇਸ ਮੌਕੇ ਹਾਜ਼ਰ ਸਨ।ਇਸ ਮੌਕੇ ਚੈਅਰਮੈਨ ਬਲਜਿੰਦਰ ਢਿੱਲੋ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਅਤੇ ਸਰਕਾਰ ਦੀਆਂ ਨੀਤੀਆਂ ਜ਼ਿਲ੍ਹਾ ਮੀਡੀਆ ਸੱਕਤਰ ਪ੍ਰੀਤਿ ਸਨੌਰ ਮੀਡੀਆ ਸਲਾਹਕਾਰ ਜਸਵੰਤ ਰਾਏ ਸੂਬਾ ਜੁਆਇੰਟ ਸਕੱਤਰ ਰਾਜਿੰਦਰ ਸਿੰਘ ਕੋਹਲੀ ਪੀ ਏ ਮਨਦੀਪ ਜੌਲਾਂ ਰਾਜਿੰਦਰ ਸਿੰਘ ਥਿੰਦ ਸਮੇਤ ਸਨੌਰ ਵਿਧਾਨ ਸਭਾ ਅਤੇ ਪਟਿਆਲ਼ਾ ਤੋਂ ਆਮ ਆਦਮੀ ਪਾਰਟੀ ਦੇ ਹੋਰ ਬਹੁਤ ਸਾਰੇ ਆਗੂ ਅਤੇ ਵਰਕਰ ਇਸ ਮੌਕੇ ਮੌਜੂਦ ਸਨ ਅਤੇ ਸਾਰਿਆਂ ਵੱਲੋਂ ਆਪਣਾ ਆਹੁਦੇ ਸੰਭਾਲਣ ਤੇ ਉਹਨਾ ਵਧਾਈ ਦਿੰਦੇ ਹੋਏ ਆਪਣਾ ਆਸ਼ੀਰਵਾਦ ਦਿੱਤਾ। ਪਤਰਕਾਰਾਂ ਵੱਲੋ ਪੁੱਛੇ ਸਵਾਲਾਂ ਦਾ ਜਬਾਬ ਦਿੰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਪ੍ਰਧਾਨ ਅਮਨ ਅਰੋੜਾ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਹੜਾਂ ਦੇ ਨਾਂ ਤੇ ਹੋਛੀ ਰਾਜਨੀਤੀ ਕਰਨ ਅਤੇ ਪੰਜਾਬ ਨੂੰ ਲੋੜ ਅਨੁਸਾਰ ਵਿੱਤੀ ਪੈਕਜ ਨਾਂ ਦੇਣ ਦੀ ਕੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਪੰਜਾਬ ਦੇ ਲੋਕਾਂ ਨਾਲ ਇਨਸਾਫ਼ ਇਨਸਾਫ਼ ਕਰਨ ਦੀ ਮੰਗ ਕੀਤੀ ਗਈ ।

# ਹੜ੍ਹ ਪੀੜਤ ਪਰਵਾਰਾਂ ਨੂੰ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਕੀਤਾ ਰੋਸ ਪ੍ਰਦਰਸ਼ਨ




**ਮੋਗਾ (ਇਕਬਾਲ ਸਿੰਘ ਖਹਿਰਾ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੂਬਾ ਪੱਧਰੀ ਸੱਦੇ ਤਹਿਤ ਹੜ੍ਹ ਪੀੜਤ ਪਰਵਾਰਾਂ ਨੂੰ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਵੱਲ ਰੋਸ ਪ੍ਰਦਰਸ਼ਨ ਕਰਕੇ ਮੰਗ ਪੱਤਰ ਦਿੱਤਾ ਗਿਆ।ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਹੜ੍ਹਾਂ ਵਿਚ ਜਾਨਾਂ ਗੁਆਉਣ ਵਾਲੇ ਵਿਅਕਤੀਆਂ ਦੇ ਪਰਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਇਆ ਦੀ ਰਾਸ਼ੀ ਦਿੱਤੀ ਜਾਵੇ, ਜਿਨ੍ਹਾਂ ਮਜ਼ਦੂਰਾਂ ਕਿਸਾਨਾਂ ਦੇ ਘਰ ਢਹਿ ਗਏ ਹਨ, ਉਨ੍ਹਾਂ ਨੂੰ ਮੁੜ ਉਸਾਰਨ ਲਈ 15 ਲੱਖ ਰੁਪਏ ਦੀ ਗ੍ਰਾਂਟ ਵਜੋਂ ਦਿੱਤੀ ਜਾਵੇ, ਬਾਲੇ ਗਾਡਰਾਂ ਵਾਲੀਆਂ ਛੱਤਾਂ ਨੂੰ ਬਦਲਣ ਲਈ 5 ਲੱਖ ਰੁਪਏ ਦੀ ਗ੍ਰਾਂਟ, ਮਜ਼ਦੂਰਾਂ ਦੀਆਂ ਟੁੱਟੀਆ ਕੰਮ ਦੀਆਂ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਵਾਰ 50000 ਰੁਪਏ ਸਮੇਤ ਹੜ੍ਹਾਂ/ਬਾਰਿਸ਼ਾਂ ਕਾਰਨ ਲੋਕਾਂ ਦੇ ਹੋਏ ਭਾਰੀ ਨੁਕਸਾਨ ਦੀ ਭਰਪਾਈ ਸੌ ਫ਼ੀਸਦੀ ਕੀਤੀ ਜਾਵੇ। ਧਰਨੇ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਕਾਲੇਕੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੀਰ ਸਿੰਘ ਸਿੰਘਾਂਵਾਲਾ ਕਿਹਾ ਕਿ ਹੜ੍ਹਾਂ ਲਈ ਸੂਬਾ ਸਰਕਾਰ ਜ਼ਿੰਮੇਵਾਰ ਹੈ, ਕਿਉਂਕਿ ਮਾਹਰਾਂ ਨੇ ਪਹਿਲਾਂ ਹੀ ਭਾਰੀ ਬਾਰਿਸ਼ਾਂ ਦੀ ਪੇਸ਼ੀਨਗੋਈ ਦੇ ਨਾਲ ਨਾਲ ਹੜ੍ਹਾਂ ਦੀ ਸੰਭਾਵਨਾ ਜਤਾਈ ਸੀ, ਪਰ ਸੂਬਾ ਸਰਕਾਰ ਨੇ ਅਗਾਊਂ ਕੋਈ ਪ੍ਰਬੰਧ ਨਾ ਕਰਨ ਕਰਕੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਜਿੱਥੇ ਏਡੀ ਵੱਡੀ ਤਰਾਸਦੀ ਵਾਪਰੀ ਹੈ, ਉਥੇ ਕੇਂਦਰ ਅਤੇ ਸੂਬਾ ਸਰਕਾਰ ਨੇ ਲੋਕਾਂ ਪ੍ਰਤੀ ਸਿਰੇ ਦੀ ਅਸੰਵੇਦਨਸ਼ੀਲਤਾ ਵਿਖਾਈ ਹੈ।ਉਨ੍ਹਾਂ ਆਖਿਆ ਕਿ ਜਦੋਂ ਹੋਰਨਾਂ ਤਬਕਿਆਂ ਦੇ ਨਾਲ ਹੀ ਮਜ਼ਦੂਰ ਤਬਕੇ ਦਾ ਵੀ ਭਾਰੀ ਨੁਕਸਾਨ ਹੋਇਆ ਹੈ, ਪਰ ਮੌਕੇ ਦੇ ਮੁੱਖ ਮੰਤਰੀ ਨੇ ਦਲਿਤ ਭਾਈਚਾਰੇ ਨਾਲ ਵਿਤਕਰਾ ਕਰਦਿਆਂ ਉਨ੍ਹਾਂ ਲਈ ਕਿਸੇ ਤਰ੍ਹਾਂ ਦੇ ਵੀ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ ਤੇ ਅਧਿਕਾਰੀ ਮਜ਼ਦੂਰਾਂ ਨਾਲ ਜਾਤੀ ਪਾਤੀ ਕਾਰਣ ਮਾੜਾ ਰਵੱਈਆ ਅਪਣਾ ਰਹੇ ਹਨ, ਉਨ੍ਹਾਂ ਨੇ ਮਜ਼ਦੂਰ ਜਮਾਤ ਨੂੰ ਸੱਦਾ ਦਿੱਤਾ ਕਿ ਮਜ਼ਦੂਰ ਮੰਗਾਂ ਲਈ ਤਿੱਖੇ ਅਤੇ ਵਿਸ਼ਾਲ ਸੰਘਰਸ਼ ਲਈ ਤਿਆਰ ਰਹਿਣ।

# ਮਨਰੇਗਾ ਵਰਕਰ ਯੂਨੀਅਨ ਵੱਲੋਂ ਰੋਸ ਧਰਨਾ, ਪੰਜਾਬ ਤੇ ਕੇਂਦਰ ਸਰਕਾਰ ਨੂੰ ਭੇਜਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਦਲਿਤ ਦਾਸਤਾਂ ਵਿਰੋਧੀ ਅੰਦੋਲਨ ਦੇ ਸੂਬਾਈ ਜਨਰਲ ਸਕੱਤਰ ਜਗਸੀਰ ਸਿੰਘ ਸੀਰਾ ਦੀ ਅਗਵਾਈ ਹੇਠ ਡੀ.ਸੀ. ਦਫ਼ਤਰ ਦੇ ਬਾਹਰ ਵੱਡੀ ਗਿਣਤੀ ਵਿੱਚ ਵੱਖੋ-ਵੱਖ ਪਿੰਡਾਂ 'ਚੋਂ ਆਏ ਮਨਰੇਗਾ ਮਜ਼ਦੂਰਾਂ ਨੇ ਕੰਮਾਂ ਨੂੰ ਬਹਾਲ ਕਰਾਉਣ ਲਈ ਅਤੇ ਲੰਮੀ ਬਾਰਿਸ਼ ਕਾਰਨ ਗ਼ਰੀਬ ਪਰਵਾਰਾਂ ਦੇ ਹੋਏ ਘਰਾਂ ਦੇ ਨੁਕਸਾਨ ਲਈ ਮੁਆਵਜ਼ਾ ਲੈਣ ਲਈ ਰੱਖੇ ਰੋਸ ਧਰਨੇ 'ਚ ਵੱਡੀ ਗਿਣਤੀ ਵਿੱਚ ਕਾਰਕੁੰਨਾਂ ਅਤੇ ਆਮ ਲੋਕਾਂ ਵੱਲੋਂ ਸ਼ਿਰਕਤ ਕੀਤੀ ਗਈ।

ਧਰਨੇ ਨੂੰ ਸੰਬੋਧਨ ਕਰਦਿਆਂ ਸੀਰਾ ਨੇ ਕਿਹਾ ਕਿ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਪੰਜਾਬ ਦਾ ਮਜ਼ਦੂਰ ਸਭ ਤੋਂ ਵੱਧ ਸੰਤਾਪ ਭੋਗ ਰਿਹਾ ਹੈ।ਇਨ੍ਹਾਂ ਮਜ਼ਦੂਰਾਂ ਨੇ ਆਪਣੇ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਪਾਸ ਤਕਰੀਬਨ ਪਿਛਲੇ ਦੋ ਸਾਲਾਂ ਤੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਫਾਰਮਾਂ ਦੇ ਨਾਲ ਨਾਲ ਮਕਾਨਾਂ ਦੀਆਂ ਫੋਟੋਆਂ, ਬੈਂਕ ਖਾਤੇ ਆਦਿ ਸਾਰੇ ਦਸਤਾਵੇਜ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਵਿੱਚ ਜਮ੍ਹਾ ਕਰਾਏ, ਪ੍ਰੰਤੂ ਪ੍ਰਸ਼ਾਸਨ ਵੱਲੋਂ ਕੋਈ ਵੀ ਠੋਸ ਕਦਮ ਨਹੀਂ ਚੁੱਕੇ ਗਏ, ਜਿਸ ਕਾਰਨ ਅਨੇਕਾਂ ਮਜ਼ਦੂਰਾਂ ਦੇ ਘਰਾਂ ਦੀਆਂ ਛੱਤਾਂ ਡਿੱਗ ਪਈਆਂ ਤੇ ਕਈ ਮਜ਼ਦੂਰ ਅਤੇ ਉਹਨਾਂ ਦੇ ਬੱਚੇ ਛੱਤਾਂ ਹੇਠ ਆ ਕੇ ਦਮ ਤੋੜ ਗਏ। ਪੰਜਾਬ ਤੇ ਕੇਂਦਰ ਸਰਕਾਰ ਪਾਸ ਸਿਫਾਰਸ਼ ਕਰੇ ਕਿ ਪੰਜਾਬ ਨੂੰ ਹੜ੍ਹ ਪੀੜਤ ਇਲਾਕਾ ਘੋਸ਼ਿਤ ਕੀਤਾ ਜਾਵੇ ਤੇ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਤੁਰੰਤ ਫੰਡ ਜਾਰੀ ਕਰਾ ਕੇ ਉਨ੍ਹਾਂ ਦੀ ਉਸਾਰੀ ਦਾ ਕੰਮ ਪਹਿਲ ਦੇ ਅਧਾਰ 'ਤੇ ਅਤੇ ਮਨਰੇਗਾ ਕਿਰਤੀਆਂ ਤੋਂ ਕਰਾਇਆ ਜਾਵੇ ਅਤੇ ਕਿਰਤੀ ਵਰਗ ਦੇ ਲੋਕਾਂ ਦੇ ਮਕਾਨ ਪਹਿਲ ਦੇ ਅਧਾਰ 'ਤੇ ਬਣਾਏ ਜਾਣ।ਪਿੰਡਾਂ ਵਿੱਚ ਮਨਰੇਗਾ ਦਾ ਕੰਮ ਲਗਭਗ ਬੰਦ ਹੋ ਚੁੱਕਿਆ ਹੈ, ਜਿਸ ਕਾਰਨ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ ਹੈ ਤੇ ਸਰਕਾਰ ਵੱਲੋਂ ਪੱਕੇ ਖਾਲਾਂ ਦੀ ਸਫਾਈ, ਸੜਕਾਂ ਦੀ ਸਫਾਈ ਵਾਟਰ ਵਰਕਸ ਦੀ ਸਫਾਈ ਤੇ ਨਹਿਰੀ ਮਹਿਕਮੇ ਦੇ ਕੰਮ ਅਤੇ ਛੱਪੜਾਂ ਦੀ ਪੁਟਾਈ 5 ਸਾਲਾਂ ਵਿੱਚ ਸਿਰਫ਼ ਇੱਕੋ ਵਾਰੀ ਕਰਾਉਣ ਦੀ ਚਿੱਠੀ ਜਾਰੀ ਕੀਤੀ ਹੋਈ ਹੈ, ਜਦੋਂ ਕਿ ਮਨਰੇਗਾ ਐਕਟ ਮੁਤਾਬਕ ਮਜ਼ਦੂਰਾਂ ਨੂੰ 100 ਦਿਨ ਦਾ ਕੰਮ ਦੇਣਾ ਕਾਨੂੰਨੀ ਤੌਰ 'ਤੇ ਅਧਿਕਾਰ ਬਣਦਾ ਹੈ।ਮਨਰੇਗਾ ਮਜ਼ਦੂਰ ਖ਼ਾਸ ਤੌਰ 'ਤੇ ਬੇਜ਼ਮੀਨੇ, ਅਨੁਸੂਚਿਤ ਜਾਤੀ ਨਾਲ ਸੰਬੰਧਤ ਮਜ਼ਦੂਰ ਹਨ, ਜਿਸ ਕਰਕੇ ਸਰਕਾਰ ਮਜ਼ਦੂਰਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।ਜੇਕਰ ਮਨਰੇਗਾ ਮਜ਼ਦੂਰਾਂ ਨੂੰ ਮਨਰੇਗਾ ਅਧੀਨ ਕੰਮ ਨਹੀਂ ਦਿੱਤਾ ਜਾਂਦਾ ਤਾਂ ਮਜ਼ਦੂਰ ਭੁੱਖਮਰੀ ਦਾ ਸ਼ਿਕਾਰ ਹੋਣ ਦੀ ਕਗਾਰ 'ਤੇ ਚਲੇ ਜਾਣਗੇ।ਮਜਦੂਰਾਂ ਦੇ ਦਬਾਅ ਸਦਕਾ ਧਰਨੇ ਵਾਲੀ ਜਗ੍ਹਾ 'ਤੇ ਮੰਗ ਪੱਤਰ ਲੈਣ ਲਈ ਐਸ.ਡੀ.ਐਮ. ਕਾਲਾ ਰਾਮ ਕਾਂਸਲ ਪਹੁੰਚੇ। ਉਨ੍ਹਾਂ ਵਿਸ਼ਵਾਸ ਦਿਵਾਇਆ ਜੋ ਮੰਗਾਂ ਜਿਲ੍ਹਾ ਪ੍ਰਸ਼ਾਸਨ ਮਾਨਸਾ ਨਾਲ ਸੰਬੰਧਤ ਹਨ, ਉਨ੍ਹਾਂ ਉਪਰ ਫੌਰੀ ਐਕਸ਼ਨ ਲਿਆ ਜਾਵੇਗਾ

# ਵਿਧਾਇਕਾ ਨੇ ਸੀਵਰੇਜ ਲਾਈਨਾਂ ਸਾਫ਼ ਕਰਨ ਲਈ ਮਸ਼ੀਨਾਂ ਨੂੰ ਕੀਤਾ ਰਵਾਨਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹਿਰ ਵਿੱਚ ਸੀਵਰੇਜ ਦੀ ਲਗਾਤਾਰ ਸਮੱਸਿਆ ਦੇ ਮੱਦੇਨਜ਼ਰ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਨਗਰ ਨਿਗਮ ਵਿੱਚ ਵਿਸ਼ੇਸ਼ ਸੁਪਰ ਸਕਸ਼ਨ ਮਸ਼ੀਨਾਂ ਨਾਲ ਮੁੱਖ ਸੀਵਰੇਜ ਲਾਈਨਾਂ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਨ ਲਈ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਨ੍ਹਾਂ ਮਸ਼ੀਨਾਂ ਦੀ ਮਦਦ ਨਾਲ ਮੁੱਖ ਲਾਈਨ ਸੀਵਰੇਜ ਦੀ ਸਫ਼ਾਈ ਕੀਤੀ ਜਾਵੇਗੀ ਤੇ ਸ਼ਹਿਰ ਵਿੱਚ ਸੀਵਰੇਜ ਓਵਰਫਲੋਅ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਪੁਰਾਣੇ ਸੀਵਰੇਜ ਸਿਸਟਮ ਕਾਰਨ ਸ਼ਹਿਰ ਵਾਸੀਆਂ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਇਸ ਦੇ ਸਥਾਈ ਹੱਲ ਲਈ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਤੇ ਪੰਜਾਬ ਸਰਕਾਰ ਮੋਗਾ ਨਗਰ ਨਿਗਮ ਅਧੀਨ ਸ਼ਹਿਰ ਦੇ ਸੀਵਰੇਜ ਸਿਸਟਮ ਤੇ ਵਧੀਆ ਕੰਮ ਕਰੇਗੀ।ਇਸ ਦੇ ਨਾਲ ਹੀ ਵੱਖ-ਵੱਖ ਵਾਰਡਾਂ ਵਿੱਚ ਸਟਰੀਟ ਲਾਈਟਾਂ ਲਾਉਣ ਦੇ ਕੰਮ ਨੂੰ ਵੀ ਪ੍ਰਵਾਨਗੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੋਂ ਮਿਲੀ ਗ੍ਰਾਂਟ ਨਾਲ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਪੰਜਾਬ ਸਰਕਾਰ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਮੀਟਿੰਗ ਕਰਨ ਤੋਂ ਭੱਜ ਰਹੀ : ਧੋਥੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰ ਯੂਨੀਅਨ ਏਟਕ ਬਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਕਾਮਰੇਡ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਸ਼ਹੀਦ ਕਾਮਰੇਡ ਨਛੱਤਰ ਧਾਲੀਵਾਲ ਭਵਨ ਮੋਗਾ ਦੇ ਕਾਮਰੇਡ ਸ਼ਤੀਸ ਲੂੰਬਾ ਹਾਲ ਵਿੱਚ ਹੋਈ, ਜਿਸ ਵਿੱਚ ਵੱਖ ਵੱਖ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜਥੇਬੰਦੀ ਦੇ ਸੂਬਾਈ ਚੇਅਰਮੈਨ ਅਵਤਾਰ ਸਿੰਘ ਗੱਗੜਾ ਹਾਜ਼ਰ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਨੂੰ 30 ਅਪ੍ਰੈਲ ਤੋਂ ਲਗਾਤਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗ ਕਰਨ ਤੋਂ ਭੱਜ ਰਹੀ ਹੈ।ਪੰਜਾਬ ਸਰਕਾਰ ਦੀ ਟਾਲ ਮਟੋਲ ਕਰਕੇ ਸਮਾਂ ਟਪਾਉਣ ਵਾਲੀ ਨੀਤੀ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ।ਮੀਟਿੰਗ ਵਿੱਚ ਹੜ੍ਹਾਂ ਨਾਲ ਲੋਕਾਂ ਦੇ ਹੋਏ ਨੁਕਸਾਨ ਦੀ ਕੁੱਝ ਮਦਦ ਕਰਨ ਲਈ ਵੀਚਾਰ ਚਰਚਾ ਕੀਤੀ ਗਈ।ਉਨ੍ਹਾਂ ਬੇਘਰ ਹੋਏ ਲੋਕਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਗਈ ਤੇ ਸਾਥੀਆਂ ਨੇ ਮਦਦ ਕਰਨ ਦਾ ਉਤਸ਼ਾਹ ਨਾਲ ਭਰਪੂਰ ਭਰੋਸਾ ਦਿੱਤਾ ਗਿਆ।ਉਨ੍ਹਾਂ ਲੰਮੇ ਸਮੇਂ ਤੋਂ ਲਮਕ ਅਵਸਥਾ ਵਿੱਚ ਪਏ ਮੈਡੀਕਲ ਬਿੱਲਾਂ ਬਾਰੇ ਚੰਡੀਗੜ੍ਹ ਮੁੱਖ ਦਫ਼ਤਰ ਦੇ ਅਕਾਊਂਟਸ ਅਧਿਕਾਰੀ ਹੋਈ ਗੱਲਬਾਤ ਦੀ ਜਾਣਕਾਰੀ ਸਾਂਝੀ ਕੀਤੀ ਗਈ।ਜਨਰਲ ਸਕੱਤਰ ਸਤਪਾਲ ਸਹਿਗਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੈਨਸ਼ਨਰਜ਼ ਸਾਥੀਆਂ ਦੇ ਪੈਨਸ਼ਨ ਨਾਲ ਸਬੰਧਤ ਮਸਲਿਆਂ ਤੇ ਅਦਾਲਤ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਫੈਸਲੇ ਬਾਰੇ ਡਿਟੇਲ ਨਾਲ ਜਾਣਕਾਰੀ ਸਾਂਝੀ ਕੀਤੀ ਗਈ।ਡੀ.ਏ ਦੀਆਂ ਰਹਿੰਦੀਆਂ ਚਾਰ ਕਿਸ਼ਤਾਂ ਬਕਾਏ ਸਮੇਤ ਜਾਰੀ ਕਰਨ ਦੀ ਪੁਰਜ਼ੋਰ ਮੰਗ ਕੀਤੀ ਗਈ ਹੈ।ਮੀਟਿੰਗ ਦੇ ਆਰੰਭ 'ਚ ਪਿਛਲੇ ਸਮੇਂ ਦੌਰਾਨ ਵਿਛੜੇ ਸਾਥੀਆਂ, ਤਾਰਾ ਸਿੰਘ ਮਕੈਨਿਕ (ਰੇੜਵਾਂ), ਹੜ੍ਹਾਂ ਦੌਰਾਨ ਮਾਰੇ ਗਏ ਲੋਕ ਤੇ ਨੇਪਾਲ ਵਿੱਚ ਤਾਜ਼ੀ ਹੋਈ ਉੱਥਲ ਪੁਥਲ ਵਿੱਚ ਮਾਰੇ ਗਏ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਬਚਿੱਤਰ ਸਿੰਘ ਧੋਥੜ ਨੇ ਗੱਗੜਾ ਤੇ ਸਾਰੇ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ 21 ਸਤੰਬਰ ਦੀ ਸਬਜ਼ੀ ਮੰਡੀ ਮੁਹਾਲੀ ਰੈਲੀ ਵਿੱਚ ਹਰੇਕ ਪੈਨਸ਼ਨਰਜ਼ ਸਾਥੀ ਨੇ ਸ਼ਾਮਲ ਹੋਣ ਲਈ ਪੁਰਜ਼ੋਰ ਅਪੀਲ ਕੀਤੀ।ਨਾਲ ਹੀ ਕਿਹਾ ਕਿ ਜੋ ਮੀਟਿੰਗ ਵਿੱਚ ਹਾਜ਼ਰ ਨਹੀਂ ਹੋਏ, ਉਨ੍ਹਾਂ ਨੂੰ ਵੀ ਸਨੇਹਾ ਲਾ ਕੇ ਨਾਲ ਲੈ ਕੇ ਆਓ।

ਮੀਟਿੰਗ ਦੀ ਕਾਰਵਾਈ ਪੋਹਲਾ ਸਿੰਘ ਬਰਾੜ ਨੇ ਚਲਾਈ ਤੇ ਸਾਰੇ ਸਾਥੀਆਂ ਨੂੰ ਕਿਹਾ ਕਿ ਕਿ ਫੈਮਲੀ ਪੈਨਸ਼ਨ ਵਾਲਿਆਂ ਨਾਲ ਵੀ ਰਾਬਤਾ ਬਣਾ ਕੇ ਰੱਖਿਆ ਕਰੋ।ਜੇ ਕੋਈ ਉਨ੍ਹਾਂ ਦਾ ਮੈਂਬਰ ਮੀਟਿੰਗ ਵਿੱਚ ਹਾਜ਼ਰ ਹੋ ਸਕਦਾ ਹੈ ਤਾਂ ਜ਼ਰੂਰ ਨਾਲ ਲੈ ਕੇ ਆਇਆ ਕਰੋ ਤਾਂ ਜੁ ਉਨ੍ਹਾਂ ਨੂੰ ਪੈਨਸ਼ਨ ਤੇ ਮੈਡੀਕਲ ਬਿੱਲਾਂ ਬਾਰੇ ਵੀ ਜਾਣਕਾਰੀ ਮਿਲਦੀ ਰਹਿੰਦੀ ਹੈ।ਇੱਕ ਹੋਰ ਕੋਸ਼ਿਸ਼ ਕੀਤੀ ਜਾਵੇ ਕਿ ਜੇ ਕੋਈ ਐਕਟਿਵ ਸਾਥੀ ਹੈ ਤਾਂ ਉਨ੍ਹਾਂ ਨੂੰ ਵੀ 21 ਸਤੰਬਰ ਨੂੰ ਮੁਹਾਲੀ ਰੈਲੀ ਵਿੱਚ ਸ਼ਾਮਲ ਕੀਤਾ ਜਾਵੇ।ਕਰਨੈਲ ਸਿੰਘ ਗਿੱਲ ਨੇ ਜੌੜੇ ਪੋਤਰਾ ਤੇ ਪੋਤਰੀ ਪੈਦਾ ਹੋਣ ਦੀ ਖੁਸ਼ੀ ਵਿੱਚ ਲੱਡੂ ਵੰਡ ਕੇ ਸਾਰੇ ਸਾਥੀਆਂ ਦਾ ਮੂੰਹ ਮਿੱਠਾ ਕਰਾਇਆ।

# ਹਜ਼ਾਰਾਂ ਨਮ ਅੱਖਾਂ ਨੇ ਦਿੱਤੀ ਰਾਜਦੀਪ ਸਿੰਘ ਨੂੰ ਅੰਤਮ ਵਿਦਾਇਗੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਰਾਜਦੀਪ ਸਿੰਘ ਦਾ ਮ੍ਰਿਤਕ ਸਰੀਰ ਮੋਹਾਲੀ ਤੋਂ ਮੋਗਾ ਜੱਦੀ ਘਰ ਲਿਆਂਦਾ ਗਿਆ।ਰਾਜਦੀਪ ਸਿੰਘ ਦੇ ਪਰਵਾਰ ਵੱਲੋਂ ਉਨ੍ਹਾਂ ਦੇ ਘਰ ਅੰਤਮ ਰਸਮਾਂ ਕਰਨ ਉਪਰੰਤ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਗਾਂਧੀ ਰੋਡ ਸਵਰਗ ਆਸ਼ਰਮ ਵਿਖੇ ਕੀਤਾ ਗਿਆ।ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੀ ਧੀ ਨਵੀ, ਪਿਤਾ ਪਰਮਜੀਤ ਸਿੰਘ, ਭਰਾ ਗੁਰਪ੍ਰੀਤ ਸਿੰਘ ਕਾਲਾ, ਅਨੁਜ ਸ਼ਰਮਾ ਤੇ ਬਲਕਾਰ ਸਿੰਘ ਭੁੱਲਰ ਵੱਲੋਂ ਦਿਖਾਈ ਗਈ। ਦੁੱਖ ਦੀ ਘੜੀ ਵਿੱਚ ਸ਼ਰੀਕ ਹੋਣ ਵਾਲਿਆਂ 'ਚ ਮੋਗਾ ਹਲਕਾ ਵਿਧਾਇਕਾ ਮੋਗਾ ਡਾ ਅਮਨਦੀਪ ਕੌਰ ਅਰੋੜਾ, ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ, ਸੀਨੀਅਰ ਭਾਜਪਾ ਆਗੂ ਨਿਧੜਕ ਸਿੰਘ ਬਰਾੜ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲਾ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ, ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ, ਜ਼ਿਲ੍ਹਾ ਪ੍ਰਧਾਨ ਭਾਜਪਾ ਡਾ ਹਰਜੋਤ ਕਮਲ, ਬਰਜਿੰਦਰ ਸਿੰਘ ਮੱਖਣ ਬਰਾੜ ਸੀਨੀਅਰ ਅਕਾਲੀ ਆਗੂ, ਇੰਦਰਪਾਲ ਸਿੰਘ ਬੱਬੀ ਠੇਕੇਦਾਰ, ਇੰਸਪੈਕਟਰ ਪੁਸ਼ਪਿੰਦਰ ਸਿੰਘ ਪੱਪੀ, ਸੀਨੀਅਰ ਯੂਥ ਕਾਂਗਰਸੀ ਆਗੂ ਧਰਮਪਾਲ ਸਿੰਘ ਡੀ.ਪੀ. ਨਿਹਾਲ ਸਿੰਘ ਵਾਲਾ, ਸੀਨੀਅਰ ਅਕਾਲੀ ਆਗੂ ਰਾਜਿੰਦਰ ਸਿੰਘ ਡੱਲਾ, ਸੀਨੀਅਰ ਅਕਾਲੀ ਆਗੂ ਦਵਿੰਦਰ ਸਿੰਘ ਰਣੀਆ, ਜੱਗਾ ਪੰਡਿਤ ਧੱਲੇਕੇ, ਜਸਵਿੰਦਰ ਸਿੰਘ ਸਿੱਧੂ ਡਾਇਰੈਕਟਰ, ਨਵਦੀਪ ਸਿੰਘ ਨਿੱਪੀ, ਐਡਵੋਕੇਟ ਰਮੇਸ਼ ਗਰੋਵਰ, ਸਰਪੰਚ ਸੁਖਦੀਪ ਸਿੰਘ ਸਿੱਧੂ ਦੌਧਰ, ਜੌਨੀ ਗਿੱਲ, ਇੰਦਰਪ੍ਰੀਤ ਸਿੰਘ ਬੰਟੀ ਸਾਬਕਾ ਪ੍ਰਧਾਨ ਨਗਰ ਕੌਂਸਲ, ਨਵਦੀਪ ਸਿੰਘ ਮਹੇਸ਼ਰੀ, ਸਰਬਜੀਤ ਸਿੰਘ ਰੌਲੀ, ਗੁਰਪ੍ਰੀਤ ਸਿੰਘ ਗਿੰਨੀ, ਵਿੱਕੀ ਸ਼ਰਮਾ, ਸਰਪੰਚ ਜਸਪ੍ਰੀਤ ਸਿੰਘ ਵਿੱਕੀ, ਸਰਪੰਚ ਜਸਵਿੰਦਰ ਸਿੰਘ ਤਖਤੂਵਾਲਾ, ਕੌਂਸਲਰ ਮਨਜੀਤ ਸਿੰਘ ਧੰਮੂ, ਜ਼ਿਲਾ ਯੂਥ ਪ੍ਰਧਾਨ, ਸੁਖਰਾਜ ਸਿੰਘ ਧੰਮੂ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ, ਗੋਵਰਧਨ ਪੋਪਲੀ ਕੌਂਸਲਰ, ਸੀਨੀਅਰ ਅਕਾਲੀ ਆਗੂ ਚਰਨਜੀਤ ਸਿੰਘ ਝੰਡੇਆਣਾ, ਮੁਸਲਿਮ ਆਗੂ ਅਮਜਦ ਹੁਸੈਨ ਖਾਨ, ਜਸ਼ਨ ਸਾਹਿਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਰਾਜਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

# ਗੁਰਦੁਆਰਾ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਗਨ ਭੇਟ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੇ ਨਜ਼ਦੀਕ ਤੇ ਸਰਹਿੰਦ ਨਹਿਰ ਕਿਨਾਰੇ ਸਥਿਤ ਕਾਰ ਸੇਵਾ ਵਾਲੇ ਬਾਬਿਆਂ ਦੇ ਗੁਰਦੁਆਰਾ ਸਾਹਿਬ ਵਿਖੇ ਸੱਚਖੰਡ ਵਾਲੇ ਕਮਰੇ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 3 ਪਾਵਨ ਸਰੂਪ ਅਗਨ ਭੇਟ ਹੋਣ ਦੀ ਦੁਰਘਟਨਾ ਸਾਹਮਣੇ ਆਈ। ਇਕੱਤਰ ਜਾਣਕਾਰੀ ਮੁਤਾਬਕ ਇਹ ਗੁਰਦੁਆਰਾ ਸਾਹਿਬ ਸਵ. ਬਾਬਾ ਅਜੀਤ ਸਿੰਘ ਵਲੋਂ ਸ਼ਰਧਾ ਭਾਵਨਾ ਨਾਲ ਬਣਾਇਆ ਗਿਆ ਸੀ, ਜਿੱਥੇ ਰੋਜ਼ਾਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਹੋਰ ਧਾਰਮਿਕ ਕਾਰਜ ਕੀਤੇ ਜਾਂਦੇ ਹਨ। ਘਟਨਾ ਸਥਾਨ 'ਤੇ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਜਿੰਦਰ ਕੌਰ ਪਵਾਤ ਦੇ ਪਤੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਜਤਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਗੁਰੂ ਘਰ ਵਿਚ ਕੱਲ੍ਹ ਸ਼ਾਮ ਨੂੰ ਸੱਚਖੰਡ ਵਿਚ ਲੱਗੇ ਵਿੰਡੋ ਏ.ਸੀ. ਦਾ ਕੰਪਰੈਸ਼ਰ ਫਟ ਗਿਆ, ਜਿਸ ਤੋਂ ਬਾਅਦ ਉੱਪਰ ਲੱਗੇ ਚੰਦੋਆ ਸਾਹਿਬ ਨੂੰ ਅੱਗ ਲੱਗ ਗਈ।

ਚੰਦੋਆ ਸਾਹਿਬ ਨੂੰ ਅੱਗ ਲੱਗਣ ਕਾਰਨ ਹੇਠਾਂ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵੀ ਅਗਨ ਭੇਟ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਮੰਦਭਾਗੀ ਘਟਨ ਕਾਰਨ ਸੰਗਤਾਂ 'ਚ ਸੋਗ ਦੀ ਲਹਿਰ ਫੈਲ ਗਈ ਤੇ ਸਾਰੀ ਰਾਤ ਸੰਗਤ ਗੁਰੂ ਸਾਹਿਬ ਜੀ ਦਾ ਜਾਪ ਕਰਦੀ ਰਹੀ। ਸਵੇਰੇ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਆਨੰਦਪੁਰ ਸਾਹਿਬ) ਤੋਂ ਪੰਜ ਸਿੰਘ ਸਾਹਿਬਾਨ ਗੁਰੂ ਘਰ ਆਏ ਤੇ ਉਨ੍ਹਾਂ ਨੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਮੂਲ ਮੰਤਰ ਦਾ ਜਾਪ ਕੀਤਾ ਗਿਆ ਤੇ ਅਰਦਾਸ ਕਰਨ ਉਪਰੰਤ ਅਗਨ ਭੇਟ ਹੋਏ 3 ਸਰੂਪਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰਵਾਨਾ ਕੀਤਾ ਗਿਆ। 5 ਸਿੰਘ ਸਾਹਿਬਾਨਾਂ ਨੇ ਕਿਹਾ ਕਿ ਇਸ ਹਾਦਸੇ ਦੀ ਸਾਰੀ ਰਿਪੋਰਟ ਤਿਆਰ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਕੀਤੀ ਜਾਵੇਗੀ ਤੇ ਉੱਥੋਂ ਜੋ ਵੀ ਹੁਕਮ ਜਾਰੀ ਹੋਵੇਗਾ ਉਹ ਸੰਗਤਾਂ ਨੂੰ ਦੱਸ ਦਿੱਤਾ ਜਾਵੇਗਾ।

ਇਸ ਮੌਕੇ ਮੌਜੂਦ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜ ਸਿੰਘ ਸਾਹਿਬਾਨਾਂ ਵਲੋਂ ਜਿੱਥੇ ਇਸ ਹਾਦਸੇ ਦੀ ਪੂਰੀ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਉੱਥੇ ਪੁਲਸ ਪ੍ਰਸ਼ਾਸਨ ਵਲੋਂ ਵੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਬੇਸ਼ੱਕ ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਹ ਹਾਦਸਾ ਏ.ਸੀ. ਦਾ ਕੰਪਰੈਸ਼ਰ ਫਟਣ ਕਾਰਨ ਵਾਪਰਿਆ। ਗੁਰਦੁਆਰਾ ਸਾਹਿਬ ਵਿਖੇ ਜਦੋਂ ਸ਼ਾਮ ਨੂੰ ਏ.ਸੀ. ਦਾ ਕੰਪਰੈਸ਼ਰ ਫਟਣ ਕਾਰਨ ਸੱਚਖੰਡ ਸਾਹਿਬ 'ਚ ਧੂੰਆ ਫੈਲ ਗਿਆ ਤਾਂ ਹੇਠਾਂ ਦਰਬਾਰ ਹਾਲ ਵਿਚ ਇੱਕ ਬਜ਼ੁਰਗ ਬਲਬੀਰ ਸਿੰਘ ਪਾਠ ਕਰ ਰਿਹਾ ਸੀ। ਜਦੋਂ ਉਸ ਨੇ ਦੇਖਿਆ ਕਿ ਧੂੰਆਂ ਫੈਲ ਰਿਹਾ ਹੈ ਤਾਂ ਉਸਨੇ ਤਾੜੀਆਂ ਮਾਰ ਕੇ ਸਹਾਇਤਾ ਲਈ ਪੁਕਾਰ ਕੀਤੀ ਪਰ ਜਦੋਂ ਕੋਈ ਨਾ ਆਇਆ ਤਾਂ ਉਸ ਨੇ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ ਆਸਣ ਕਰ ਦੂਜੇ ਦਰਬਾਰ ਹਾਲ ਵਿੱਚ ਲੈ ਗਿਆ। ਇਸ ਮੌਕੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸ਼੍ਰੋਮਣੀ ਕਮੇਟੀ ਮੈਂਬਰ ਸਰਬੰਸ ਸਿੰਘ ਮਾਣਕੀ, ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਟਰੱਕ ਯੂਨੀਅਨ ਦੇ ਪ੍ਰਧਾਨ ਬਲਜੀਤ ਸਿੰਘ ਸ਼ਾਮਗੜ੍ਹ, ਸਾਬਕਾ ਜਥੇਦਾਰ ਜਸਮੇਲ ਸਿੰਘ ਬੌਂਦਲੀ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਗੁਰਦੁਆਰਾ ਚਰਨ ਕੰਵਲ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ, ਪ੍ਰਚਾਰਕ ਬਚਿੱਤਰ ਸਿੰਘ, ਪੀ.ਏ. ਨਵਜੀਤ ਸਿੰਘ ਉਟਾਲਾਂ ਵੀ ਮੌਜੂਦ ਸਨ, ਨੇ ਕਿਹਾ ਕਿ ਅੱਜ ਦੀ ਘਟਨਾ ਕਾਰਨ ਸੰਗਤਾਂ ਵਿਚ ਸੋਗ ਦੀ ਲਹਿਰ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਸ ਭੁੱਲ ਸਬੰਧੀ ਜੋ ਹੁਕਮ ਜਾਰੀ ਹੋਵੇਗਾ ਉਹ ਅਮਲ ਵਿਚ ਲਿਆਂਦਾ ਜਾਵੇਗਾ।

## ਏ.ਸੀ. ਦਾ ਕੰਪਰੈਸ਼ਰ ਫਟਣ ਕਾਰਨ ਵਾਪਰੀ ਘਟਨਾ



ਅਗਨ ਭੇਟ ਹੋਏ ਸਰੂਪਾਂ ਨੂੰ ਗੋਇੰਦਵਾਲ ਸਾਹਿਬ ਲਈ ਰਵਾਨਾ ਕਰਦੇ ਹੋਏ।

# ਹੜ੍ਹ ਪੀੜਤਾਂ ਦੀਆਂ ਮੰਗਾਂ ਸੰਬੰਧੀ ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ




**ਬਠਿੰਡਾ (ਬਖਤੌਰ ਢਿੱਲੋਂ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਤਹਿਤ ਮਜ਼ਦੂਰ ਮਰਦ, ਔਰਤਾਂ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਹੜ੍ਹ ਪੀੜਤਾਂ ਦੀਆਂ ਮੰਗਾਂ ਨੂੰ ਲੈ ਰੋਹ ਭਰਪੂਰ ਧਰਨਾ ਦਿੱਤਾ ਗਿਆ।ਧਰਨੇ ਨੂੰ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਆਗੂ ਪ੍ਰਕਾਸ਼ ਸਿੰਘ ਨੰਦਗੜ੍ਹ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਮਿੱਠੂ ਸਿੰਘ ਘੁੱਦਾ ਤੇ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਸੁਖਪਾਲ ਸਿੰਘ ਖਿਆਲੀ ਵਾਲਾ ਨੇ ਸੰਬੋਧਨ ਕੀਤਾ।ਬੁਲਾਰਿਆਂ ਨੇ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਐਲਾਨਾਂ ਨੂੰ ਗੋਂਗਲੂਆਂ ਦੀ ਮਿੱਟੀ ਝਾੜਨ ਵਾਲੀ ਕਾਰਵਾਈ ਕਰਾਰ ਦਿੰਦਿਆਂ ਸਰਕਾਰਾਂ ਵੱਲੋਂ ਮੁਆਵਜ਼ੇ ਦੇ ਮਾਮਲੇ 'ਚ ਮਜ਼ਦੂਰ ਵਰਗ ਨੂੰ ਅੱਖੋਂ-ਪਰੋਖੇ ਕਰਨ ਦੀ ਸਖ਼ਤ ਨਿਖੇਧੀ ਕੀਤੀ।ਧਰਨੇ 'ਚ ਪੁੱਜੇ ਤਹਿਸੀਲਦਾਰ ਰਾਹੀਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।ਮਜ਼ਦੂਰ ਆਗੂਆਂ ਨੇ ਮੰਗ ਕੀਤੀ ਕਿ ਹੜ੍ਹਾਂ ਤੇ ਬਾਰਿਸ਼ਾਂ ਕਾਰਨ ਜਾਨਾਂ ਗੁਆਉਣ ਵਾਲੇ ਮਜ਼ਦੂਰਾਂ ਤੇ ਹੋਰਨਾਂ ਲੋਕਾਂ ਦੇ ਵਾਰਸਾਂ ਨੂੰ 25 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਦੀ ਮੁੜ ਉਸਾਰੀ ਲਈ 15 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਕੀਤੀ ਜਾਵੇ ਤੇ ਮੌਸਮ ਵਿਭਾਗ ਦੀਆਂ ਚਿਤਾਵਨੀਆਂ ਦੇ ਬਾਵਜੂਦ ਪੁਖਤਾ ਪ੍ਰਬੰਧ ਕਰਨ 'ਚ ਲਾਪ੍ਰਵਾਹੀ ਵਰਤਣ ਵਾਲੇ ਸਿਆਸੀ ਲੀਡਰਾਂ ਤੇ ਅਧਿਕਾਰੀਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਮਜ਼ਦੂਰ ਆਗੂਆਂ ਨੇ ਆਖਿਆ ਕਿ ਫ਼ਸਲਾਂ ਦੀ ਬਰਬਾਦੀ ਦਾ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਬੇਸ਼ੱਕ ਬੇਹੱਦ ਨਿਗੂਣੀ ਰਾਸ਼ੀ ਹੈ, ਪਰ ਇਸ ਵਿਚ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦਾ ਉੱਕਾ ਹੀ ਜ਼ਿਕਰ ਨਾ ਕਰਨਾ ਆਪ ਸਰਕਾਰ ਦੀ ਦਲਿਤ ਵਿਰੋਧੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕਰਜ਼ਾ ਮੋੜਨ ਤੋਂ ਅਸਮਰਥ ਖੇਤ ਮਜ਼ਦੂਰਾਂ, ਔਰਤਾਂ ਤੇ ਕਿਸਾਨਾਂ ਸਿਰ ਚੜ੍ਹੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਾਰੇ ਕਰਜ਼ੇ ਮੁਆਫ਼ ਕੀਤੇ ਜਾਣ ਤੇ ਹੜ੍ਹਾਂ ਕਾਰਨ ਨੁਕਸਾਨੇ ਸਕੂਲਾਂ, ਕਾਲਜਾਂ, ਦਫ਼ਤਰਾਂ ਤੇ ਸੜਕਾਂ ਦੀ ਮੁੜ ਉਸਾਰੀ ਤੇ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ।

## ਵਿਦਿਆਰਥਣਾਂ ਨੇ ਵਾਲੀਬਾਲ 'ਚ ਹਾਸਲ ਕੀਤਾ ਤੀਜਾ ਸਥਾਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਟਿਆਲਾ ਵਿਖੇ ਪੋਲੋ ਗਰਾਊਂਡ ਵਿੱਚ ਜ਼ਿਲ੍ਹਾ ਪੱਧਰੀ ਵਾਲੀਬਾਲ ਟੂਰਨਾਮੈਂਟ ਕਰਾਇਆ ਗਿਆ।ਟੂਰਨਾਮੈਂਟ ਵਿੱਚ ਕਈ ਜ਼ੋਨਾਂ ਨੇ ਭਾਗ ਲਿਆ, ਜਿਸ ਵਿੱਚ ਸਮਾਣਾ ਜ਼ੋਨ ਵੱਲੋਂ ਐੱਸ ਆਰ ਐੱਸ ਵਿੱਦਿਆਪੀਠ ਨੇ ਹਿੱਸਾ ਲਿਆ।ਸਮਾਣਾ ਜ਼ੋਨ ਵੱਲੋਂ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਨੇ (ਅੰਡਰ-19 ਕੁੜੀਆਂ) ਵਾਲੀਬਾਲ ਖੇਡ ਮੁਕਾਬਲੇ ਵਿੱਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ ਹੈ।ਇਸ ਮੁਕਾਬਲੇ ਵਿੱਚ ਦੂਜੇ ਕਈ ਜ਼ੋਨਾਂ ਨਾਲ ਤਕੜੀ ਮੁਕਾਬਲੇਬਾਜ਼ੀ ਦੇ ਦੌਰਾਨ, ਐੱਸ ਆਰ ਐੱਸ ਵਿੱਦਿਆਪੀਠ ਦੀਆਂ ਵਿਦਿਆਰਥਣਾਂ ਅਗਮਨੂਰ ਕੌਰ, ਕੋਮਲਪ੍ਰੀਤ ਕੌਰ, ਸੁਬਨੀਤ ਕੌਰ, ਅਮਾਨਤ ਕੌਰ, ਸਵਰੀਨ ਕੌਰ ਤੇ ਸਹਿਜਦੀਪ ਕੌਰ ਨੇ ਇੱਕ ਮਜ਼ਬੂਤ ਟੀਮਵਰਕ ਤੇ ਉਤਸ਼ਾਹ ਦਿਖਾਉਂਦੇ ਹੋਏ ਸ਼ਾਨਦਾਰ ਸਫ਼ਲਤਾ ਪ੍ਰਾਪਤ ਕੀਤੀ।ਵਾਲੀਬਾਲ ਟੀਮ ਦੀਆਂ ਵਿਦਿਆਰਥਣਾਂ ਨੇ ਆਪਣੇ ਜੋਸ਼ ਤੇ ਹਿੰਮਤ ਨਾਲ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ।ਇਨ੍ਹਾਂ ਵਿਦਿਆਰਥਣਾਂ ਨੂੰ ਖਾਸ ਦੇ ਤਗਮਿਆਂ ਨਾਲ਼ ਸਨਮਾਨਤ ਕੀਤਾ ਗਿਆ।ਮੁਕਾਬਲੇ ਦੌਰਾਨ ਵਿਦਿਆਰਥਣਾਂ ਨੇ ਆਪਣੇ ਕੌਸ਼ਲ ਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਤ ਕੀਤਾ। ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ, ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਕਿਹਾ, 'ਸਾਡੇ ਵਿਦਿਆਰਥੀਆਂ ਦੀ ਇਹ ਉਪਲਬਧੀ ਸਿਰਫ਼ ਖੇਡ ਵਿੱਚ ਹੀ ਨਹੀਂ, ਸਗੋਂ ਸਮੁੱਚੇ ਵਿਦਿਆਰਥੀ ਜੀਵਨ ਲਈ ਪ੍ਰੇਰਣਾ ਹੈ।'

## ਜੀ ਟੀ ਰੋਡ ਤੋਂ ਭਾਦਲਾ ਨੂੰ ਜਾਣ ਵਾਲੀ ਸੜਕ 'ਤੇ ਅਣਮਿੱਥੇ ਸਮੇਂ ਦਾ ਧਰਨਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**
ਸਵੇਰ ਤੋਂ ਹੀ ਖੰਨਾ ਤੋਂ ਮੰਡੀ ਗੋਬਿੰਦਗੜ੍ਹ ਨੈਸ਼ਨਲ ਹਾਈਵੇ ਤੋਂ ਪਿੰਡ ਭਾਦਲਾ ਬਸਤੀ, ਪਿੰਡ ਅਲੌੜ, ਭਾਦਲਾ ਉੱਚਾ, ਭਾਦਲਾ ਨੀਚਾ, ਇਸਮੈਲਪੁਰ, ਅਲੀਪੁਰ, ਮਾਣਕ ਮਾਜਰਾ, ਖੇੜੀ ਨੌਧ ਸਿੰਘ, ਉੱਚਾ ਪਿੰਡ ਸੰਘੋਲ ਤੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨਾਲ ਜੋੜਦੀ ਸੜਕ ਦੇ ਜੋ ਹਾਲਾਤ ਬਣੇ ਹੋਏ ਹਨ, ਉਸ ਨੂੰ ਤਰਸਯੋਗ ਤੇ ਬਹੁਤ ਮਾੜੀ ਹਾਲਾਤ ਵਰਗੀ ਸਥਿਤ ਕਹਿਣੇ ਛੋਟੇ ਜਾਪਦੇ ਹਨ।ਵਿਧਾਨ ਸਭਾ ਹਲਕਾ ਖੰਨਾ ਤੇ ਵਿਧਾਨ ਸਭਾ ਹਲਕਾ ਅਮਲੋਹ ਨੂੰ ਜੋੜਦੀ ਇਹ 18 ਫੁੱਟ ਚੌੜੀ ਸੜਕ ਦਾ ਨਾਮ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਮਰਹੂਮ ਗਾਇਕ ਸਰਦੂਲ ਸਿਕੰਦਰ ਯਾਦਗਾਰੀ ਮਾਰਗ ਰੱਖਿਆ ਗਿਆ, ਪ੍ਰੰਤੂ ਇਸ ਸੜਕ 'ਤੇ ਪੈਂਦੇ 60 ਦੇ ਕਰੀਬ ਪਿੰਡ ਆਪਣੇ ਆਪ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਤੇ ਏਸ਼ੀਆ ਦੀ ਸਭ ਤੋਂ ਵੱਡੀ ਲੋਹਾ ਮੰਡੀ ਮੰਡੀ ਗੋਬਿੰਦਗੜ੍ਹ ਨਾਲੋਂ ਬਿਲਕੁਲ ਆਪਣੇ ਆਪ ਨੂੰ ਅਲੱਗ ਹੋਇਆ ਮਹਿਸੂਸ ਕਰ ਰਹੇ ਹਨ।ਇਸ ਦਾ ਕਾਰਨ ਇਹ ਸੜਕ ਹੈ।

ਇਲਾਕੇ ਦੇ ਮੋਹਤਬਰ ਸੱਜਣਾਂ ਵੱਲੋਂ ਇਕੱਠੇ ਹੋ ਕੇ ਨੈਸ਼ਨਲ ਹਾਈਵੇ ਦੇ ਨਾਲ ਸਰਵਿਸ ਰੋਡ ਉੱਪਰ ਪੱਕਾ ਧਰਨਾ ਟੈਂਟ ਲਾ ਕੇ ਲਾ ਦਿੱਤਾ ਗਿਆ ਹੈ।ਧਰਨੇ ਵਿੱਚ ਸ੍ਰੋਮਣੀ ਅਕਾਲੀ ਦਲ ਦੇ ਹਲਕਾ ਖੰਨੇ ਦੇ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਤੇ ਸੀਨੀਅਰ ਕਾਂਗਰਸੀ ਆਗੂ ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਸਤਨਾਮ ਸਿੰਘ ਸੋਨੀ ਰਹੌਣ, ਹਰਜਿੰਦਰ ਸਿੰਘ ਇਕੋਲਾਹਾ ਵੀ ਆਪਣੀ ਹਾਜ਼ਰੀ ਇਸ ਧਰਨੇ ਵਿੱਚ ਲਾਈ ਗਈ।ਸ੍ਰੋਮਣੀ ਅਕਾਲੀ ਦਲ ਹਲਕਾ ਖੰਨਾ ਇੰਚਾਰਜ ਯਾਦਵਿੰਦਰ ਸਿੰਘ ਯਾਦੂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਇਨ੍ਹਾਂ ਪਿੰਡਾਂ ਦੇ ਦੁਖੀ ਹੋਏ ਲੋਕਾਂ ਵੱਲੋਂ ਇਹ ਸੜਕ ਨੂੰ ਬਣਵਾਉਣ ਲਈ ਸਮੇਂ-ਸਮੇਂ 'ਤੇ ਧਰਨਾ ਲਾਉਂਦੇ ਰਹੇ ਹਨ, ਪਰ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ।

ਅੱਜ ਇਹ ਲੋਕਾਂ ਵੱਲੋਂ ਅੱਜ ਇਹ ਧਰਨਾ ਅਣਮਿੱਥੇ ਸਮੇਂ ਲਈ ਧਰਨਾ ਲਾਇਆ ਗਿਆ ਹੈ। ਇਹ ਧਰਨਾ ਉਸ ਤੱਕ ਜਾਰੀ ਰਹੇਗਾ ਜਦੋਂ ਤੱਕ ਲੋਕਾਂ ਦੀ ਸਮੱਸਿਆ ਹੱਲ ਨਹੀਂ ਹੁੰਦੀ। ਕਾਂਗਰਸ ਦੇ ਸੀਨੀਅਰ ਆਗੂ ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਸਤਨਾਮ ਸਿੰਘ ਸੋਨੀ ਰਹੌਣੇ ਨੇ ਕਿਹਾ ਕਿ ਸਰਕਾਰ ਦੀ ਦਿਵਾਲੀਆ ਹਨੇਰੀ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਆਪਣੇ ਲੰਘਣ ਲਈ ਰਸਤਾ ਬਣਾਉਣ ਲਈ ਵੀ ਸੜਕ ਉੱਪਰ ਧਰਨਾ ਲਾਉਣਾ ਪੈ ਰਿਹਾ ਹੈ।

## ਹੜ੍ਹਾਂ ਕਾਰਨ ਘਰਾਂ ਤੇ ਫ਼ਸਲਾਂ ਦੇ ਨੁਕਸਾਨ ਦਾ ਦਿੱਤਾ ਜਾਵੇਗਾ ਮੁਆਵਜ਼ਾ : ਸਹਾਇਕ ਕਮਿਸ਼ਨਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**
ਸਹਾਇਕ ਕਮਿਸ਼ਨਰ (ਜ) ਗੁਰਦੇਵ ਸਿੰਘ ਧੰਮ ਨੇ ਹੜ੍ਹਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਣੀ ਦੀ ਮਾਰ ਹੇਠ ਟੇਂਡੀਵਾਲਾ ਪਿੰਡ ਸਮੇਤ ਹੋਰ ਲਗਭਗ 15 ਪਿੰਡ ਇਸ ਸਾਈਡ ਪ੍ਰਭਾਵਤ ਹੋਏ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀ ਇਨ੍ਹਾਂ ਪਿੰਡਾਂ ਵਿੱਚ ਲਗਾਤਾਰ ਦੌਰਾ ਕਰ ਰਹੇ ਹਨ ਅਤੇ ਜੋ ਪਾਣੀ ਏਥੇ ਲਗਭਗ 3 ਲੱਖ ਕਿਊਸਕ ਚੱਲਿਆ ਸੀ, ਉਹ ਹੁਣ ਘੱਟ ਕੇ 2 ਲੱਖ ਤੱਕ ਰਹਿ ਗਿਆ ਹੈ।

ਉਨ੍ਹਾਂ ਦੱਸਿਆ ਕਿ ਪਾਣੀ ਅਜੇ ਵੀ ਖੇਤਾਂ 'ਚ ਹੈ, ਪਰ ਘਰਾਂ ਵਿੱਚ ਜਾਂ ਪਿੰਡਾਂ ਵਿੱਚ ਜੋ ਪਾਣੀ ਸੀ, ਉਹ ਸਾਫ਼ ਹੋ ਗਿਆ ਹੈ ਅਤੇ ਸੜਕਾਂ ਦੀ ਰਾਹੀਂ ਆਵਾਜਾਈ ਵੀ ਬਹਾਲ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਫਲੱਡ ਦੇ ਦੌਰਾਨ ਟੇਂਡੀਵਾਲ ਪਿੰਡ ਦੀ ਸੜਕੀ ਆਵਾਜਾਈ ਬਿਲਕੁਲ ਖ਼ਤਮ ਹੋ ਗਈ ਸੀ, ਬਾਕੀ ਪਿੰਡ ਜਿਹੜੇ ਨੇ ਉਨ੍ਹਾਂ ਦੀ ਕਨੈਕਟਿਵਿਟੀ ਅਸੀਂ ਕਿਸੇ ਨਾ ਕਿਸੇ ਢੰਗ ਨਾਲ ਬਹਾਲ ਹੀ ਰੱਖੀ ਹੈ। ਉਨ੍ਹਾਂ ਦੱਸਿਆ ਕਿ ਜਿੰਨੇ ਪਰਵਾਰ ਮੰਨੇ ਲਗਭਗ ਡੇਢ ਸੌ ਪਰਵਾਰਾਂ ਨੂੰ ਸਹੀ ਸਲਾਮਤ ਉੱਚੀਆਂ ਥਾਂਵਾਂ 'ਤੇ ਪੁਚਾਇਆ ਤੇ ਉਨ੍ਹਾਂ ਦੀ ਜ਼ਰੂਰਤ ਦੀ ਹਰ ਚੀਜ਼ ਮੁਹੱਈਆ ਕਰਾਈ ਗਈ। ਇਸ ਤੋਂ ਇਲਾਵਾ ਬਾਕੀ ਜਿਹੜੇ ਢਾਣੀਆਂ ਤੇ ਲੋਕ ਸੀ ਅਸੀਂ ਕਾਫੀ ਕੋਸ਼ਿਸ਼ ਕੀਤੀ ਮਨਾਉਣ ਦੀ, ਪਰ ਕੁਝ ਪਰਵਾਰ ਆਪਣਾ ਘਰ ਛੱਡ ਕੇ ਨਹੀਂ ਜਾਣਾ ਚਾਹੁੰਦੇ ਸੀ, ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਰਾਸ਼ਨ ਤੇ ਪਸ਼ੂਆਂ ਦਾ ਚਾਰਾ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੂਰੇ ਜ਼ਿਲ੍ਹੇ ਵਿਚ ਜਿਹੜੀ ਰਾਹਤ ਸਮੱਗਰੀ ਵੰਡੀ ਗਈ ਉਸ ਦਾ 25 ਫ਼ੀਸਦੀ ਹਿੱਸਾ ਐਨਾ ਪਿੰਡਾਂ ਵਿਚ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜ ਕੁ ਹਜ਼ਾਰ ਰਾਸ਼ਨ ਕਿੱਟ ਤੇ 5 ਹਜ਼ਾਰ ਫੀਡ ਦਾ ਥੈਲਾ ਜਿਹੜਾ ਪਸ਼ੂਆਂ ਲਈ ਗੌਰਮਿੰਟ ਸਾਈਡ ਤੋਂ ਕੀਤਾ, ਬਾਕੀ ਜਿਹੜਾ ਰਾਸ਼ਨ ਸਮਾਜ ਸੇਵੀ ਸੰਸਥਾਵਾਂ ਨੇ ਦਿੱਤਾ ਉਹ ਅਲੱਗ ਤੋਂ ਹੈ। ਉਨ੍ਹਾਂ ਦੱਸਿਆਂ ਕਿ ਲੋਕਾਂ ਦੇ ਘਰਾਂ ਅਤੇ ਖੇਤਾਂ ਦੇ ਹੋਏ ਨੁਕਸਾਨ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ ਅਤੇ ਇਸ ਬਾਰੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਵੱਲੋਂ ਨਿਰਦੇਸ਼ ਵੀ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਲਗਭਗ ਸਾਰੇ ਪਿੰਡਾਂ ਵਿਚ ਆਵਾਜਾਈ ਸ਼ੁਰੂ ਹੋ ਗਈ ਹੈ ਅਤੇ ਲੋਕਾਂ ਦੇ ਘਰਾਂ ਵਿਚ ਪਾਣੀ ਨਿਕਲ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਡਾਕਟਰਾਂ ਦੀਆਂ ਟੀਮਾਂ ਲਗਾਤਾਰ ਪਸ਼ੂਆਂ ਤੇ ਲੋਕਾਂ ਦਾ ਇਲਾਜ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਖੇਤਾਂ ਵਿਚ ਪਾਣੀ ਖੜ੍ਹਾ ਹੈ ਅਤੇ ਇਸ ਹੜ੍ਹ ਦੀ ਸਥਿਤੀ ਕਾਰਨ ਵੈਕਟਰਨ ਬੌਰਨ ਬਿਮਾਰੀਆਂ ਹੋਣ ਦਾ ਖਦਸ਼ਾ ਹੈ, ਇਸ ਲਈ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਤੇ ਪਿੰਡਾਂ ਵਿੱਚ ਫੌਗਿੰਗ ਵੀ ਕਰਵਾਈ ਜਾ ਰਹੀ ਹੈ।

## ਬਾਸਮਤੀ ਦੀ ਸੁਚੱਜੀ ਕਾਸ਼ਤ ਸੰਬੰਧੀ ਵਰਕਸ਼ਾਪ ਲਾਈ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਮਾਨਯੋਗ ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਖ ਖੇਤੀਬਾੜੀ ਅਫ਼ਸਰ ਦੀ ਅਗਵਾਈ ਹੇਠ ਅਪੀਡਾ ਦੇ ਸਹਿਯੋਗ ਨਾਲ ਬਾਸਮਤੀ ਫ਼ਸਲ ਦੀ ਸੁਚੱਜੀ ਕਾਸ਼ਤ ਤੇ ਲੋੜ ਅਨੁਸਾਰ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਸਬੰਧੀ ਵਰਕਸ਼ਾਪ ਆਯੋਜਤ ਕੀਤੀ ਗਈ। ਇਸ ਵਿੱਚ ਹਲਕਾ ਗੁਰੂਹਰਸਹਾਏ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਉਨ੍ਹਾਂ ਵੱਲੋਂ ਵਰਕਸ਼ਾਪ ਵਿੱਚ ਹਾਜ਼ਰ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਬਾਸਮਤੀ ਦੀ ਫ਼ਸਲ ਉਪਰ ਪੰਜਾਬ ਸਰਕਾਰ ਵੱਲੋਂ ਬੈਨ ਕੀਤੀਆਂ ਗਈਆਂ 12 ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾ ਕੀਤੀ ਜਾਵੇ, ਕਿਉਂਕਿ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨ ਨਾਲ ਬਾਸਮਤੀ ਦੀ ਫਸਲ ਤੇ ਨਿਰਯਾਤ ਵਿੱਚ ਸਮੱਸਿਆ ਆਉਂਦੀ ਹੈ।ਡਾ. ਪ੍ਰਮੋਦ ਕੁਮਾਰ ਤੋਮਰ ਵਿਗਿਆਨੀ, ਅਪੀਡਾ,(ਭਾਰਤ ਸਰਕਾਰ ਦਾ ਅਦਾਰਾ) ਤੋਂ ਉਚੇਚੇ ਤੌਰ 'ਤੇ ਵਰਕਸ਼ਾਪ ਵਿੱਚ ਮੇਰਠ ਤੋਂ ਆਏ ਉਹਨਾਂ ਵੱਲੋਂ ਕਿਸਾਨਾਂ ਨੂੰ ਬਾਸਮਤੀ ਦੀ ਫਸਲ ਉਪਰ ਲੋੜ ਅਨੁਸਾਰ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰਨ ਸਬੰਧੀ ਪ੍ਰੇਰਤ ਕੀਤਾ ਗਿਆ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕਿਸਾਨ ਆਪਦੇ ਖੇਤਾਂ ਦਾ ਨਿਰੰਤਰ ਨਿਰੀਖਣ ਕਰਦੇ ਰਹਿਣ ਤਾਂ ਜੁ ਮਿੱਤਰ ਕੀੜਿਆਂ ਦੀ ਪਛਾਣ ਕੀਤੀ ਜਾ ਸਕੇ ਤੇ ਮਿੱਤਰ ਕੀੜਿਆਂ ਦੀ ਖੇਤ ਵਿੱਚ ਜਨਸੰਖਿਆ ਵਿੱਚ ਵਾਧਾ ਕੀਤਾ ਜਾ ਸਕੇ। ਡਾ: ਗੁਰਮਿੰਦਰ ਸਿੰਘ ਬਰਾੜ ਬੀਜ ਵਿਕਾਸ ਅਫ਼ਸਰ, ਘੱਲ ਖੁਰਦ ਵੱਲੋਂ ਕਿਸਾਨਾਂ ਨੂੰ ਬਾਸਮਤੀ ਦੀ ਫਸਲ ਦੀ ਸੁੱਚਜੀ ਕਾਸ਼ਤ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਡਾ. ਗੁਰਮੇਲ ਸਿੰਘ, ਡਿਪਟੀ ਡਾਇਰੈਕਟਰ ਵੱਲੋਂ ਬਾਸਮਤੀ ਦੀ ਫਸਲ ਉਪਰ ਕੀੜੇ ਮਕੌੜਿਆਂ, ਬਿਮਾਰੀਆਂ ਦੇ ਹਮਲੇ ਅਤੇ ਨਿਸ਼ਾਨੀਆਂ ਅਤੇ ਰੋਕਥਾਮ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ।

## ਕਾਮਰੇਡ ਯੇਚੁਰੀ ਦੇਸ਼ ਦੀ ਆਜ਼ਾਦੀ, ਸੰਵਿਧਾਨ ਤੇ ਸੰਘੀ ਢਾਂਚੇ ਦੀ ਰਾਖ਼ੀ ਲਈ ਅੰਤਮ ਸਾਹਾਂ ਤੱਕ ਲੜਦੇ ਰਹੇ : ਕਾਮਰੇਡ ਦਲਿਓ

**ਮਾਨਸਾ (ਆਤਮਾ ਸਿੰਘ ਪਮਾਰ)**
ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਰਹੇ ਮਰਹੂਮ ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਉਨ੍ਹਾਂ ਦੀ ਪਹਿਲੀ ਬਰਸੀ ਮੌਕੇ ਪਾਰਟੀ ਦਫ਼ਤਰ ਕਾਮਰੇਡ ਗੱਜਣ ਸਿੰਘ ਟਾਂਡੀਆਂ ਭਵਨ ਵਿਖੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਆਗੂਆਂ ਨੇ ਕਾਮਰੇਡ ਯੇਚੁਰੀ ਦੀਆਂ ਵਿਦਿਆਰਥੀ ਸਮੇਂ ਤੋਂ ਲੈ ਕੇ ਪਾਰਲੀਮੈਂਟ ਮੈਂਬਰ, ਅਰਥ ਸ਼ਾਸਤਰੀ ਚਿੰਤਕ ਤੇ ਨਾਮਵਰ ਕਮਿਊਨਿਸਟ ਆਗੂ ਦੇ ਤੌਰ 'ਤੇ ਦੇਸ਼ ਅਤੇ ਕੌਮਾਂਤਰੀ ਪੱਧਰ 'ਤੇ ਪਾਏ ਗਏ ਮਹੱਤਵਪੂਰਨ ਤੇ ਇਤਿਹਾਸਕ ਯੋਗਦਾਨ ਨੂੰ ਯਾਦ ਕੀਤਾ ਗਿਆ।ਸੀ.ਪੀ.ਆਈ.(ਐਮ) ਦੇ ਸੂਬਾ ਸਕੱਤਰੇਤ ਮੈਂਬਰ ਤੇ ਜ਼ਿਲ੍ਹਾ ਮਾਨਸਾ ਦੇ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਨੇ ਕਿਹਾ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਤੋਂ ਬਾਅਦ ਕਾਮਰੇਡ ਯੇਚੁਰੀ ਦੇਸ਼ ਤੇ ਦੁਨੀਆ ਵਿੱਚ ਵਧੇਰੇ ਚਰਚਿਤ ਅਤੇ ਹਰਮਨ ਪਿਆਰੇ ਕਮਿਊਨਿਸਟ ਆਗੂ ਰਹੇ ਹਨ। ਉਨ੍ਹਾਂ ਕਿਹਾ ਕਿ ਕਾਮਰੇਡ ਯੇਚੁਰੀ ਨੇ





ਐਮਰਜੈਂਸੀ ਤੋਂ ਲੈ ਕੇ ਅੰਤਿਮ ਸਾਹਾਂ ਤੱਕ ਦੇਸ਼ ਦੇ ਸੰਵਿਧਾਨ ਦੀ ਰਾਖੀ ਸੰਸਦ ਸਮੇਤ ਜਨਤਕ ਸੰਘਰਸ਼ਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦਿਆਂ ਲੜਦੇ ਰਹੇ ਹਨ।ਦੇਸ਼ ਦੀ ਆਜ਼ਾਦੀ, ਧਰਮ ਨਿਰਪੱਖਤਾ, ਜਮਹੂਰੀ ਕਦਰਾਂ ਕੀਮਤਾਂ ਤੇ ਸੰਘੀ ਢਾਂਚੇ ਦੀ ਰਾਖੀ ਲਈ ਫਿਰਕੂ ਫਾਸ਼ੀਵਾਦੀ ਤਾਕਤਾਂ ਵਿਰੁੱਧ ਲੜਾਈ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਕਮਿਊਨਿਸਟ ਆਗੂ ਨੇ ਕਿਹਾ ਕਿ ਖੱਬੇਪੱਖੀ ਖੇਮੇ ਖਾਸ ਕਰਕੇ ਨੌਜਵਾਨ, ਕਾਮਰੇਡ ਯੇਚੁਰੀ ਦੇ ਜੀਵਨ ਤੋਂ ਕਾਫ਼ੀ ਪ੍ਰਭਾਵਤ ਸਨ ਅਤੇ ਉਨ੍ਹਾਂ ਨੂੰ ਆਪਣਾ ਆਦਰਸ਼ ਮੰਨਦੇ ਸਨ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਫਿਰਕੂ ਫਾਸ਼ੀਵਾਦੀ ਤਾਕਤਾਂ ਦੇਸ਼ ਵਿੱਚ ਵੱਡਾ ਖਤਰਾ ਹਨ ਤੇ ਸਾਮਰਾਜੀ ਕਾਰਪੋਰੇਟ ਘਰਾਣਿਆਂ ਦੀ ਲੁੱਟ ਖਸੁੱਟ ਤੇਜ਼ ਹੋ ਰਹੀ ਹੈ ਤੇ ਦੇਸ਼ ਦੇ ਵੱਡੇ ਹਿੱਸੇ ਦੇ ਕਿਰਤੀ-ਕਾਮਿਆਂ, ਕਿਸਾਨਾਂ, ਮੁਲਾਜ਼ਮਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ ਸਾਹਮਣੇ ਗੰਭੀਰ ਚੁਣੌਤੀਆਂ ਹਨ, ਇਨ੍ਹਾਂ ਹਾਲਾਤ ਵਿੱਚ ਕਾਮਰੇਡ ਯੇਚੁਰੀ ਕਿਰਤੀ ਪੱਖੀ ਸੋਚ ਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਤੇ ਲੋਟੂ ਤਾਕਤਾਂ ਵਿਰੁੱਧ ਲੜਾਈ ਹੋਰ ਤੇਜ਼ ਕਰਨਾ ਹੀ ਕਾਮਰੇਡ ਯੇਚੁਰੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

## ਫ਼ਤਹਿ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀ ਖੇਡਾਂ 'ਚ ਝੰਡੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀਆਂ ਲੜਕੀਆਂ ਨੇ ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ, ਕਬੱਡੀ ਸਰਕਲ ਸਟਾਈਲ ਵਿੱਚ ਆਪਣੀ ਧਾਂਕ ਜਮਾਈ ਤੇ ਮੰਡੀ ਕਲਾਂ ਜ਼ੋਨ ਵਿੱਚ ਖੇਡਦਿਆਂ ਪਹਿਲਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ।ਖੇਡ ਵਿਭਾਗ ਦੇ ਮੁਖੀ ਪ੍ਰੋ. ਕੁਲਦੀਪ ਸਿੰਘ ਅਤੇ ਪ੍ਰੋ. ਵਰਿੰਦਰ ਕੌਰ ਨੇ ਦੱਸਿਆ ਕਿ ਟੀਮ ਨੇ ਗੋਨਿਆਣਾ ਜ਼ੋਨ ਨੂੰ 10-2 ਨਾਲ ਹਰਾ ਕੇ ਕੁਆਰਟਰ ਫਾਈਨਲ ਜਿੱਤਿਆ, ਫਿਰ ਸੈਮੀਫਾਈਨਲ 'ਚ ਮੌੜ ਜ਼ੋਨ ਨੂੰ 11-7 ਨਾਲ ਹਰਾਇਆ। ਫਾਈਨਲ ਮੁਕਾਬਲੇ ਵਿੱਚ ਮੰਡੀ ਫੂਲ ਜ਼ੋਨ ਨੂੰ 11-8 ਨਾਲ ਪਛਾੜ ਕੇ ਮੰਡੀ ਕਲਾਂ ਜ਼ੋਨ ਚੈਂਪਿਅਨ ਬਣੀ।ਇਸ ਉਪਲਬਧੀ ਨਾਲ ਫ਼ਤਿਹ ਗਰੁੱਪ ਦੀਆਂ ਤਿੰਨ ਖਿਡਾਰਨਾਂ ਦੀ ਰਾਜ ਪੱਧਰੀ ਮੁਕਾਬਲੇ ਲਈ ਚੋਣ ਹੋਈ ਹੈ।ਪ੍ਰਿੰਸੀਪਲ ਬਘੇਲ ਸਿੰਘ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਤੇ ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਨੇ ਸਾਂਝਾ ਬਿਆਨ ਵਿੱਚ ਕਿਹਾ ਕਿ ਇਹ ਜਿੱਤ ਖਿਡਾਰਨਾਂ ਦੀ ਸਖ਼ਤ ਮਿਹਨਤ ਤੇ ਖੇਡ ਵਿਭਾਗ ਦੀ ਸਹੀ ਦਿਸ਼ਾ 'ਚ ਸਿਖਲਾਈ ਦਾ ਨਤੀਜਾ ਹੈ। ਫਤਿਹ ਗਰੁੱਪ ਦੇ ਚੇਅਰਮੈਨ ਐਸ.ਐਸ.ਚੱਠਾ ਨੇ ਕਿਹਾ ਕਿ ਇਹ ਸਿਰਫ਼ ਜਿੱਤ ਨਹੀਂ, ਸਗੋਂ ਸੰਸਥਾ ਦੇ ਉਸ ਉਦੇਸ਼ ਦੀ ਸਫਲਤਾ ਹੈ, ਜਿਸ ਵਿੱਚ ਲੜਕੀਆਂ ਨੂੰ ਸਿੱਖਿਆ ਅਤੇ ਖੇਡਾਂ ਵਿੱਚ ਬਰਾਬਰ ਮੌਕੇ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸੰਸਥਾ ਵਿਦਿਆਰਥੀਆਂ ਨੂੰ ਰਾਜ ਤੇ ਰਾਸ਼ਟਰੀ ਪੱਧਰ ਤੱਕ ਲਿਜਾਣ ਲਈ ਯਤਨਸ਼ੀਲ ਰਹੇਗੀ।

## ਜ਼ਖ਼ਮੀ ਬਾਂਦਰ ਦਾ ਕਿਸਾਨਾਂ ਨੇ ਬਚਾਅ ਕੀਤਾ, ਸਹਾਰਾ ਰੈਸਕਿਊ ਟੀਮ ਵੱਲੋਂ ਇਲਾਜ

**ਮੂਨਕ (ਰਾਜਪਾਲ ਸਿੰਗਲਾ)**-ਨੇੜੇ ਪੈਂਦੇ ਘੱਗਰ ਦਰਿਆ ਕਿਨਾਰੇ ਸੇਵਾ ਕਰ ਰਹੇ ਕਿਸਾਨਾਂ ਨੇ ਇੱਕ ਦਰਦਨਾਕ ਦ੍ਰਿਸ਼ ਵੇਖਿਆ।ਕੁੱਤਿਆਂ ਤੋਂ ਬਚਣ ਲਈ ਇੱਕ ਬਾਂਦਰ ਬਿਜਲੀ ਦੇ ਖੰਭੇ 'ਤੇ ਚੜ੍ਹ ਗਿਆ ਅਤੇ ਕਰੰਟ ਲੱਗਣ ਕਾਰਨ ਥੱਲੇ ਡਿੱਗ ਪਿਆ।ਇਸ ਹਾਦਸੇ 'ਚ ਉਸਦਾ ਇੱਕ ਹੱਥ ਤੇ ਇੱਕ ਪੈਰ ਬੁਰੀ ਤਰ੍ਹਾਂ ਝੁਲਸ ਗਏ।ਕਿਸਾਨਾਂ ਨੇ ਤੁਰੰਤ ਮਦਦ ਲਈ ਕੋਸ਼ਿਸ਼ ਕੀਤੀ, ਪਰ ਸਥਾਨਕ ਪੱਧਰ 'ਤੇ ਕੋਈ ਸਹਾਇਤਾ ਨਹੀਂ ਮਿਲ ਸਕੀ।ਇਸ ਤੋਂ ਬਾਅਦ ਉਨ੍ਹਾਂ ਨੂੰ ਸਹਾਰਾ ਰੈਸਕਿਊ ਟੀਮ ਟੋਹਾਣਾ ਦੇ ਨਵਜੋਤ ਸਿੰਘ ਢਿੱਲੋਂ ਦਾ ਨੰਬਰ ਮਿਲਿਆ।ਨਵਜੋਤ ਢਿੱਲੋਂ ਨੇ ਕਿਸਾਨਾਂ ਨੂੰ ਕਿਹਾ ਕਿ ਜ਼ਖ਼ਮੀ ਬਾਂਦਰ ਨੂੰ ਟੋਹਾਣਾ ਇਲਾਜ ਕੇਂਦਰ ਲਿਆਂਦਾ ਜਾਵੇ।ਜ਼ਖ਼ਮੀ ਬਾਂਦਰ ਨੂੰ ਸੁਰੱਖਿਅਤ ਫੜ ਕੇ ਇਲਾਜ ਕੇਂਦਰ ਤੱਕ ਲਿਜਾਣ ਦਾ ਕੰਮ ਕਿਸਾਨਾਂ ਕਸ਼ਮੀਰ ਸਿੰਘ ਕਡੇਲ, ਕਰਨੈਲ ਸਿੰਘ ਕਡੇਲ ਤੇ ਤਰਸੇਮ ਸਿੰਘ ਮਕੋੜ ਨੇ ਕੀਤਾ।ਇਸ ਦੌਰਾਨ ਬਾਂਦਰ ਨੇ ਘਬਰਾਹਟ ਵਿਚ ਕਿਸਾਨ ਕਰਨੈਲ ਸਿੰਘ ਦੀ ਪਿੱਠ 'ਤੇ ਕੱਟ ਲਿਆ, ਪਰ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਸਾਥੀਆਂ ਦੇ ਸਹਿਯੋਗ ਨਾਲ ਬਾਂਦਰ ਨੂੰ ਇਲਾਜ ਕੇਂਦਰ ਤੱਕ ਪੁਚਾਇਆ।ਫਿਲਹਾਲ ਬਾਂਦਰ ਦਾ ਇਲਾਜ ਸ਼ਹਿਰ ਦੇ ਇਲਾਜ ਕੇਂਦਰ 'ਚ ਚੱਲ ਰਿਹਾ ਹੈ।


### ਬਜਾਜ ਫਾਇਨਾਂਸ ਲਿਮਟਿਡ

BAJAJ FINSERV

ਰਜਿਸਟਰਡ ਦਫ਼ਤਰ : ਬਜਾਜ ਆਟੋ ਲਿਮਟਿਡ ਕੰਪਲੈਕਸ, ਮੁੰਬਈ-ਪੁਣੇ ਰੋਡ ਅਕੁਰਦੀ, ਪੁਣੇ-411035
ਬਰਾਂਚ ਦਫ਼ਤਰ : ਬਜਾਜ ਫਾਇਨਾਂਸ ਲਿਮਟਿਡ XIX-116/3, ਚੌਥੀ ਮੰਜ਼ਲ, ਕਮਰਾ ਨੰ. ਬੀ ਬਜਾਜ ਆਟੋ ਫਾਇਨਾਂਸ ਲਿਮਟਿਡ ਐਲ, ਮਾਲ ਰੋਡ, ਲੁਧਿਆਣਾ, ਪੰਜਾਬ-141001 ਅਧਿਕਾਰਤ ਅਫਸਰ ਦਾ ਵੇਰਵਾ : ਨਾਂਅ : ਸ੍ਰੀ ਭਾਨੂ ਤਿਆਗੀ, ਈ ਮੇਲ ਆਈ ਡੀ : bhanu.tyagi2@bajajfinserv.in ਮੋਬਾਇਲ ਨੰ. 98994-44506

ਅੰਤਿਕ-IV- ਏ (ਦੇਖੋ ਰੂਲ 8(6) ਦੀਆਂ ਵਿਵਸਥਾਵਾਂ)
ਸਰਫੇਸੀ ਐਕਟ 2002 ਅਧੀਨ ਈ-ਨਿਲਾਮੀ ਵਿਕਰੀ ਨੋਟਿਸ
ਸਕਿਉਰਿਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਐਕਟ, 2002 ("ਐਕਟ") ਅਧੀਨ ਅਚੱਲ ਐਸਟਸ ਦੀ ਵਿਕਰੀ

ਆਮ ਜਨਤਾ ਅਤੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ ਨੂੰ ਹੇਠਾਂ ਦਰਸਾਏ ਸਕਿਉਰਡ ਐਸਟ ਜੋ ਬਜਾਜ ਫਾਇਨਾਂਸ ਲਿਮਟਿਡ ("ਬੀ ਐਫ ਐਲ") ਕੋਲ ਰਹਿਣ ਹਨ ਅਤੇ ਜਿਸ ਦਾ ਕਬਜ਼ਾ ਐਕਟ ਦੀਆਂ ਵਿਵਸਥਾਵਾਂ ਅਧੀਨ ਨਿਮਨਹਸਤਾਖਰੀ ਬੀ ਐੱਫ ਐੱਲ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਨਿਲਾਮੀ ਰਾਹੀਂ ਵਿਕਰੀ ਹੇਠਾਂ ਦੱਸੀ ਗਈ ਰਕਮ ਅਤੇ ਹੋਰ ਯੋਗ ਵਿਆਜ, ਚਾਰਜਿਜ਼ ਅਤੇ ਲਾਗਤਾਂ ਆਦਿ ਦੀ ਵਸੂਲੀ ਲਈ ਕੀਤੀ ਜਾਵੇਗੀ।
ਹੇਠਾਂ ਦਿੱਤੇ ਗਏ ਸਕਿਉਰਡ ਐਸਟ ਨੂੰ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ("ਦਾ ਰੂਲਜ਼") ਦੇ ਰੂਲ ਨੰ. 8 ਅਤੇ 9 ਤਹਿਤ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", "ਉੱਥੇ ਜੋ ਵੀ ਹੈ" ਦੇ ਆਧਾਰ 'ਤੇ ਹੇਠਾਂ ਵਰਣਿਤ ਵੇਰਵਿਆਂ ਅਨੁਸਾਰ ਬਕਾਇਆ ਦੀ ਵਸੂਲੀ ਲਈ ਵੇਚਿਆ ਜਾ ਰਿਹਾ ਹੈ।

**ਈ-ਨਿਲਾਮੀ ਦਾ ਵੇਰਵਾ**

| | |
|---|---|
| ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਤੇ ਪਤਾ | ਸੰਦੀਪ ਡੋਗਰਾ (ਕਰਜ਼ਦਾਰ) ਮਕਾਨ ਨੰ. 161, ਬਲਾਕ-1, ਨੇੜੇ ਜੀ ਐਂਨ ਆਈ ਪਬਲਿਕ ਸਕੂਲ, ਬੀ ਆਰ ਐਸ ਨਗਰ, ਰਾਜਗੁਰੂ ਨਗਰ, ਲੁਧਿਆਣਾ-141010 |
| ਕਰਜ਼ਾ ਖਾਤਾ ਨੰ. | 424SHL18463213, 424SHL19205736 & 424SHL34596542 |
| ਸੈਕਸ਼ਨ 13(2) ਤਹਿਤ ਵਿਧਾਨਕ ਡਿਮਾਂਡ ਨੋਟਿਸ ਮਿਤੀ ਅਤੇ ਰਕਮ | ਡਿਮਾਂਡ ਨੋਟਿਸ ਮਿਤੀ 12 ਜੁਲਾਈ 21 ਰਕਮ ਰੁਪਏ 65,50,169/- |
| 03.09.2025 ਨੂੰ ਬਕਾਇਆ ਰਕਮ | 03.09.2025 ਨੂੰ ਰੁਪਏ 1,15,19,191.2/- (ਇੱਕ ਕਰੋੜ ਪੰਦਰਾਂ ਲੱਖ ਉੱਨੀ ਹਜ਼ਾਰ ਇੱਕ ਸੌ ਇਕਾਨਵੇਂ ਰੁਪਏ ਅਤੇ ਦੋ ਪੈਸੇ ਕੇਵਲ) |
| ਅਚੱਲ ਜਾਇਦਾਦ ਦਾ ਵੇਰਵਾ | ਗੈਰ ਖੇਤੀਬਾੜੀ ਵਾਲੀ ਜਾਇਦਾਦ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ : ਮਕਾਨ ਨੰ. 101-I ਐੱਮ ਸੀ ਨੰ. ਬੀ-35-101-I ਵਾਕਿਆ ਪਿੰਡ ਸਨਸੈੱਟ ਅਬਾਦੀ ਭਾਈ ਰਣਧੀਰ ਸਿੰਘ ਨਗਰ, ਖਸਰਾ ਨੰ. 60/20 ਲੁਧਿਆਣਾ, ਪੰਜਾਬ 141012, ਉੱਤਰ : ਸੜਕ, ਪੂਰਬ : ਐੱਚ ਨੰ. 100-ਈ, ਦੱਖਣ : ਹੋਰ ਜਾਇਦਾਦ, ਪੱਛਮ : ਮਕਾਨ ਨੰ. 102-ਈ ਨਾਲ ਸੰਬੰਧਤ ਸਭ ਕੁੱਝ। |
| ਆਈ ਐਨ ਆਰ 'ਚ ਰਾਖਵੀਂ ਕੀਮਤ | ਰੁਪਏ 76,80,000/- |
| ਈ ਐੱਮ ਡੀ | ਰੁਪਏ 7,68,000/- |
| ਈ-ਨਿਲਾਮੀ ਮਿਤੀ ਅਤੇ ਸਮਾਂ | 30/09/25 ਸ਼ਾਮ 3.00 ਵਜੇ ਤੋਂ ਸ਼ਾਮ 5.00 ਵਜੇ ਤੱਕ |
| ਈ-ਨਿਲਾਮੀ ਪੋਰਟਲ | https://bankauctions.in |
| ਈ ਐੱਮ ਡੀ ਜਮ੍ਹਾਂ ਕਰਾਉਣ ਦੀ ਅੰਤਮ ਮਿਤੀ | 29/09/25 |
| ਬੋਲੀ ਵਾਧਾ ਰਕਮ ਰੁਪਏ 'ਚ | ਰੁਪਏ 50,000/- |
| ਸਕਿਉਰਡ ਕ੍ਰੈਡਿਟਰ ਨੂੰ ਕੋਈ ਝੰਜਟ | ਜਾਣਕਾਰੀ ਨਹੀਂ |
| ਜਾਇਦਾਦ ਨਿਰੀਖਣ ਦੀ ਮਿਤੀ | 12/09/25 ਤੋਂ 29/09/25 ਤੱਕ ਕੰਮ ਵਾਲੇ ਦਿਨਾਂ ਨੂੰ ਪਹਿਲਾਂ ਸਹਿਮਤੀ ਲੈ ਕੇ 9.30 ਵਜੇ ਸਵੇਰੇ ਤੋਂ ਸ਼ਾਮ 5.30 ਵਜੇ ਤੱਕ |

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰ ਧਿਆਨ ਦੇਣ ਕਿ ਜੇਕਰ ਕਿਸੇ ਕਾਰਨ ਜੇ ਕੋਈ ਵੀ ਹੋਵੇ, ਦੱਸੀ ਗਈ ਮਿਤੀ 'ਤੇ ਨਿਲਾਮੀ ਨਹੀਂ ਹੁੰਦੀ ਤਦ ਸੁਰੱਖਿਅਤ ਲੈਣ-ਦੇਣ ਦੀ ਵਿਵੇਕ 'ਤੇ ਨਾਲ ਨਿੱਜੀ ਸਹਿਮਤੀ ਰਾਹੀਂ ਸੁਰੱਖਿਅਤ ਹਿੱਤ ਲਾਗੂ ਕਰ ਸਕਦਾ ਹੈ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://bankauctions.in ਅਤੇ https://www.bajajfinserv.in/sarfaesi-auction-notices ਲਿੰਕ ਦਾ ਹਵਾਲਾ ਲਿਆ ਜਾਵੇ।

ਮਿਤੀ : 13/09/2025   ਸਹੀ/- ਅਧਿਕਾਰਤ ਅਫਸਰ
ਸਥਾਨ : ਚੰਡੀਗੜ੍ਹ   ਬਜਾਜ ਫਾਇਨਾਂਸ ਲਿਮਟਿਡ



### PUNJAB NATIONAL BANK

BRANCH:- Rahon Road. Ludhiana, Punjab.
Email:-bo7622@pnb.co.in

**ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਨਣ ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤਾਂ ਦੀ ਵਿਆਜ ਸਹਿਤ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ ਵਿੱਚ ਉਲੰਘਣਾ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਨੂੰ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਨੋਟਿਸ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਭੇਜੇ ਸਨ, ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾਵਾਂ ਦੇ ਵਾਪਸ ਆ ਗਏ ਕੁਝ ਮਾਮਲਿਆਂ 'ਚ ਪ੍ਰਾਪਤੀ ਦੀਆਂ ਰਸੀਦਾਂ ਪ੍ਰਾਪਤ ਨਹੀਂ ਹੋਈਆਂ ਹਨ। ਅਜਿਹੇ ਵਿੱਚ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਬਾਰੇ ਪਬਲਿਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਜਾਇਦਾਦ ਦੇ ਕਰਜ਼ਦਾਰ/ਗਰੰਟਰ/ਭਾਈਵਾਲ/ਗਿਰਵੀਕਾਰ | ਜਾਇਦਾਦ/ਜਾਇਦਾਦਾਂ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਾਸ਼ੀ |
|---|---|---|---|---|
| (ਕਰਜ਼ਦਾਰ) ਲੇਟ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸ਼ਾਂਤੀ ਨਾਥ # ਮਕਾਨ ਨੰਬਰ 258, ਮਾਡਲ ਕਾਲੋਨੀ, ਗਲੀ ਨੰਬਰ 7, ਬਾਜਰਾ, ਜ਼ਿਲ੍ਹਾ ਲੁਧਿਆਣਾ। ਰਾਹੀਂ ਇਸ ਦੇ ਕਾਨੂੰਨੀ ਵਾਰਸ ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਲੇਟ ਸ੍ਰੀ ਰਾਜ ਕੁਮਾਰ (2) (ਕਰਜ਼ਦਾਰ) ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਲੇਟ ਸ੍ਰੀ ਰਾਜ ਕੁਮਾਰ # ਹਾਊਸ ਨੰਬਰ 258, ਮਾਡਲ ਕਾਲੋਨੀ, ਗਲੀ ਨੰਬਰ 7, ਬਾਜਰਾ , ਜ਼ਿਲ੍ਹਾ ਲੁਧਿਆਣਾ | ਰਿਹਾਇਸ਼ੀ ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਕੁਲ ਰਹਿਣ ਕੀਤੀ ਜਾਇਦਾਦ ਰਕਬਾ 60 ਵਰਗ ਗਜ਼ ਪਲਾਟ/ਮਕਾਨ ਨੰਬਰ 87-ਬੀ, ਖਸਰਾ ਨੰਬਰ 26//10/2-11-12/1-13/1/2-20-21/1 ਖਸਰਾ ਨੰਬਰ 49/51 ਜਮਾਂਬੰਦੀ ਸਾਲ 2012-13 ਅਨੁਸਾਰ ਸਥਿਤ ਪਿੰਡ ਕਾਕਾ ਕਾਲੋਨੀ ਹਦਬਸਤ ਨੰਬਰ 68, ਕਾਕਾ ਕਾਲੋਨੀ ਨੇੜੇ ਸੱਚਖੰਡ ਗੁਰਦੁਆਰਾ ਰਾਹੋਂ ਰੋਡ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਬੈਨਾਮਾ ਵਸੀਕਾ ਨੰਬਰ 2019-20/106/1/16834 ਮਿਤੀ 23/10/2019 ਜੋ ਕਿ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸ਼ਾਂਤੀ ਨਾਥ ਦੇ ਨਾਂਅ ਹੈ। ਹੱਦਬੰਦੀ : ਪੂਰਬ-ਗੁਆਂਢ 18 ਫੁੱਟ-00 ਇੰਚ, ਪੱਛਮ-ਗਲੀ 20 ਫੁੱਟ ਚੌੜੀ 18 ਫੁੱਟ-00 ਇੰਚ, ਉੱਤਰ-ਗੁਆਂਢ 30 ਫੁੱਟ-00 ਇੰਚ ਦੱਖਣ ਗੀਟਾ ਪਾਠਕ 30 ਫੁੱਟ-00 ਇੰਚ | 31-03.2025 | 27-08.2025 | ਬਕਾਇਆ ਰਕਮ ਰੁ. 9,33,180.13/- (ਨੌਂ ਲੱਖ ਤੇਤੀ ਹਜ਼ਾਰ ਇੱਕ ਸੌ ਅੱਸੀ ਰੁਪਏ ਤੇਰਾਂ ਪੈਸੇ ਕੇਵਲ) 26.08.2025 ਤੱਕ ਸਮੇਤ ਹੋਰ ਵਿਆਜ ਤੇ ਅਚਨਚੇਤ ਖਰਚੇ ਮੁਕੰਮਲ ਅਦਾਇਗੀ ਤੱਕ |

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂਯੋਗ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਦੀ ਅਦਾਇਗੀ ਕਰ ਦੇਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ ਦੀ ਸੂਰਤ ਵਿੱਚ ਸਕਿਉਰਟਾਈਜੇਸਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ।
ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਲਏ ਬਗੈਰ ਬਿਜ਼ਨੈੱਸ ਦੇ ਆਮ ਕੰਮ ਧੰਦੇ ਤੋਂ ਸਿਵਾਏ ਉਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।
ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 12.09.2025   ਸਥਾਨ : ਲੁਧਿਆਣਾ   ਅਧਿਕਾਰਤ ਅਫਸਰ



### PUNJAB NATIONAL BANK

BRANCH:- Rahon Road. Ludhiana, Punjab.
Email:-bo7622@pnb.co.in

**ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਵਰਨਣ ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਬੈਂਕ ਕੋਲੋਂ ਪ੍ਰਾਪਤ ਕੀਤੀ ਕਰਜ਼ਾ ਸਹੂਲਤਾਂ ਦੀ ਵਿਆਜ ਸਹਿਤ ਮੂਲ ਰਕਮ ਅਤੇ ਵਿਆਜ ਦੀ ਅਦਾਇਗੀ ਕਰਨ ਵਿੱਚ ਉਲੰਘਣਾ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਨੂੰ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਜੋਂ ਵਰਗੀਕ੍ਰਿਤ ਕੀਤਾ ਜਾ ਚੁੱਕਾ ਹੈ। ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਨੋਟਿਸ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤੇ 'ਤੇ ਭੇਜੇ ਸਨ, ਕੁਝ ਮਾਮਲਿਆਂ ਵਿੱਚ ਨੋਟਿਸ ਬਿਨਾਂ ਸੇਵਾਵਾਂ ਦੇ ਵਾਪਸ ਆ ਗਏ ਕੁਝ ਮਾਮਲਿਆਂ 'ਚ ਪ੍ਰਾਪਤੀ ਦੀਆਂ ਰਸੀਦਾਂ ਪ੍ਰਾਪਤ ਨਹੀਂ ਹੋਈਆਂ ਹਨ। ਅਜਿਹੇ ਵਿੱਚ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਕਤ ਬਾਰੇ ਪਬਲਿਕ ਨੋਟਿਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਭਾਈਵਾਲ/ਗਰੰਟਰਤੇ ਰਹਿਣਕਾਰ | ਜਾਇਦਾਦ ਦਾ ਵੇਰਵਾ | ਨਾਨ ਪਰਫਾਰਮਿੰਗ ਐਸਟਸ (ਐਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | (ਕਰਜ਼ਦਾਰ)-1 ਸ੍ਰੀ ਰਾਮ ਛੈਲ ਪੁੱਤਰ ਸ੍ਰੀ ਰਾਮ ਸੁਭਾਗ ਮਕਾਨ ਨੰਬਰ 83/85 ਗਲੀ ਨੰਬਰ 1-1/2 ਗੁਰੂ ਵਿਹਾਰ, ਰਾਹੋਂ ਰੋਡ ਜ਼ਿਲ੍ਹਾ ਲੁਧਿਆਣਾ ਪਿਨ ਨੰ. 141007 (2) ਸ੍ਰੀਮਤੀ ਚੰਪਾ ਦੇਵੀ ਪਤਨੀ ਸ੍ਰੀ ਰਾਮ ਛੈਲ# ਮਕਾਨ ਨੰਬਰ 83/85 ਗਲੀ ਨੰਬਰ 1-1/2 ਗੁਰੂ ਵਿਹਾਰ, ਰਾਹੋਂ ਰੋਡ, ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ) | ਰਿਹਾਇਸ਼ੀ ਅਚੱਲ ਜਾਇਦਾਦ ਦਾ ਗਿਰਵੀਨਾਮਾ ਕੁਲ ਜਾਇਦਾਦ ਰਕਬਾ 60 ਵਰਗ ਗਜ਼ ਸਥਿਤ ਪਿੰਡ ਜਗੀਰਪੁਰ, ਗਲੀ ਨੰਬਰ 2, ਅਮਰਜੀਤ ਕਲੋਨੀ, ਜਗੀਰਪੁਰ ਰੋਡ, ਰਾਹੋਂ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਬੈਨਾਮਾ ਵਸੀਕਾ ਨੰਬਰ 2019-20/106/1/7666 ਮਿਤੀ 27/06/2019 ਜੋ ਕਿ ਸ੍ਰੀਮਤੀ ਚੰਪਾ ਦੇਵੀ ਪਤਨੀ ਸ੍ਰੀ ਰਾਮ ਛੈਲ ਦੇ ਨਾਂਅ ਹੈ। | 30-05.2024 | 27-08.2025 | ਰੁ. 8,22,580.74 (ਅੱਠ ਲੱਖ ਬਾਈ ਹਜ਼ਾਰ ਪੰਜ ਸੌ ਅੱਸੀ ਰੁਪਏ ਤੇ ਚੋਹੱਤਰ ਪੈਸੇ ਕੇਵਲ) 26.08.2025 ਤੱਕ ਸਮੇਤ ਹੋਰ ਵਿਆਜ ਤੇ ਅਚਨਚੇਤੀ ਖਰਚੇ ਮੁਕੰਮਲ ਅਦਾਇਗੀ ਤੱਕ |
| 2. | 1. (ਕਰਜ਼ਦਾਰ/ਰਹਿਣਕਾਰ)-ਸ੍ਰੀਮਤੀ ਅਮਰੇਸ਼ ਰਾਣੀ ਪਤਨੀ ਸ੍ਰੀ ਜਤਿੰਦਰ # ਮਕਾਨ ਨੰਬਰ ਸੀ-1138, ਗਲੀ ਨੰਬਰ 1, ਪਿੰਡ ਬਾਜਰਾ, ਵਾਰਡ ਨੰਬਰ 3, ਜ਼ਿਲ੍ਹਾ ਲੁਧਿਆਣਾ 2. (ਕਰਜ਼ਦਾਰ) ਸ੍ਰੀ ਜਤਿੰਦਰ ਕੁਮਾਰ ਪੁੱਤਰ ਸ੍ਰੀ ਸ਼ੀਸ਼ਪਾਲ ਸਿੰਘ # ਮਕਾਨ ਨੰਬਰ ਸੀ-1138, ਗਲੀ ਨੰਬਰ 1, ਪਿੰਡ ਬਾਜਰਾ, ਵਾਰਡ ਨੰਬਰ 3, ਜ਼ਿਲ੍ਹਾ ਲੁਧਿਆਣਾ | ਰਿਹਾਇਸ਼ੀ ਅਚੱਲ ਜਾਇਦਾਦ ਦਾ ਗਿਰਵੀਨਾਮਾ ਕੁਲ ਜਾਇਦਾਦ ਰਕਬਾ 60 ਵਰਗ ਗਜ਼ ਪਲਾਟ/ਹਾਊਸ ਨੰਬਰ 88-ਏ, ਖਸਰਾ ਨੰਬਰ 26//10/2-11-12/1-13/1/2-20-21/1, ਖਾਤਾ ਨੰਬਰ 49/51 ਜਮ੍ਹਾਂਬੰਦੀ ਸਾਲ 2012-13 ਪਿੰਡ ਕਾਕਾ ਕਾਲੋਨੀ, ਹਦਬਸਤ ਨੰਬਰ 68, ਕਾਕਾ ਕਾਲੋਨੀ, ਨੇੜੇ ਸੱਚਖੰਡ ਗੁਰੂਦੁਆਰਾ ਰਾਹੋਂ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰਬਰ 2019/20/106/1/16833 ਮਿਤੀ 23/10/2019 ਜੋ ਕਿ ਸ੍ਰੀਮਤੀ ਅਮਰੇਸ਼ ਰਾਣੀ ਪਤਨੀ ਸ੍ਰੀ ਜਤਿੰਦਰ ਕੁਮਾਰ ਦੇ ਨਾਂਅ ਹੈ। ਹੱਦਬੰਦੀ : ਪੂਰਬ : ਗੁਆਂਢ 18 ਫੁੱਟ 00 ਇੰਚ, ਪੱਛਮ ਗਲੀ 20 ਫੁੱਟ ਚੌੜੀ/18 ਫੁੱਟ-00 ਇੰਚ, ਉੱਤਰ-ਆਸ਼ਾ 30 ਫੁੱਟ 00 ਇੰਚ, ਦੱਖਣ-ਗੁਆਂਢ 30 ਫੁੱਟ 00 ਇੰਚ | 01-05.2025 | 27-08.2025 | ਰੁ. 8,93,230.40 (ਅੱਠ ਲੱਖ ਤਿਰੰਨਵੇ ਹਜ਼ਾਰ ਦੋ ਸੌ ਤੀਹ ਰੁਪਏ ਤੇ ਚਾਲੀ ਪੈਸੇ ਕੇਵਲ) 30.06.2025 ਤੱਕ ਸਮੇਤ ਹੋਰ ਵਿਆਜ ਤੇ ਅਚਨਚੇਤੀ ਖਰਚੇ ਮੁਕੰਮਲ ਅਦਾਇਗੀ ਤੱਕ |

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂਯੋਗ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਦੀ ਅਦਾਇਗੀ ਕਰ ਦੇਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ ਦੀ ਸੂਰਤ ਵਿੱਚ ਸਕਿਉਰਟਾਈਜੇਸਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ।
ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਲਏ ਬਗੈਰ ਬਿਜ਼ਨੈੱਸ ਦੇ ਆਮ ਕੰਮ ਧੰਦੇ ਤੋਂ ਸਿਵਾਏ ਉਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।
ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 12.09.2025   ਸਥਾਨ : ਲੁਧਿਆਣਾ   ਅਧਿਕਾਰਤ ਅਫਸਰ


## ਜਤਿੰਦਰ ਬੱਗਾ ਨੂੰ ਮੀਤ ਪ੍ਰਧਾਨ ਬਣਾਇਆ



**ਲੁਧਿਆਣਾ (ਜਸਦੀਪ ਵਰਤੀਆ)**-ਭਾਰਤੀ ਪ੍ਰਸ਼ਾਸਨਿਕ ਸੁਧਾਰ ਤੇ ਜਨ ਸ਼ਿਕਾਇਤ ਪ੍ਰੀਸ਼ਦ ਦੇ ਪ੍ਰਧਾਨ ਦਰਸ਼ ਚੌਧਰੀ ਵੱਲੋਂ ਸੰਗਠਨ ਦਾ ਵਿਸਥਾਰ ਕਰਦੇ ਹੋਏ ਜਤਿੰਦਰ ਬੱਗਾ ਨੂੰ ਪੂਰੇ ਭਾਰਤ ਦਾ ਵਾਈਸ ਪ੍ਰਧਾਨ ਲਾਇਆ ਗਿਆ। ਉਨ੍ਹਾਂ ਵੱਲੋਂ ਸੰਗਠਨ ਨੂੰ ਪੂਰਾ ਭਰੋਸਾ ਦਿੱਤਾ ਗਿਆ ਕਿ ਉਹ ਆਪਣੀ ਮਿਹਨਤ, ਲਗਨ ਸਦਕਾ ਹਰ ਉਸ ਇਨਸਾਨ ਦੀ ਹਰ ਉਸ ਲੋੜਵੰਦ ਦੀ ਮਦਦ ਕਰਨਗੇ, ਜੋ ਇਨਸਾਫ਼ ਪੱਖੋਂ ਲਿਤਾੜਿਆ ਗਿਆ ਹੋਵੇ। ਸਮਾਜਿਕ, ਆਰਥਿਕ, ਰਾਜਨੀਤਕ ਸੋਸ਼ਣ ਦਾ ਸ਼ਿਕਾਰ ਹੋਇਆ ਹੋਵੇ, ਉਸ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਦਾ ਪੂਰਾ ਯਤਨ ਕਰਨਗੇ। ਜਤਿੰਦਰ ਬੱਗਾ ਨੇ ਕਿਹਾ ਕਿ ਉਹ ਰਾਸ਼ਟਰ ਤੇ ਸਮਾਜ ਹਿਤ ਨੂੰ ਪਹਿਲ ਦੇਣਗੇ। ਉਹ ਹਰ ਪ੍ਰਦੇਸ਼ ਦੇ ਪ੍ਰਧਾਨ ਨਾਲ ਸਮੇਂ-ਸਮੇਂ 'ਤੇ ਵਾਰਤਾਲਾਪ ਜ਼ੂਮ ਮੀਟਿੰਗ ਰਾਹੀਂ ਜਾਂ ਖੁਦ ਜਾ ਕੇ ਮਿਲਣਗੇ। ਆਰਗੇਨਾਈਜੇਸ਼ਨ ਵੱਲੋਂ ਲਾਏ ਹੋਏ ਸਾਰੇ ਪ੍ਰਦੇਸ਼ ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨਾਂ, ਵਲੰਟੀਅਰਾਂ ਦੀ ਆਵਾਜ਼ ਬਣ ਕੇ ਕੰਮ ਕਰਾਂਗਾ।

## ਜ਼ਿਲ੍ਹਾ ਸਕੂਲ ਖੇਡਾਂ 'ਚ ਫੁੱਟਬਾਲ, ਕੁਸ਼ਤੀ ਤੇ ਹੈਂਡਬਾਲ 'ਚ ਸ਼ਾਨਦਾਰ ਪ੍ਰਦਰਸ਼ਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਵਿਖੇ ਚੱਲ ਰਹੀਆਂ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਦੇ ਤੀਜੇ ਦਿਨ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੀਆਂ ਖਿਡਾਰਨਾਂ ਨੇ ਫੁੱਟਬਾਲ, ਕੁਸ਼ਤੀ ਤੇ ਹੈਂਡਬਾਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਮੁਕਾਬਲਿਆਂ ਦੇ ਵੇਰਵੇ ਦਿੰਦਿਆਂ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੰਡਰ 17 ਹੈਂਡਬਾਲ ਲੜਕੀਆਂ ਪਟਿਆਲਾ 3 ਨੇ ਪਟਿਆਲਾ 2 ਜ਼ੋਨ ਨੂੰ, ਪਟਿਆਲਾ ਇੱਕ ਨੇ ਸਮਾਣਾ ਜ਼ੋਨ ਨੂੰ, ਪਹਿਲੇ ਸੈਮੀਫਾਈਨਲ ਮੈਚ ਵਿੱਚ ਭੁੱਨਰਹੇੜੀ ਜ਼ੋਨ ਨੇ ਨਾਭਾ ਜ਼ੋਨ ਨੂੰ, ਦੂਜੇ ਸੈਮੀਫਾਈਨਲ ਵਿੱਚ ਪਟਿਆਲਾ 3 ਨੇ ਪਟਿਆਲਾ 1 ਜ਼ੋਨ ਨੂੰ ਹਰਾਇਆ।ਅੰਡਰ 17 ਲੜਕੀਆਂ ਦੇ ਫੁੱਟਬਾਲ ਦੇ ਮੁਕਾਬਲਿਆਂ ਵਿੱਚ ਪਾਤੜਾਂ ਜ਼ੋਨ ਨੇ ਨਾਭਾ ਜ਼ੋਨ ਨੂੰ, ਪਟਿਆਲਾ 1 ਨੇ ਭੁੱਨਰਹੇੜੀ ਜ਼ੋਨ ਨੂੰ, ਪਟਿਆਲਾ 3 ਨੇ ਰਾਜਪੁਰਾ ਜ਼ੋਨ ਨੂੰ, ਘਨੌਰ ਜੋ ਨੇ ਭਾਦਸੋਂ ਜ਼ੋਨ ਨੂੰ ਹਰਾਇਆ।

ਕਬੱਡੀ ਦੇ ਨੈਸ਼ਨਲ ਸਟਾਈਲ ਅੰਡਰ 14 ਦੇ ਮੁਕਾਬਲਿਆਂ ਵਿੱਚ ਨਾਭਾ ਜੂਨ ਨੇ ਪਹਿਲਾ, ਭਾਦਸੋਂ ਜ਼ੋਨ ਨੇ ਦੂਜਾ, ਘਨੌਰ ਜ਼ੋਨ ਨੇ ਤੀਜਾ ਤੇ ਸਮਾਣਾ ਜ਼ੋਨ ਨੇ ਚੌਥਾ ਸਥਾਨ ਪ੍ਰਾਪਤ ਕੀਤਾ।ਅੰਡਰ 17 ਕਬੱਡੀ ਦੇ ਨੈਸ਼ਨਲ ਸਟਾਈਲ ਦੇ ਮੁਕਾਬਲਿਆਂ ਵਿੱਚ ਨਾਭਾ ਜੂਨ ਨੇ ਪਹਿਲਾ, ਘਨੌਰ ਜ਼ੋਨ ਨੇ ਦੂਜਾ, ਸਮਾਣਾ ਜ਼ੋਨ ਨੇ ਤੀਜਾ ਅਤੇ ਪਾਤੜਾਂ ਜ਼ੋਨ ਨੇ ਚੌਥਾ ਸਥਾਨ ਪ੍ਰਾਪਤ ਕੀਤਾ।ਅੰਡਰ 19 ਲੜਕੀਆਂ ਦੇ ਨੈਸ਼ਨਲ ਸਟਾਈਲ ਕਬੱਡੀ ਦੇ ਮੁਕਾਬਲਿਆਂ ਵਿੱਚ ਭਾਦਸੋਂ ਜੂਨ ਨੇ ਪਹਿਲਾ, ਪਟਿਆਲਾ 3 ਜ਼ੋਨ ਨੇ ਦੂਜਾ, ਪਾਤੜਾਂ ਜ਼ੋਨ ਨੇ ਤੀਜਾ ਅਤੇ ਰਾਜਪੁਰਾ ਜ਼ੋਨ ਨੇ ਚੌਥਾ ਸਥਾਨ ਪ੍ਰਾਪਤ ਕੀਤਾ।

ਡਾ. ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਨੇ ਪੋਲੋ ਗਰਾਊਂਡ ਵਿਖੇ ਤੇ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਕੇਸਰ ਬਾਗ ਦੇ ਅਖਾੜੇ ਵਿੱਚ ਉਚੇਚੇ ਤੌਰ 'ਤੇ ਪਹੁੰਚ ਕੇ ਖਿਡਾਰਨਾਂ ਨੂੰ ਅਸ਼ੀਰਵਾਦ ਦਿੱਤਾ।

## ਵਿੱਤੀ ਸਾਖਰਤਾ ਜਾਗਰੂਕਤਾ ਪ੍ਰੋਗਰਾਮ ਆਯੋਜਤ



**ਰਾਜਪੁਰਾ (ਰਮੇਸ਼ ਕਟਾਰੀਆ)**-ਪਟੇਲ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੁਆਰਾ ਡਾਇਰੈਕਟਰ ਪ੍ਰੋ. ਰਾਜੀਵ ਬਾਹੀਆ ਦੀ ਅਗਵਾਈ ਹੇਠ ਆਨਲਾਈਨ ਮੋਡ ਰਾਹੀਂ ਇੱਕ ਵਿੱਤੀ ਸਾਖਰਤਾ ਜਾਗਰੂਕਤਾ ਪ੍ਰੋਗਰਾਮ ਆਯੋਜਤ ਕੀਤਾ ਗਿਆ।ਇਹ ਪ੍ਰੋਗਰਾਮ ਭਾਰਤ ਸਰਕਾਰ ਦੁਆਰਾ ਸੇਬੀ ਦੇ ਆਦੇਸ਼ ਅਧੀਨ ਚਲਾਇਆ ਜਾਂਦਾ ਹੈ।ਵੈਬਿਨਾਰ ਦਾ ਪ੍ਰਬੰਧ ਸਿਖਲਾਈ ਕਾਰਜਕਾਰੀ ਸ਼੍ਰੀਮਤੀ ਹਿਮਾਨੀ ਸ਼ਰਮਾ, ਸਿਖਲਾਈ ਕੋਆਰਡੀਨੇਟਰ ਸ਼੍ਰੀਮਤੀ ਕਸ਼ਿਸ਼ ਦੱਤਾ ਤੇ ਸਪੀਕਰ ਸ਼੍ਰੀਮਤੀ ਨਿਹਾਰਿਕਾ ਗੁਪਤਾ ਸੇਬੀ ਸਮਾਰਟ ਟ੍ਰੇਨਰ ਸਨ। ਪ੍ਰੋਗਰਾਮ 'ਚ ਐਮਬੀਏ ਤੇ ਐਮਸੀਏ ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਹਿੱਸਾ ਲਿਆ।ਪੀਐਮਐਨ ਕਾਲਜ ਬੀਬੀਏ ਬੀਕਾਮ ਐਮਕਾਮ ਦੇ ਫੈਕਲਟੀ ਤੇ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਨੇ ਵੀ ਵੈਬੀਨਾਰ ਵਿੱਚ ਹਿੱਸਾ ਲਿਆ।ਵੈਬੀਨਾਰ ਵਿੱਚ ਨਿਵੇਸ਼ਕ ਦੀ ਜਾਗਰੂਕਤਾ ਅਤੇ ਲਾਭ ਲਈ ਵਿੱਤੀ ਯੋਜਨਾਬੰਦੀ, ਰਿਟਾਇਰਮੈਂਟ ਯੋਜਨਾਬੰਦੀ ਨਾਲ ਸਬੰਧਤ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ।

## ਵਪਾਰੀ ਐਸੋਸੀਏਸ਼ਨਾਂ ਨਾਲ ਜੀ ਐੱਸ ਟੀ ਸੁਧਾਰਾਂ 'ਤੇ ਮਹੱਤਵਪੂਰਨ ਮੀਟਿੰਗ



**ਲੁਧਿਆਣਾ (ਰਾਜ ਸਿੰਗਲਾ)**-ਆਬਕਾਰੀ ਅਤੇ ਕਰ ਵਿਭਾਗ, ਲੁਧਿਆਣਾ ਡਵੀਜ਼ਨ ਤੇ ਏ.ਸੀ.ਐਸ.ਟੀ ਲੁਧਿਆਣਾ-3 ਦੁਆਰਾ ਜੀ.ਐਸ.ਟੀ ਦਾ ਮਾਲੀਆ ਵਧਾਉਣ ਲਈ ਵਪਾਰੀ/ਦੁਕਾਨਦਾਰ ਐਸੋਸੀਏਸ਼ਨਾਂ ਨਾਲ ਮੀਟਿੰਗ ਕੀਤੀ ਗਈ।ਨਿਟਵੀਅਰ ਕਲੱਬ (ਰਜਿ:) ਲੁਧਿਆਣਾ, ਬਹਾਦਰਕੇ ਟੈਕਸਟਾਈਲਜ਼ ਐਂਡ ਨਿਟਵੀਅਰ ਐਸੋਸੀਏਸ਼ਨ ਤੇ ਲੁਧਿਆਣਾ ਰੈਡੀਮੇਡ ਗਾਰਮੈਂਟਸ ਮੈਨੂਫੈਕਚਰਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਤਾਂ ਜੁ ਉਨ੍ਹਾਂ ਨੂੰ ਜੀ.ਐਸ.ਟੀ ਕੌਂਸਲ ਦੁਆਰਾ ਐਲਾਨੇ ਗਏ ਜੀ.ਐਸ.ਟੀ ਸੁਧਾਰਾਂ ਅਨੁਸਾਰ ਇਸ ਮਹੀਨੇ ਲਾਗੂ ਕੀਤੀਆਂ ਜਾ ਰਹੀਆਂ ਨਵੀਆਂ ਜੀ.ਐਸ.ਟੀ ਦਰਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਇਨ੍ਹਾਂ ਸੁਧਾਰਾਂ ਨੇ ਧਾਗੇ ਤੇ ਸਹਾਇਕ ਵਸਤੂਆਂ ਸਮੇਤ ਕਈ ਖੇਤਰਾਂ ਵਿੱਚ ਟੈਕਸ ਦਰਾਂ ਘਟਾ ਦਿੱਤੀਆਂ ਹਨ।ਮੀਟਿੰਗ ਦਾ ਉਦੇਸ਼ ਜੀ.ਐਸ.ਟੀ ਦਰਾਂ 'ਚ ਆਉਣ ਵਾਲੇ ਬਦਲਾਅ ਬਾਰੇ ਐਸੋਸੀਏਸ਼ਨਾਂ ਨੂੰ ਜਾਣੂ ਕਰਾਉਣਾ ਤੇ ਸਰਕਾਰੀ ਮਾਲੀਆ ਵਧਾਉਣ ਵਿੱਚ ਪਾਲਣਾ ਤੇ ਯੋਗਦਾਨ ਦੀ ਮਹੱਤਤਾ 'ਤੇ ਜ਼ੋਰ ਦੇਣਾ ਸੀ।

## ਸਾਬਕਾ ਮੰਤਰੀ ਸੋਮਨਾਥ ਭਾਰਤੀ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ

**ਫ਼ਿਰੋਜ਼ਪੁਰ, (ਅਸ਼ੋਕ ਸ਼ਰਮਾ)**-ਦਿੱਲੀ ਦੇ ਸਾਬਕਾ ਕੈਬਨਿਟ ਮੰਤਰੀ ਸੋਮਨਾਥ ਭਾਰਤੀ ਨੇ ਹਲਕਾ ਪਿੰਡ ਨਵੀਂ ਗੱਟੀ ਰਾਜੋ ਕੇ ਅਤੇ ਭੱਖੜਾ ਵਿਖੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਬਿਸਤਰੇ ਤੇ ਸੁੱਕੀ ਰਾਸ਼ਨ ਸਮੱਗਰੀ ਦੀ ਵੰਡ ਕੀਤੀ।

ਇਸ ਮੌਕੇ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਵਿਧਾਇਕ ਰਣਬੀਰ ਸਿੰਘ ਭੁੱਲਰ ਤੇ ਚੇਅਰਮੈਨ ਪਲਾਨਿੰਗ ਬੋਰਡ ਹਰਜਿੰਦਰ ਸਿੰਘ ਘਾਂਗਾ ਨੇ ਸਾਬਕਾ ਕੈਬਨਿਟ ਮੰਤਰੀ ਸੋਮਨਾਥ ਭਾਰਤੀ ਦਾ ਧੰਨਵਾਦ ਕੀਤਾ ਕਿ ਉਹ ਇਸ ਮੁਸ਼ਕਲ ਦੀ ਘੜੀ ਵਿਚ ਉਨ੍ਹਾਂ ਦੇ ਨਾਲ ਖੜੇ ਹਨ।


### ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਟਿਡ

**ਜਨਤਕ ਨਿਲਾਮੀ ਨੋਟਿਸ**

ਰਜਿਸਟਰਡ ਦਫ਼ਤਰ : ਗਰੇਪ ਗਾਰਡਨ, ਨੰ. 27 ਤੀਜਾ 'ਏ' ਕਰੌਸ, 18ਵੀਂ ਮੇਨ, 6ਵਾਂ ਬਲਾਕ, ਕੋਰਾਮੰਗਾਲਾ, ਬੈਂਗਲੂਰੂ-560095
ਰਿਜਨਲ ਦਫ਼ਤਰ : ਜੀ ਐਮ ਟੀ ਟੀ ਬਿਲਡਿੰਗ ਪਲਾਟ ਨੰ. ਡੀ-7, ਸੈਕਟਰ-3, ਨੋਇਡਾ (ਯੂ ਪੀ)-201301
ਬਰਾਂਚ ਦਫ਼ਤਰ : ਦੁਕਾਨ ਨੰ. 49, ਜੇ ਕੇ ਟਾਵਰ, ਮਾਲ ਰੋਡ, ਅੰਮ੍ਰਿਤਸਰ, ਪੰਜਾਬ-143001

ਸਕਿਓਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 (6) ਅਤੇ 9 ਦੀ ਵਿਵਸਥਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈਸਟ ਐਕਟ (ਸਰਫੇਸੀ ਐਕਟ) 2002 ਅਧੀਨ ਵਿਕਰੀ ਲਈ ਜਨਤਕ ਸੂਚਨਾ। ਨਿਮਨ ਹਸਤਾਖਰੀ ਨੇ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮ. ਦੇ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਰਫੇਸ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਨੂੰ ਵੱਡੇ ਪੱਧਰ 'ਤੇ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਦੇ ਬਕਾਇਆ ਵਸੂਲੀ ਲਈ ਹੇਠਾਂ ਖਾਤੇ ਸਾਹਮਣੇ ਵਰਨਣ ਗਿਰਵੀ ਰੱਖੀ ਜਾਇਦਾਦ ਜਨਤਕ ਨਿਲਾਮੀ ਨਿਮਨ ਦਰਸਾਈ ਮਿਤੀ "ਜਿਵੇਂ ਵੀ ਹੈ ਜਿੱਥੇ ਵੀ ਹੈ" ਅਤੇ "ਜੋ ਵੀ ਹੈ ਜਿੱਥੇ ਹੈ" ਦੇ ਅਧਾਰ 'ਤੇ ਕਰਵਾਈ ਜਾਵੇਗੀ।

| ਲੜੀ ਨੰ. | ਕਰਜ਼ਾ ਖਾਤਾ ਨੰਬਰ | ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ ਦਾ ਨਾਂਅ | 13-2 ਦੇ ਨੋਟਿਸ ਮਿਤੀ ਅਤੇ ਮੰਗੀ ਗਈ ਰਾਸ਼ੀ | ਕਬਜ਼ੇ ਦੀ ਮਿਤੀ | ਵਰਤਮਾਨ ਬਕਾਇਆ ਰਾਸ਼ੀ | ਜਾਇਦਾਦ ਦੀ ਪੜਤਾਲ ਕਰਨ ਦੀ ਮਿਤੀ ਅਤੇ ਸਮਾਂ | ਰਾਖਵੀਂ ਕੀਮਤ ਆਈ ਐਨ ਆਰ ਵਿੱਚ | ਬਿਆਨਾ ਰਾਸ਼ੀ ਜਮ੍ਹਾਂ (ਈ ਐਮ ਡੀ) ਆਈ ਐਨ ਆਰ ਵਿੱਚ (ਰਾਖਵੀਂ ਕੀਮਤ ਦਾ 10 ਫੀਸਦੀ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬੋਲੀ ਦੇ ਜਮ੍ਹਾਂ ਕਰਵਾਉਣ ਲਈ ਆਖਰੀ ਮਿਤੀ | ਈ ਐੱਮ ਡੀ ਜਮ੍ਹਾਂ ਕਰਵਾਉਣ ਲਈ ਖਾਤਾ ਵੇਰਵੇ |
|---|---|---|---|---|---|---|---|---|---|---|---|
| 1 | 22802100 50000001 & 22802100 70000001 | (1) ਸੁਖਜਿੰਦਰ ਸਿੰਘ ਪੁੱਤਰ ਗੁਰਮੁੱਖ ਸਿੰਘ ਮਕਾਨ ਨੰ. 19, ਗਲੀ ਨੰ. 17, ਗੁਰਨਾਮ ਨਗਰ, ਮੰਦਰ ਵਾਲਾ, ਬਜ਼ਾਰ, ਅੰਮ੍ਰਿਤਸਰ-1, ਪੰਜਾਬ-143001, ਨਾਲ ਹੀ : ਮਕਾਨ ਨੰ. 15, ਗਲੀ ਨੰ. 3, ਨਿਊ ਸ਼ਹੀਦ ਊਧਮ ਸਿੰਘ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ-1, ਪੰਜਾਬ-143001 (2) ਹਰਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਮਕਾਨ ਨੰ. 19, ਗਲੀ ਨੰ. 17, ਗੁਰਨਾਮ ਨਗਰ, ਮੰਦਰ ਵਾਲਾ, ਬਜ਼ਾਰ, ਅੰਮ੍ਰਿਤਸਰ-1, ਪੰਜਾਬ-143001 | 31.01.2024 ਰੁਪਏ 7,16,197 | 23.07.2025 | ਰੁਪਏ 10,16,265.71/- (27.07.2026) ਨੂੰ | 10-10-2025 ਦੁਪਹਿਰ 2.00 ਵਜੇ ਪਹਿਲਾਂ ਨਿਯੁਕਤੀ ਲੈ ਕੇ | ਰੁਪਏ 7,07,000/- | ਰੁਪਏ 70,700/- | 28.10.2025 ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ | 27-10-2025 ਸ਼ਾਮ 4.00 ਵਜੇ ਤੱਕ | ਈ ਐੱਮ ਡੀ ਡਿਮਾਂਡ ਡਰਾਫਟ ਦੇ ਰਾਹੀਂ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪੱਖ ਵਿੱਚ ਅੰਮ੍ਰਿਤਸਰ ਬਰਾਂਚ ਵਿਖੇ ਅਦਾਇਗੀਯੋਗ ਜਾਂ ਆਰ ਟੀ ਜੀ ਐੱਸ/ਐੱਨ ਈ ਐੱਫ ਟੀ/ਆਈ ਐੱਮ ਪੀ ਐੱਸ ਦੇ ਰਾਹੀਂ ਖਾਤਾ ਨੰਬਰ 22011013462001/ ਆਈ ਐੱਫ ਐੱਸ ਸੀ ਯੂ ਜੇ ਵੀ ਐੱਨ 0002201 ਸੰਪਰਕ ਵਿਅਕਤੀ (1) ਜੀਨਸ ਗੋਇਲ : 9023649253 (2) ਅਸ਼ੀਸ਼ ਚੌਧਰੀ : 9876580425 |

ਪਲਾਟ ਨੰ. 19 ਮਿੰਨ 'ਤੇ ਨਿਰਮਤ ਰਿਹਾਇਸ਼ੀ ਮਕਾਨ, ਰਕਬਾ 31 ਵਰਗ ਗਜ਼, ਖਸਰਾ ਨੰ. 765 ਮਿੰਨ, ਖੱਤਾ ਖਤੌਨੀ ਨੰ. 1404/2955, ਜਮ੍ਹਾਂਬੰਦੀ ਸਾਲ 2011-2012, ਸੁਲਤਾਨਵਿੰਡ ਅਰਬਨ ਅਬਾਦੀ, ਨਿਊ ਗੁਰਨਾਮ ਨਗਰ (ਗਲੀ ਨੰ. 17) ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ ਇਸ ਤਰ੍ਹਾਂ ਹਨ : ਪੂਰਬ : ਸੱਜਣ ਸਿੰਘ, ਪੱਛਮ : ਜਸਪਾਲ ਸਿੰਘ ਦੀ ਮਾਲਕੀ, ਉੱਤਰ : ਹੋਰਾਂ ਦੀ ਮਾਲਕੀ, ਦੱਖਣ : ਗਲੀ

**ਨਿਯਮ ਅਤੇ ਸ਼ਰਤਾਂ :-**
ਈ-ਨਿਲਾਮੀ "ਜੋ ਵੀ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਅਤੇ "ਜੋ ਵੀ ਹੈ ਉੱਥੇ ਹੈ" ਦੇ ਅਧਾਰ 'ਤੇ ਕਰਵਾਈ ਜਾਵੇਗੀ।
1. ਅਧਿਕਾਰਤ ਅਫਸਰ ਦੀ ਸਰਬੋਤਮ ਜਾਣਕਾਰੀ ਅਤੇ ਗਿਆਨ ਅਨੁਸਾਰ ਕਿਸੇ ਜਾਇਦਾਦ ਉਪਰ ਕੋਈ ਝੰਜਟ ਨਹੀਂ ਹੈ। ਫਿਰ ਵੀ ਚਾਹਵਾਨ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਨਿਲਾਮੀ ਲਈ ਰੱਖੀ ਗਈ ਜਾਇਦਾਦ/ਜਾਇਦਾਦਾਂ ਬਾਰੇ ਝੰਜਟਾਂ, ਜਾਇਦਾਦ ਦੀ ਮਾਲਕੀ ਅਤੇ ਜਾਇਦਾਦ ਨੂੰ ਪ੍ਰਭਾਵਿਤ ਕਰਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਬਾਰੇ ਆਪਣੇ ਤੌਰ 'ਤੇ ਸੁਤੰਤਰ ਪੁੱਛ-ਪੜਤਾਲ ਕਰ ਲੈਣ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਵਚਨਬੱਧਤਾ ਜਾਂ ਕੋਈ ਪ੍ਰਤੀਨਿਧਤਾ ਨਹੀਂ ਕਰਦਾ। ਜਾਇਦਾਦ ਬੈਂਕ ਨੂੰ ਮਾਲੂਮ ਜਾਂ ਨਾ-ਮਾਲੂਮ ਸਾਰੇ ਮੌਜੂਦਾ ਅਤੇ ਭਵਿੱਖੀ ਝੰਜਟਾਂ ਸਹਿਤ ਵੇਚੀ ਜਾਣੀ ਹੈ। ਅਧਿਕਾਰਤ ਅਫਸਰ/ਸਕਿਓਰਡ ਕ੍ਰੈਡੀਟਰ ਕਿਸੇ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆਂ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ।
2. ਇਹ ਬੋਲੀਕਾਰਾਂ ਦੀ ਖੁਦ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਐਸਟ ਅਤੇ ਸਪੈਸੀਫਿਕੇਸ਼ਨ ਬਾਰੇ ਜਾਂਚ-ਪੜਤਾਲ ਕਰ ਲੈਣ ਅਤੇ ਖੁਦ ਦੀ ਤਸੱਲੀ ਕਰ ਲੈਣ। ਨਿਲਾਮੀ ਲਈ ਰੱਖੀ ਗਈ ਜਾਇਦਾਦ/ਜਾਇਦਾਦਾਂ ਦੀ ਹਰੇਕ ਜਾਇਦਾਦ ਦੇ ਅੱਗੇ ਵਰਨਣ ਕੀਤੇ ਗਏ ਸਥਾਨਾਂ ਉਪਰ ਪੜਤਾਲ ਕਰਨ ਲਈ ਇਜਾਜ਼ਤ ਚਾਹਵਾਨ ਬੋਲੀਕਾਰਾਂ ਨੂੰ ਦਿੱਤੀ ਜਾਵੇਗੀ।
3. ਚਾਹਵਾਨ ਬੋਲੀਕਾਰ ਆਪਣੀ ਬੋਲੀ ਉਪਰੋਕਤ ਵਰਨਣ ਅਨੁਸਾਰ ਨਿਲਾਮੀ ਦੀ ਮਿਤੀ ਤੋਂ ਪਹਿਲਾਂ ਅਧਿਕਾਰਤ ਅਫਸਰ/ਨਿਮਨ ਹਸਤਾਖਰੀ ਕੋਲ ਜਮ੍ਹਾਂ ਕਰਵਾਉਣਗੇ।
4. ਈ-ਨਿਲਾਮੀ ਉਜੀਵਨ ਸਮਾਲ ਫਾਈਨਾਂਸ ਬੈਂਕ ਦੇ ਪ੍ਰਵਾਨਿਤ ਈ-ਨਿਲਾਮੀ ਸੇਵਾ ਪ੍ਰਦਾਤਾ-ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਦੁਆਰਾ ਕਰਵਾਈ ਜਾਵੇਗੀ। ਸੰਪਰਕ ਵਿਅਕਤੀ ਪ੍ਰਾਬਾਕਰਨ ਐਮ. (ਮੋਬਾਈਲ ਨੰ. 74182-81709)। ਚਾਹਵਾਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵੈਬਸਾਈਟ ਵਿੱਚ ਦਿੱਤੇ ਜਾਇਦਾਦਾਂ ਦੇ ਵਰੇਵਿਆਂ ਲਈ https://www.bankeauctions.com ਜਾਂ https://www.ujjivansfb.in/e-auctions ਉਪਰ ਪਹੁੰਚ ਕਰਨ ਅਤੇ ਪੋਰਟਲ https://www.bankeauctions.com 'ਤੇ ਬੋਲੀ ਵਿੱਚ ਭਾਗ ਲੈਣ ਲਈ ਆਪਣਾ ਨਾਮ ਰਜਿਸਟਰਡ ਕਰਵਾ ਲੈਣ ਅਤੇ ਬਿਨਾਂ ਕਿਸੇ ਲਾਗਤ ਦੇ ਆਪਣਾ ਯੂਜ਼ਰ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਲੈਣ। ਉਤਸ਼ਾਹੀ ਬੋਲੀਕਾਰ ਸੇਵਾ ਪ੍ਰਦਾਤਾ ਮੈਸ. ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਤੋਂ ਈ-ਨਿਲਾਮੀ ਉਪਰ ਆਨਲਾਈਨ ਸਿਖਲਾਈ ਪ੍ਰਾਪਤ ਕਰ ਸਕਦੇ ਹਨ, ਹੈਲਪਲਾਈਨ ਨੰ. 7291918824, 25, 26, Support email id-support@bankeauctions.com, ਨਿਲਾਮੀ ਪੋਰਟਲ-https://www.bankeauctions.com ਦਾ ਹਵਾਲਾ ਲਿਆ ਜਾਵੇ।
5. ਜਾਇਦਾਦ ਉਚ ਬੋਲੀਦਾਤਾ/ਪੇਸ਼ਕਸ਼ ਕਰਤਾ ਨੂੰ ਵੇਚੀ ਜਾਵੇਗੀ, ਜੋ ਸਕਿਓਰਡ ਕ੍ਰੈਡੀਟਰ ਅਰਥਾਤ ਉਜੀਵਨ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੀ ਪ੍ਰਵਾਨਗੀ ਦਾ ਵਿਸ਼ਾ ਹੋਵੇਗੀ। ਫਿਰ ਵੀ ਜੇਕਰ ਲਾਜ਼ਮੀ ਹੋਇਆ ਤਾਂ ਅੰਤਰ ਬੋਲੀ ਕਰਵਾਉਣ ਦਾ ਫੈਸਲਾ ਪੂਰਨ ਰੂਪ 'ਚ ਨਿਮਨ ਹਸਤਾਖਰੀ ਦਾ ਹੋਵੇਗਾ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸਿਆ ਕਿਸੇ ਵੀ ਪੇਸ਼ਕਸ਼/ਟੈਂਡਰ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਹੋਵੇਗਾ।
6. ਸਫ਼ਲ ਬੋਲੀਕਾਰ ਦੀ ਬਿਆਨਾ ਰਾਸ਼ੀ ਜਮ੍ਹਾਂ (ਈ ਐਮ ਡੀ) ਵਿਕਰੀ ਦੇ ਹਿੱਸੇ ਵਜੋਂ ਰੱਖ ਲਈ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਦੀ ਈ ਐਮ ਡੀ ਵਾਪਸ ਕਰ ਦਿੱਤੀ ਜਾਵੇਗੀ। ਬਿਆਨਾ ਰਾਸ਼ੀ ਜਮ੍ਹਾਂ ਉਪਰ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। ਸਫ਼ਲ ਬੋਲੀਕਾਰ ਨੂੰ ਵਿੱਕਰੀ ਕੀਮਤੀ ਦਾ 25% ਪਹਿਲਾਂ ਜਮ੍ਹਾਂ ਕਰਵਾਈ ਈ ਐਮ ਡੀ ਨੂੰ ਸਮਾਯੋਜਿਤ ਕਰਕੇ, ਅਧਿਕਾਰਤ ਅਫਸਰ ਦੁਆਰਾ ਬੋਲੀ ਕੀਮਤ ਦੇ ਸਵੀਕਾਰ ਕੀਤੇ ਜਾਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬਾਕੀ ਬਚਦੀ 75% ਰਾਸ਼ੀ ਵਿਕਰੀ ਦੇ 15ਵੇਂ ਦਿਨ ਜਾਂ ਪਹਿਲਾਂ ਜਾਂ ਅਜਿਹੇ ਕਿਸੇ ਵਧਾਏ ਅਰਸੇ ਵਿੱਚ ਕਰਵਾਉਣੀ ਹੋਵੇਗੀ, ਜੇਕਰ ਅਧਿਕਾਰਤ ਅਫਸਰ ਦੇ ਇਕਮਾਤਰ ਫੈਸਲੇ 'ਤੇ ਲਿਖਤੀ ਸਹਿਮਤੀ ਨਾਲ 3 ਮਹੀਨਿਆਂ ਤੋਂ ਵੱਧ ਸਮਾਂ ਨਹੀਂ ਹੁੰਦਾ। ਸਫ਼ਲ ਬੋਲੀਕਾਰ ਦੇ ਅਦਾਇਗੀ ਕਰਨ ਵਿੱਚ ਅਸਫ਼ਲ ਰਹਿਣ ਦੇ ਮਾਮਲੇ ਵਿੱਚ ਪੇਸ਼ਕਸ਼ ਰਾਹੀਂ ਪਹਿਲਾਂ ਜਮ੍ਹਾਂ ਕਰਵਾਈ ਗਈ ਰਾਸ਼ੀ ਜ਼ਬਤ ਕਰਨਯੋਗ ਹੋਵੇਗੀ ਅਤੇ ਜਾਇਦਾਦ ਮੁੜ ਨਿਲਾਮੀ ਲਈ ਰੱਖੀ ਜਾਵੇਗੀ ਅਤੇ ਉਲੰਘਣਕਾਰ ਖ਼ਰੀਦਦਾਰ ਦਾ ਜਾਇਦਾਦ/ਰਕਮ ਉਪਰ ਕੋਈ ਦਾਅਵਾ/ਅਧਿਕਾਰ ਨਹੀਂ ਰਹਿ ਜਾਵੇਗਾ।
7. ਪ੍ਰਕਾਸ਼ਨਾ ਪ੍ਰਮੁੱਖ ਕਲਾਜ਼ ਦਾ ਵਿਸ਼ਾ ਹੈ।
8. ਆਖਰੀ ਪਲਾਂ ਵਿੱਚ ਬੋਲੀ ਦੇਣ ਤੋਂ ਬੋਲੀਕਾਰਾਂ ਨੂੰ ਬਚਣਾ ਚਾਹੀਦਾ ਹੈ ਅਤੇ ਉਜੀਵਨ ਸਮਾਲ ਫਾਈਨਾਂਸ ਬੈਂਕ ਨਾ ਹੀ ਸੇਵਾ ਪ੍ਰਦਾਤਾ ਕਿਸੇ ਵੀ ਲੈਪਸ/ਨਾਕਾਮੀ (ਇੰਟਰਨੈੱਟ ਦੇ ਨਾ ਚੱਲਣ/ਬਿਜਲੀ ਚਲੇ ਜਾਣ) ਲਈ ਜ਼ਿੰਮੇਵਾਰ ਨਹੀਂ ਹੋਣਗੇ। ਅਜਿਹੀਆਂ ਪ੍ਰਸਥਿਤੀਆਂ ਤੋਂ ਬਚਣ ਲਈ ਬੋਲੀਕਾਰਾਂ ਨੂੰ ਜ਼ਰੂਰੀ ਪ੍ਰਬੰਧ/ਬਦਲਵੇਂ ਪ੍ਰਬੰਧ ਪਾਵਰ ਸਪਲਾਈ ਬੈਕਅੱਪ ਆਦਿ ਲਈ ਪਹਿਲਾਂ ਹੀ ਕਰ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਹ ਅਜਿਹੀਆਂ ਪ੍ਰਸਿਥਤੀਆਂ ਤੋਂ ਬਚ ਸਕਣ ਅਤੇ ਨਿਲਾਮੀ ਵਿੱਚ ਸਫ਼ਲਤਾਪੂਰਵਕ ਹਿੱਸਾ ਲੈ ਸਕਣ।
9. ਇਹ ਗਿਰਵੀ ਰੱਖੀਆਂ ਜਾਇਦਾਦਾਂ ਦੀ ਕਰਵਾਈ ਜਾਣ ਵਾਲੀ ਜਨਤਕ ਨਿਲਾਮੀ ਬਾਰੇ ਉਪਰੋਕਤ ਨਾਮੀ ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਦੇ ਲਈ ਵੀ ਨੋਟਿਸ ਹੈ।

ਮਿਤੀ : 13.09.2025   ਸਥਾਨ : ਨੋਇਡਾ   ਅਧਿਕਾਰਤ ਅਫ਼ਸਰ, ਉਜੀਵਨ ਸਮਾਲ ਫਾਈਨਾਂਸ ਬੈਂਕ

# ਦੇਸ਼ ਭਗਤ ਯੂਨੀਵਰਸਿਟੀ ਨੇ ਪੀ ਐਚ ਡੀ ਵਿਦਵਾਨਾਂ ਦਾ ਕੀਤਾ ਸਵਾਗਤ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਓਰੀਐਂਟੇਸ਼ਨ ਪ੍ਰੋਗਰਾਮ ਵਿੱਚ 100 ਤੋਂ ਵੱਧ ਨਵੇਂ ਦਾਖਲ ਹੋਏ ਪੀਐਚਡੀ ਵਿਦਵਾਨਾਂ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਵੀ ਸ਼ਾਮਿਲ ਹਨ, ਦਾ ਭਰਪੂਰ ਸਵਾਗਤ ਕੀਤਾ ਗਿਆ।ਇਹ ਪ੍ਰੋਗਰਾਮ ਖੋਜ ਡਾਇਰੈਕਟੋਰੇਟ ਦੁਆਰਾ ਕਰਾਇਆ ਗਿਆ, ਜਿਸ 'ਚ ਵਿਦਵਾਨਾਂ ਨੂੰ ਯੂਨੀਵਰਸਿਟੀ ਦੇ ਖੋਜ ਵਾਤਾਵਰਣ ਨਾਲ ਜੋੜਨ ਲਈ ਤਿਆਰ ਕੀਤਾ ਗਿਆ ਸੀ।ਪ੍ਰੋਗਰਾਮ ਦੀ ਸ਼ੁਰੂਆਤ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਦੇ ਨਿੱਘੇ ਸਵਾਗਤ ਤੇ ਪ੍ਰੇਰਨਾਦਾਇਕ ਭਾਸ਼ਣ ਨਾਲ ਹੋਈ।ਉਨ੍ਹਾਂ ਵਿਸ਼ਵ ਪੱਧਰੀ ਖੋਜ ਵਾਤਾਵਰਣ ਨੂੰ ਉਤਸ਼ਾਹਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਤੇ ਵਿਦਵਾਨਾਂ ਨੂੰ ਨਵੀਨਤਾ ਅਤੇ ਆਲੋਚਨਾਤਮਕ ਸੋਚ ਨੂੰ ਅਪਣਾਉਣ ਲਈ ਉਤਸ਼ਾਹਤ ਕੀਤਾ।ਉਨ੍ਹਾਂ ਅੱਗੇ ਕਿਹਾ ਕਿ ਇੱਥੇ ਤੁਹਾਡੀ ਯਾਤਰਾ ਸਿਰਫ਼ ਡਿਗਰੀ ਹਾਸਲ ਕਰਨ ਬਾਰੇ ਨਹੀਂ ਹੈ, ਇਹ ਗਿਆਨ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ, ਪ੍ਰਭਾਵ ਪੈਦਾ ਕਰਨ ਤੇ ਆਪਣੇ-ਆਪਣੇ ਖੇਤਰਾਂ ਵਿੱਚ ਨੇਤਾ ਬਣਨ ਬਾਰੇ ਹੈ।

ਉਦਘਾਟਨ ਸਮਾਰੋਹ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਸ਼ਾਮਲ ਸਨ।ਡਾ. ਜ਼ੋਰਾ ਸਿੰਘ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ, ਵਿਦਵਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਮਾਜਿਕ ਚੁਣੌਤੀਆਂ ਨੂੰ ਹੱਲ ਕਰਨ ਵਾਲੀ ਅਰਥਪੂਰਨ ਖੋਜ ਲਈ ਆਪਣੇ ਆਪ ਨੂੰ ਸਮਰਪਤ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਇੱਕ ਅਜਿਹੀ ਸੰਸਥਾ ਹੈ, ਜਿੱਥੇ ਸੁਪਨੇ ਉਡਾਣ ਭਰਦੇ ਤੇ ਅਸੀਂ ਤੁਹਾਡੀਆਂ ਅਕਾਦਮਿਕ ਇੱਛਾਵਾਂ ਨੂੰ ਹਕੀਕਤ ਵਿੱਚ ਬਦਲਣ ਲਈ ਹਰ ਸਰੋਤ ਤੇ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ।ਡਾ. ਤਜਿੰਦਰ ਕੌਰ ਨੇ ਯੂਨੀਵਰਸਿਟੀ ਦੇ ਅਕਾਦਮਿਕ ਉੱਤਮਤਾ ਤੇ ਵਿਦਵਤਾਪੂਰਨ ਕੰਮਾਂ ਪ੍ਰਤੀ ਸਮਰਪਣ ਨੂੰ ਹੋਰ ਦੁਹਰਾਇਆ।ਪ੍ਰੋ ਵਾਈਸ ਚਾਂਸਲਰ ਪ੍ਰੋ. ਅਮਰਜੀਤ ਸਿੰਘ ਨੇ ਵੀ ਵਿਦਵਾਨਾਂ ਨੂੰ ਯੂਨੀਵਰਸਿਟੀ ਦੇ ਖੋਜ ਅਕਾਦਮਿਕ ਖੇਤਰ ਦੀਆਂ ਪੇਚੀਦਗੀਆਂ ਬਾਰੇ ਗੱਲ ਕਰਦਿਆਂ ਵਿਦਵਾਨਾਂ ਲਈ ਉਪਲਬਧ ਮਜ਼ਬੂਤ ਢਾਂਚੇ ਤੇ ਮੌਕਿਆਂ ਦੀ ਰੂਪ-ਰੇਖਾ ਦਿੱਤੀ।ਇਸ ਤੋਂ ਬਾਅਦ, ਡਾਇਰੈਕਟਰ ਖੋਜ, ਪ੍ਰੋ. ਅਜੇ ਗੁਪਤਾ ਨੇ ਕੋਰਸਵਰਕ ਤੋਂ ਲੈ ਕੇ ਥੀਸਿਸ ਜਮ੍ਹਾਂ ਕਰਨ ਤੱਕ, ਪੂਰੇ ਪੀਐਚਡੀ ਪ੍ਰੋਗਰਾਮ ਜੀਵਨ ਚੱਕਰ ਦੀ ਇੱਕ ਵਿਆਪਕ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ।

# ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦਾ ਵਫ਼ਦ ਡੀ ਸੀ ਨੂੰ ਮਿਲਿਆ

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)** ਸੀਨੀਅਰ ਸਿਟੀਜ਼ਨ ਵੈਲਫ਼ੇਅਰ ਐਸੋਸੀਏਸ਼ਨ ਦਾ ਵਫ਼ਦ ਨੇ ਸ਼ਹਿਰ ਦੀਆਂ ਮੁੱਖ ਸਮੱਸਿਆਵਾਂ ਨੂੰ ਲੈ ਕੇ ਪ੍ਰਧਾਨ ਜਗਦੀਸ਼ ਸ਼ਰਮਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮੰਗ ਪੱਤਰ ਸੌਂਪਿਆ। ਜਥੇਬੰਦੀ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਤੇ ਸੇਵਾਮੁਕਤ ਐਸ.ਡੀ.ਓ ਰਘਵੀਰ ਚੰਦ ਨੇ ਦੱਸਿਆ ਕਿ ਵਫ਼ਦ ਵੱਲੋਂ ਧੂਰੀ ਸ਼ਹਿਰ ਦੀਆਂ ਮੁੱਖ ਸਮੱਸਿਆਵਾਂ 'ਚ ਸੀਵਰੇਜ ਉਸਾਰੀ ਤੇਜ਼ੀ ਨਾਲ ਕਰਨ ਦੀ ਮੰਗ ਕੀਤੀ। ਆਗੂਆਂ ਨੇ ਦੱਸਿਆ ਕਿ ਸੀਵਰੇਜ ਕਾਰਨ ਵਾਟਰ ਸਪਲਾਈ ਸਿਸਟਮ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋਣ ਕਾਰਨ ਲੋਕ ਪੇਟ ਤੇ ਹੋਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਜਿਸ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਸ਼ਹਿਰ ਦੇ ਸਾਰੇ ਟਿਊਬਵੈਲਾਂ ਦੇ ਪਾਣੀ ਦੇ ਨਮੂਨੇ ਲੈ ਕੇ ਰਿਪੋਰਟਾਂ ਜਨਤਕ ਕਰਨ ਤੇ ਵਾਟਰ ਸਪਲਾਈ ਵਿੱਚ ਰੋਜ਼ਾਨਾ ਬਣਦੀ ਮਿਕਦਾਰ 'ਚ ਕਲੋਰੀਨ ਦਵਾਈ ਪਾਉਣ ਦੀ ਮੰਗ ਕੀਤੀ ਗਈ ਤਾਂ ਜੁ ਲੋਕ ਪੇਟ ਦੀਆਂ ਬਿਮਾਰੀਆਂ ਤੋਂ ਬਚ ਸਕਣ।

# ਉਦੇਵੀਰ ਸਿੰਘ ਢਿੱਲੋਂ ਨੇ ਮੀਂਹ ਪ੍ਰਭਾਵਤ ਪਿੰਡ ਮਗਰਾ ਦਾ ਕੀਤਾ ਦੌਰਾ



**ਲਾਲੜੂ (ਵਿਨੈ ਕੁਮਾਰ ਜੈਨ)** ਪੰਜਾਬ ਯੂਥ ਕਾਂਗਰਸ ਦੇ ਵਾਈਸ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਨਾਲ ਪ੍ਰਭਾਵਤ ਹਲਕਾ ਡੇਰਾਬਸੀ ਦੇ ਪਿੰਡ ਮਗਰਾ ਦਾ ਵਿਸ਼ੇਸ਼ ਦੌਰਾ ਕੀਤਾ, ਜਿੱਥੇ ਉਨ੍ਹਾਂ ਵੱਲੋਂ ਬਾਰਿਸ਼ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਤੇ ਪ੍ਰਭਾਵਤ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਗਈ।ਉਨ੍ਹਾਂ ਪ੍ਰਸ਼ਾਸਨ ਨੂੰ ਪ੍ਰਭਾਵਿਤ ਪਿੰਡਾਂ ਵੱਲ ਧਿਆਨ ਦੇਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਭਾਰੀ ਬਾਰਿਸ਼ ਕਾਰਨ ਕਿਸਾਨਾਂ ਦੀਆਂ ਫਸਲਾਂ, ਖਾਸ ਕਰਕੇ ਝੋਨੇ ਦੀ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।ਇਸੇ ਤਰ੍ਹਾਂ ਪਿੰਡ ਟਿਵਾਣਾ, ਖਜ਼ੂਰ ਮੰਡੀ, ਖੇਲਣ, ਰਜਾ ਪੁਰ ਵਿੱਚ ਪਾਣੀ ਪਿੰਡ ਦੇ ਅੰਦਰ ਵੜ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਆਉਣ-ਜਾਣ ਤੇ ਰੋਜ਼ਾਨਾ ਦੇ ਕੰਮਾਂ ਵਿੱਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪਿੰਡ ਭਾਂਖਰਪੁਰ ਦਾ ਬੰਨ੍ਹ ਵੀ ਪ੍ਰਭਾਵਤ ਹੋਇਆ ਹੈ।ਪ੍ਰਭਾਵਤ ਪਰਵਾਰਾਂ ਨੂੰ ਭਰੋਸਾ ਦਿੰਦਿਆਂ ਉਦੇਵੀਰ ਢਿੱਲੋਂ ਨੇ ਕਿਹਾ ਕਿ ਕਾਂਗਰਸ ਪਾਰਟੀ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਦੇ ਲੋਕਾਂ ਨਾਲ ਮਜ਼ਬੂਤੀ ਨਾਲ ਖੜੀ ਹੈ।ਸਥਿਤੀ ਦਾ ਜਾਇਜ਼ਾ ਲੈਣ ਲਈ ਪਾਰਟੀ ਦੀ ਟੀਮ ਪਹਿਲਾਂ ਹੀ ਸੂਬੇ ਦਾ ਦੌਰਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਪ੍ਰਭਾਵਤ ਪਰਵਾਰਾਂ ਵਿੱਚ ਤਰਪਾਲਾਂ, ਪੀਣ ਵਾਲਾ ਪਾਣੀ ਤੇ ਪਸ਼ੂਆਂ ਲਈ ਚਾਰਾ ਵੰਡਣ ਦਾ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ 4 ਲੱਖ ਹੈਕਟੇਅਰ ਤੋਂ ਵੱਧ ਖੇਤੀਬਾੜੀ ਦੀ ਜ਼ਮੀਨ ਪੂਰੀ ਤਰ੍ਹਾਂ ਖਰਾਬ ਹੋ ਗਈ ਹੈ, ਜਿਸ ਨਾਲ ਕਿਸਾਨਾਂ ਦਾ ਭਵਿੱਖ ਹਨੇਰੇ ਵਿੱਚ ਧੱਕਿਆ ਗਿਆ ਹੈ।

ਇਸ ਗੰਭੀਰ ਹਾਲਾਤਾਂ 'ਚ ਲੋਕਾਂ ਨੂੰ ਕੇਂਦਰ ਤੇ ਰਾਜ ਸਰਕਾਰ ਦੋਵੇਂ ਪਾਸਿਆਂ ਤੋਂ ਵੱਡੀ ਉਮੀਦ ਸੀ। ਪੰਜਾਬ ਨੇ ਦੋਸ਼ ਲਾਇਆ ਕਿ ਲੋਕਾਂ ਦੀਆਂ ਆਸਾਂ 'ਤੇ ਦੋਵੇਂ ਸਰਕਾਰਾਂ ਖਰੀ ਨਹੀਂ ਉਤਰੀਆਂ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮੁਤਾਬਕ ਪਹਿਲਾ ਤੋਂ ਹੀ ਪੰਜਾਬ ਸਰਕਾਰ ਨੂੰ 12 ਹਜ਼ਾਰ ਕਰੋੜ ਦਿੱਤੇ ਜਾ ਚੁੱਕੇ ਹਨ, ਜਦਕਿ ਮੌਜੂਦਾ ਪੰਜਾਬ ਸਰਕਾਰ ਨੇ ਵੀ ਇਹ ਕਹਿ ਕੇ ਹੱਥ ਖੜੇ ਕਰ ਦਿੱਤੇ ਕਿ ਉਨ੍ਹਾਂ ਕੋਲ ਰਾਹਤ ਦੇਣ ਲਈ ਫੰਡ ਹੀ ਨਹੀਂ ਹਨ। ਉਨ੍ਹਾਂ ਕੇਂਦਰ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਹੜ੍ਹ ਪੀੜਤਾਂ ਲਈ ਸਿਰਫ਼ 1600 ਕਰੋੜ ਰੁਪਏ ਦਾ ਫੰਡ ਐਲਾਨਿਆ ਗਿਆ ਹੈ ਅਤੇ ਦੂਜੇ ਪਾਸੇ ਜ਼ਮੀਨੀ ਹਕੀਕਤ ਮੁਤਾਬਕ ਲੋਕਾਂ ਨੂੰ ਅਜੇ ਤੱਕ ਕੋਈ ਅਸਲੀ ਰਾਹਤ ਨਹੀਂ ਮਿਲਦੀ ਨਜ਼ਰ ਨਹੀਂ ਆ ਰਹੀ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਹੜ੍ਹ ਪੀੜਤਾਂ ਨੂੰ ਜਲਦੀ ਰਾਹਤ ਨਾ ਦਿੱਤੀ ਗਈ ਤਾਂ ਕਾਂਗਰਸ ਸੜਕਾਂ 'ਤੇ ਉਤਰ ਕੇ ਲੋਕਾਂ ਦੀ ਆਵਾਜ਼ ਉਠਾਏਗੀ।ਸਿਰਫ਼ ਐਲਾਨਾਂ ਨਾਲ ਲੋਕਾਂ ਦੇ ਘਰ ਨਹੀਂ ਬਣ ਸਕਦੇ, ਨਾ ਹੀ ਕਿਸਾਨਾਂ ਦੀ ਤਬਾਹ ਹੋਈ ਫ਼ਸਲ ਵਾਪਸ ਆ ਸਕਦੀ ਹੈ।ਉਨ੍ਹਾਂ ਨੇ ਅੰਤ ਦੋਵੇਂ ਸਰਕਾਰਾਂ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੀਆਂ ਹਨ ਤੇ ਲੋਕ ਇਸ ਧੋਖੇ ਦਾ ਜਵਾਬ ਵੋਟਾਂ ਰਾਹੀਂ ਜ਼ਰੂਰ ਦੇਣਗੇ।

# ਪਿੰਡ ਕਾਲੂ ਵਾਲਾ ਦੇ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਗੱਦੇ ਮੁਹੱਈਆ ਕਰਾਏ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਮੈਨ-ਕਮ-ਜੱਜ ਪੰਜਾਬ ਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਫ਼ਿਰੋਜ਼ਪੁਰ ਦੀ ਰਹਿਨੁਮਾਈ ਹੇਠ ਅਨੁਰਾਧਾ ਚੀਫ਼ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਪਿਛਲੇ ਕਾਫੀ ਦਿਨਾਂ ਤੋਂ ਆਪ ਖੁਦ ਰਾਹਤ ਸਮੱਗਰੀ ਮੁਹੱਈਆ ਕਰਾਈ ਜਾ ਰਹੀ ਸੀ, ਜਦ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਆਪਣੀ ਟੀਮ ਨਾਲ ਪਿੰਡ ਟੇਂਡੀਵਾਲਾ ਪਹੁੰਚੇ ਤਾਂ ਉਥੇ ਪਿੰਡ ਕਾਲੂ ਵਾਲਾ ਦੇ ਹੜ੍ਹ ਪੀੜ੍ਹਤ ਪਰਵਾਰਾਂ ਨੇ ਜੱਜ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਰਹਿਣ ਲਈ ਪ੍ਰਬੰਧ ਕਰਾਏ ਜਾਣ। ਜੱਜ ਸਾਹਿਬ ਨੇ ਪਿਛਲੀ ਦਿਨੀ ਆਪ ਖੁਦ ਉਨ੍ਹਾਂ ਪਰਵਾਰਾਂ ਨੂੰ ਪਿੰਡ ਦੁਲਚੀ ਕੇ ਵਿਖੇ ਸਰਪੰਚ ਨਾਲ ਗੱਲਬਾਤ ਕਰਕੇ ਰਹਿਣ ਦਾ ਪ੍ਰਬੰਧ ਕਰਾਇਆ ਤੇ ਉਨ੍ਹਾਂ ਵੱਲੋਂ ਗੱਦਿਆਂ ਦੀ ਮੰਗ ਕੀਤੀ। ਉਨ੍ਹਾਂ ਦੀ ਇਸ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਜੱਜ ਨੇ ਆਪ ਖੁਦ ਐਨਜੀਓ ਦੀ ਮੱਦਦ ਨਾਲ ਸਬੰਧਤ ਪਰਵਾਰਾਂ ਨੂੰ ਗੱਦੇ ਮੁਹੱਈਆ ਕਰਾਏ। ਉਨ੍ਹਾਂ ਦੇ ਰਹਿਣ-ਸਹਿਣ ਤੋਂ ਇਲਾਵਾ ਖਾਣ-ਪੀਣ ਤੇ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕਰ ਕੇ ਦਿੱਤਾ ਗਿਆ।

## ਗੁੰਮਸ਼ੁਦਗੀ

ਮੈਂ, ਦਲਜੀਤ ਕੌਰ ਪਤਨੀ ਅਮਰਜੀਤ ਵਾਸੀ ਮਕਾਨ ਨੰ. 128, ਗੋਬਿੰਦ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ 1. ਰਜਿਸਟਰੀ ਸੇਲਡੀਡ ਨੰ. 13 ਮਿਤੀ 2-4-1984 ਐਸ. ਆਰ. ਜਲੰਧਰ, 2. ਮੁਖਤਾਰਨਾਮਾ ਆਮ ਨੰਬਰ 6,469 ਮਿਤੀ 5/8/2008 ਐਸ. ਆਰ. ਜਲੰਧਰ, 3. ਮੁਖਤਾਰ ਨਾਮਾ ਖਾਸ ਨੰਬਰ 326 ਮਿਤੀ 12/4/2012 ਐਸ. ਆਰ. ਜਲੰਧਰ ਮੇਰੇ ਕੋਲੋਂ ਗੁੰਮ ਹੋ ਗਏ ਹਨ ਜਿਸ ਨੂੰ ਮੈਂ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਹੀਂ ਮਿਲੇ। ਜਿਸ ਦੀ ਮੈਂ ਇੱਕ ਡੀ ਡੀ ਆਰ ਨੰਬਰ 30 ਮਿਤੀ 11-9-2025 ਨੂੰ ਥਾਣਾ ਭਾਰਗਵ ਕੈਂਪ ਵਿੱਚ ਦਰਜ ਕਰਵਾਈ ਸੀ ਅਗਰ ਮੇਰੇ ਇਹ ਦਸਤਾਵੇਜ਼ ਕਿਸੇ ਨੂੰ ਮਿਲਣ ਤਾਂ ਹੇਠ ਦਿੱਤੇ ਗਏ ਪਤੇ ਤੇ ਸੰਪਰਕ ਕਰ ਸਕਦਾ ਹੈ।

## PUBLIC NOTICE

That Pardeep Kumar and Kuldeep Kumar both S/o Sham Sunder S/o Devi Dayal R/o Goraya, Phillaur (Jalandhar) purchased residential property measuring 01 Kanal 03 Marla 07 Sarsahi comprised in Khewat No. 464, Khatoni No. 669, Khasra No. 1467(0-8) and Khewat No. 465, Khatoni No. 670, Khasra No. 1464(4-4) and Khewat No. 466, Khatoni No. 671, Khasra No. 1454(10-0), 1456(4-4), 1457(8-5), 1458(7-9), 1460(3-11), 1461(7-16), 1462(4-1), 1463(2-2), 1468(0-4), 1469(6-5) and Khewat No. 467, Khatoni No. 672, Khasra No. 1455(1-14) as per Jamabandi 2018-19, Village Rurka Khurd, Hadbast No. 221, Sub Tehsil Goraya, Tehsil Phillaur, District Jalandhar from Pawan Kumar and Sanjeev Kumar both S/o Ramesh Kumar vide Sale deed dated 17-02-2025 bearing Vasika No. 1562 registered in the office of Joint Sub Registrar, Goraya. as declared by the above said Pardeep Kumar and Kuldeep Kumar both S/o Sham Sunder Original chain Sale deed dated 05-12-2014 bearing Vasika No. 961 registered in the office of Joint Sub Registrar, Goraya in favour of Pawan Kumar & Sanjeev Kumar is lost and lost report is already registered at Police Station Sanjh, Goraya. If anyone find this sale deed or if there is lien/charge of any bank or charge from anyone else on said property or any objection regarding mortgage of said property with Canara Bank, Goraya Branch, Tehsil Phillaur. Please contact Branch Manager (-----) within 15 days from the date of publication.

Canara Bank Branch Managar
M. 81950-02111

## ਪਬਲਿਕ ਨੋਟਿਸ

ਦਫਤਰ ਜਾਇੰਟ ਸਬ ਰਜਿਸਟਰਾਰ ਕਮ ਨਾਇਬ ਤਹਿਸੀਲਦਾਰ ਝਬਾਲ ਕਲਾਂ

ਨੋਟਿਸ ਬਨਾਮ ਆਮ ਜਨਤਾ

ਵਿਸ਼ਾ : ਡੀਡ ਰਾਇਟਰ 40 ਅਧੀਨ ਅਣਰਜਿਸਟਰਡ ਵਸੀਅਤ ਨੂੰ ਰਜਿਸਟਰਡ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਹਰ ਆਮ ਅਤੇ ਖਾਸ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਦਿਲਸਾਜਨਪ੍ਰੀਤ ਸਿੰਘ ਪੁੱਤਰ [illegible] ਦੀ ਮੌਤ (07-05-2024) ਨੂੰ ਹੋ ਗਈ ਹੈ।

ਇਸ ਸੰਬੰਧੀ ਸ੍ਰੀ ਦਿਲਸਾਜਨਪ੍ਰੀਤ ਸਿੰਘ ਪੁੱਤਰ [illegible] ਸੰਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਅਣ-ਰਜਿਸਟਰਡ ਵਸੀਅਤ ਸੰਬੰਧੀ ਇਤਰਾਜ਼ ਹੈ ਤਾਂ ਇਹ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਇਸ ਦਫਤਰ ਨੂੰ ਦੇ ਸਕਦਾ ਹੈ।

ਮਿਆਦ ਗੁਜ਼ਰਨ ਤੋਂ ਬਾਅਦ ਕਿਸੇ ਵੀ ਵਿਅਕਤੀ ਦਾ ਕੋਈ ਇਤਰਾਜ਼ ਸੁਣਿਆ ਨਹੀਂ ਜਾਵੇਗਾ ਅਤੇ ਅਦਾਲਤ ਦੀ ਕਾਰਵਾਈ ਆਰੰਭੀ ਜਾਵੇਗੀ।

ਨੰਬਰ ਰੀਡਰ/1114 ਮਿਤੀ : 11-9-2025

ਸਹੀ/- ਜਾਇੰਟ ਸਬ ਰਜਿਸਟਰਾਰ, ਝਬਾਲ ਕਲਾਂ।

## COURT NOTICE

(U/o 5 Rule 20 CPC)
In The Court of Garima Gupta
Civil Judge (Junior Division), Amritsar
CS/1226/2022
CNR No. PBAS02-001826-2022
Next Date:- 01-10-2025

Punjab and Sind Bank branch office at Mule Chak, Tehsil and Distt. Amritsar through Madhvender Kumar, Punjab & Sind Bank, branch office, Mule Chak, Tehsil and Distt. Amritsar and Sandeep Kumar, Senior Manager, Punjab & Sind Bank, branch office Durgiana Mandir, Tehsil and Distt. Amritsar being the Principal officer of the Bank who are Duly Authorised to file the present suit and they are also Power of Attorney Holders of the bank.

Vs. Mehtab Singh & Ors.

Publication Issued To:

1. Mehtab Singh VPO Kakar Tehsil Ajnala, District Amritsar 2. Surjit Singh S/o Mohinder Singh R/o VPO Abdal, Tehsil Ajnala, District Amritsar

3. Mohinder Singh S/o Bhan Singh R/o VPO Abdal, Tehsil Ajnala, District Amritsar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-10-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 11-09-2025

# ਕਲਾਸੀਫਾਈਡ ਇਸ਼ਤਿਹਾਰ



## Change of Name

I, Priya Bhandari W/O Gaurav Bhandari R/O H.No. 492, Main Bazar Durgiana Mandir, Amritsar have changed my name from Priya Bhandari to Priya.

I, Surinder Singh Aulakh S/O Arjan Singh R/O H.No.165, Darshan Avenue, C-Block, G.T.Road, Daburji, Amritsar, Punjab have changed my name from Surinder Singh Aulakh to Surinder Singh . Concerned note.

ਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ, ਇੱਕ ਭਗਤ ਨੂੰ ਆਪਣੇ ਅੰਦਰ ਭਾਵ (ਭਾਵਨਾ) ਹੋਣੀ ਚਾਹੀਦੀ ਹੈ।ਉਨ੍ਹਾਂ ਨੇ ਸ਼ਰਧਾਲੂਆਂ ਅਤੇ ਸ਼ਰਧਾਲੂਆਂ ਨੂੰ ਪਿਤ੍ਰੂ ਪੱਖ ਦੇ ਮੌਕੇ 'ਤੇ ਆਯੋਜਿਤ ਸ਼੍ਰੀਮਦ ਭਾਗਵਤ ਕਥਾ ਦੀ ਮਹਿਮਾ ਵੀ ਸਮਝਾਈ। ਸ਼੍ਰੀਮਦ ਭਾਗਵਤ ਕਥਾ ਦੇ ਮੁੱਖ ਅਜ਼ਮਾਨ, ਸਮਾਜ ਸੇਵਕ ਸੁੰਦਰਲਾਲ ਅਗਰਵਾਲ ਸਮੂਹ ਪਰਵਾਰ ਅਤੇ ਐਮ ਡੀ ਰਤਨ ਪ੍ਰੋਫੈਸ਼ਨਲ ਕਾਲਜ ਸੋਹਾਣਾ, ਸੰਗੀਤਾ ਅਗਰਵਾਲ, ਕਾਰਤਿਕ ਅਗਰਵਾਲ ਅਤੇ ਯੱਗਿਆਚਾਰੀਆ ਪੰਡਿਤ ਸੋਹਨ ਸ਼ਾਸਤਰੀ ਤੋਂ ਇਲਾਵਾ ਹੋਰ ਸ਼ਰਧਾਲੂ ਮੌਜੂਦ ਸਨ। ਇਸ ਮੌਕੇ ਸ਼੍ਰੀਮਦ ਭਾਗਵਤ ਪ੍ਰਬੰਧਕਾਂ ਨੇ ਦੱਸਿਆ ਕਿ 8 ਸਤੰਬਰ ਤੋਂ 14 ਸਤੰਬਰ ਤੱਕ ਪਿਤ੍ਰੂ ਸ਼ਾਂਤੀ ਸ਼੍ਰੀਮਦ ਭਾਗਵਤ ਕਥਾ ਸ਼ਾਮ 5 ਤੋਂ 8 ਵਜੇ ਤੱਕ ਆਯੋਜਿਤ ਕੀਤੀ ਜਾਂਦੀ ਹੈ, ਜਿਸ ਤੋਂ ਬਾਅਦ ਮਹਾਂ ਆਰਤੀ ਤੇ ਫਿਰ ਭੰਡਾਰਾ ਆਯੋਜਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਹਰ ਰੋਜ਼ ਸਵੇਰੇ 8 ਤੋਂ 10 ਵਜੇ ਤੱਕ ਗਣੇਸ਼ਾਦੀ ਪੂਜਨ, ਮੂਲ ਪਾਠ, ਪਿਤ੍ਰੂ ਪੂਜਨ ਤਰਪਣ ਵੀ ਕੀਤਾ ਜਾ ਰਿਹਾ ਹੈ।

## ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਦੇਣ 'ਤੇ ਪ੍ਰਧਾਨ ਮੰਤਰੀ ਦਾ ਧੰਨਵਾਦ : ਧੀਰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦਾ ਐਲਾਨ ਕਰਨ ਲਈ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਅਸ਼ਵਨੀ ਕੁਮਾਰ ਧੀਰ ਨੇ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਭਾਜਪਾ ਦੇ ਸੀਨੀਅਰ ਆਗੂ ਡਾ ਅਸ਼ਵਨੀ ਕੁਮਾਰ ਧੀਰ ਕਿਹਾ ਕਿ ਇਹ ਫ਼ੈਸਲਾ ਪ੍ਰਧਾਨ ਮੰਤਰੀ ਮੋਦੀ ਦੀ ਸੰਵੇਦਨਸ਼ੀਲਤਾ ਅਤੇ ਪੰਜਾਬ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਰਕਮ ਪਹਿਲਾਂ ਦਿੱਤੇ ਹੋਏ 12 ਹਜ਼ਾਰ ਕਰੋੜ ਦੀ ਰਕਮ ਤੋਂ ਵੱਖਰੀ ਐਲਾਨੀ ਗਈ ਹੈ।

# ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦਿਵਾਉਣ ਲਈ ਕਰਾਂਗੇ ਜ਼ਿਲ੍ਹਾ ਕੇਂਦਰਾਂ 'ਤੇ ਰੋਸ ਮੁਜ਼ਾਹਰੇ : ਰੰਧਾਵਾ

**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਨੂੰ ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਦੇਣ ਲਈ ਮਜਬੂਰ ਕਰਨ ਵਾਸਤੇ ਆਉਣ ਵਾਲੀ 26 ਸਤੰਬਰ ਨੂੰ ਜ਼ਿਲ੍ਹਾ ਕੇਂਦਰਾਂ 'ਤੇ ਭਰਵੇਂ ਰੋਸ ਮੁਜ਼ਾਹਰੇ ਕਰੇਗੀ।



ਇਹ ਜਾਣਕਾਰੀ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਸੂਬਾ ਸਕੱਤਰ ਸਾਥੀ ਪ੍ਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ। ਮੀਟਿੰਗ 'ਚ ਉਚੇਚੇ ਪੁੱਜੇ ਕੌਮੀ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਦੇਸ਼, ਦੁਨੀਆਂ ਦੀ ਰਾਜਸੀ ਅਵਸਥਾ ਤੇ ਪਾਰਟੀ ਦੇ ਕਰਨ ਯੋਗ ਫੌਰੀ ਕਾਰਜਾਂ ਦਾ ਖਾਕਾ ਪੇਸ਼ ਕੀਤਾ। ਉਨ੍ਹਾਂ ਇਸ ਔਖੀ ਘੜੀ 'ਚ ਹੜ੍ਹ ਪੀੜਤਾਂ ਦੀ ਦਿਲ ਖੋਲ੍ਹ ਕੇ ਮਦਦ ਕਰਨ ਦੇ ਸਮੁੱਚੇ ਦੇਸ਼ ਵਾਸੀਆਂ ਦੇ ਮਾਨਵੀ ਜਜ਼ਬੇ ਦੀ ਭਰਪੂਰ ਸ਼ਲਾਘਾ ਕੀਤੀ ਹੈ। ਮੀਟਿੰਗ ਨੇ ਹੜ੍ਹਾਂ ਕਾਰਨ ਮਾਰੇ ਗਏ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਤੇ ਗੁਆਂਢੀ ਦੇਸ਼ ਪਾਕਿਸਤਾਨ ਦੇ ਹਜ਼ਾਰਾਂ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਹੈ। ਸਕੱਤਰੇਤ ਨੇ ਉੱਤਰੀ ਭਾਰਤ, ਖਾਸ ਕਰਕੇ ਪੰਜਾਬ ਅੰਦਰ ਭਿਆਨਕ ਹੜ੍ਹਾਂ ਕਰਕੇ ਗਈਆਂ ਮਨੁੱਖੀ ਜਾਨਾਂ ਤੇ ਲੱਖਾਂ ਕਰੋੜ ਰੁਪਏ ਦੇ ਹੋਰ ਨੁਕਸਾਨ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਹੜ੍ਹਾਂ ਦੀ ਰੋਕ-ਥਾਮ ਕਰਨ ਦੇ ਅਗਾਊਂ ਕਦਮ ਚੁੱਕਣ ਪੱਖੋਂ ਕੇਂਦਰੀ ਤੇ ਸੂਬਾ ਸਰਕਾਰਾਂ ਦੀ ਅਣਗਹਿਲੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਸਕੱਤਰੇਤ ਨੇ ਇਸ ਵਸੀਹ ਜਾਨੀ-ਮਾਲੀ ਨੁਕਸਾਨ ਦੀ ਪੂਰਤੀ ਲਈ ਪ੍ਰਧਾਨ ਮੰਤਰੀ ਵਲੋਂ ਐਲਾਨੇ ਗਏ ਅਤਿ ਨਿਗੂਣੇ ਪੈਕੇਜ ਨੂੰ ਸੂਬੇ ਦੇ ਹੜ੍ਹ ਪੀੜਤਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲਾ ਕਰਾਰ ਦਿੱਤਾ ਹੈ। ਸਕੱਤਰੇਤ ਨੇ ਰਾਹਤ ਕਾਰਜਾਂ 'ਚ ਜੁਟੀਆਂ ਪਾਰਟੀ ਕਮੇਟੀਆਂ ਨੂੰ ਉਕਤ ਫਰਜ਼ ਹੋਰ ਵਧੇਰੇ ਸ਼ਕਤੀ ਤੇ ਸ਼ਿੱਦਤ ਨਾਲ ਨਿਭਾਉਣ ਦਾ ਸੱਦਾ ਦਿੱਤਾ ਹੈ। ਨਿਪਾਲ ਦੇ ਵਿਗੜੇ ਹਾਲਾਤ ਉੱਪਰ ਡੂੰਘੀ ਚਿੰਤਾ ਦਾ ਇਜ਼ਹਾਰ ਕਰਦਿਆਂ ਮੀਟਿੰਗ ਨੇ ਵਿਸ਼ਵ ਭਰ ਦੇ ਸਾਵੀਂ ਸੋਚਣੀ ਵਾਲੇ ਲੋਕਾਂ ਨੂੰ ਅਮੀਰ ਦੇਸ਼ਾਂ 'ਚ ਪ੍ਰਵਾਸੀਆਂ 'ਤੇ ਕੀਤੇ ਜਾ ਰਹੇ ਵਿਉਂਤਬੱਧ ਨਸਲੀ ਹਮਲੇ ਫੌਰੀ ਬੰਦ ਕੀਤੇ ਜਾਣ ਦੀ ਜ਼ੋਰਦਾਰ ਮੰਗ ਉਠਾਉਣ ਦੀ ਅਪੀਲ ਕੀਤੀ ਹੈ।

# ਫਰੀ ਮੈਡੀਕਲ ਚੈੱਕਅੱਪ ਕੈਂਪ 'ਚ 280 ਮਰੀਜ਼ਾਂ ਨੇ ਉਠਾਇਆ ਲਾਭ



**ਬੰਗਾ (ਅਵਤਾਰ ਕਲੇਰ)**- ਡਾ ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ (ਚੈਰੀਟੇਬਲ) ਵਲੋਂ ਤਥਾਗਤ ਬੁੱਧ ਦੇ ਫਲਸਫੇ 'ਇਨਸਾਨੀਅਤ ਤੋਂ ਵੱਡਾ ਧਰਮ ਕੋਈ ਨਹੀਂ ਹੈ' ਤੇ ਚੱਲਦਿਆਂ ਡਾ ਅੰਬੇਡਕਰ ਮਿਸ਼ਨਰੀ ਐਜੂਕੇਸ਼ਨ ਕਮੇਟੀ ਗ੍ਰੇਟ ਬ੍ਰਿਟਨ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਸਿਹਤ ਸਹੂਲਤ ਲਈ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿੰਡ ਚੇਤਾ ਵਿਖੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਹੇਠ ਲਗਾਇਆ ਗਿਆ। ਬਸਪਾ ਆਗੂ ਪ੍ਰਵੀਨ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਵੀਨ ਬੰਗਾ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸਿਹਤ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਉੱਥੇ ਸਾਰੀਆਂ ਸੰਸਥਾਵਾਂ ਨੂੰ ਵੱਧ ਤੋਂ ਵੱਧ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣੇ ਚਾਹੀਦੇ ਹਨ ਤਾਂ ਕਿ ਹੜ੍ਹ ਪੀੜਤਾਂ ਨੂੰ ਹੋਣ ਵਾਲੀਆ ਬੀਮਾਰੀਆਂ ਤੋਂ ਬਚਾਇਆ ਜਾ ਸਕੇ। ਬੰਗਾ ਨੇ ਕਿਹਾ ਕਿ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿੱਚ ਬਸਪਾ ਪੰਜਾਬ ਦੇ ਵਰਕਰ ਤੇ ਆਗੂ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਡਟੇ ਹੋਏ ਹਨ। ਕੈਂਪ ਦੌਰਾਨ ਡਾ.ਅਜੇ ਕੁਮਾਰ ਟੂਰਾ ਨੇ ਲਗਭਗ 280 ਮਰੀਜ਼ਾਂ ਦੇ ਫ੍ਰੀ ਚੈੱਕਅੱਪ ਕੀਤਾ ਅਤੇ ਕਮੇਟੀ ਵਲੋਂ ਸਾਰੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਅੱਖਾਂ ਦੇ ਮਾਹਿਰ ਡਾ ਪਰਦੀਪ ਕੁਮਾਰ ਨੇ ਮਰੀਜ਼ਾਂ ਦੀਆਂ ਅੱਖਾਂ ਦਾ ਫ੍ਰੀ ਚੈੱਕਅੱਪ ਕੀਤਾ ਅਤੇ ਕਮੇਟੀ ਵਲੋਂ 100 ਐਨਕਾਂ ਮੁਫ਼ਤ ਦਿੱਤੀਆਂ। ਸ਼ੂਗਰ ਟੈਸਟ ਵੀ ਫ੍ਰੀ ਕੀਤਾ ਗਿਆ। ਇਸ ਮੈਡੀਕਲ ਚੈੱਕਅੱਪ ਕੈਂਪ 'ਚ ਵਡਮੁੱਲਾ ਯੋਗਦਾਨ ਪਾਉਣ 'ਤੇ ਸਤਨਾਮ ਬਿਰਹਾ ਤੇ ਰਚਨਾ ਬਿਰਹਾ ਕੈਨੇਡਾ, ਸੁਰਿੰਦਰ ਢੱਲੀ ਯੂ.ਕੇ., ਲੇਟ ਮੂਰਤੀ ਮੱਲ ਦਾ ਪਰਿਵਾਰ, ਇੰਗਲੈਂਡ ਕਮੇਟੀ ਦੇ ਪ੍ਰਧਾਨ ਦੇਵ ਰਾਜ ਸੁਮਨ ਅਤੇ ਪਿੰਡ ਚੇਤਾ ਦੀ ਗੁਰੂ ਘਰ ਦੇ ਕਮੇਟੀ ਮੈਂਬਰਾਂ ਤੇ ਨੌਜਵਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਮੇਟੀ ਦੇ ਹਰਬਲਾਸ ਬਸਰਾ, ਵਿਜੈ ਕੁਮਾਰ ਗੁਣਾਚੌਰ, ਸੁਰਿੰਦਰ ਪਾਲ ਹੀਰਾ, ਬੀ.ਕੇ.ਰੱਤੂ, ਡਾ.ਸੁਰਜੀਤ ਸਿੰਘ ਚੇਤਾ, ਵਿਜੇ ਕੁਮਾਰ, ਅਸ਼ੋਕ ਕੁਮਾਰ, ਕਰਨ ਵਿਲਾਸ, ਸਤਨਾਮ ਸਿੰਘ, ਵਿਜੇ ਮਨਰੂਪ, ਸੰਦੀਪ ਕੌਰ ਆਦਿ ਹਾਜ਼ਰ ਸਨ।

# ਹੜ੍ਹ ਦੌਰਾਨ ਨੁਕਸਾਨੀਆਂ ਸੜਕਾਂ ਜਲਦ ਬਣਾਈਆਂ ਜਾਣਗੀਆਂ : ਕਟਾਰੀਆ



**ਬਲਾਚੌਰ (ਜਸਵਿੰਦਰ ਬੈਂਸ)**- ਹੜ੍ਹ ਦੌਰਾਨ ਪ੍ਰਭਾਵਿਤ ਇਲਾਕਿਆਂ ਵਿੱਚ ਫੈਲੀ ਗੰਦਗੀ ਨੂੰ ਸਾਫ਼ ਕਰਨ ਲਈ ਵਿਆਪਕ ਸਫ਼ਾਈ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ ਅਤੇ ਸਰਕਾਰੀ ਇਮਾਰਤਾਂ ਅਤੇ ਸੜਕਾਂ ਦੇ ਹੋਏ ਨੁਕਸਾਨ ਲਈ ਜੰਗੀ ਪੱਧਰ 'ਤੇ ਯੋਜਨਾ ਬਣਾ ਕੇ ਮੁਰੰਮਤ ਕੀਤੀ ਜਾਵੇਗੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆਂ ਨੇ ਪਿੰਡ ਬਛੌੜੀ ਵਿਖੇ ਸੜਕਾਂ ਦਾ ਦੌਰਾ ਕਰਦੇ ਹੋਏ ਪਿੰਡ ਵਾਸੀਆਂ ਤੇ ਹੋਰ ਪਤਵੰਤੇ ਲੋਕਾਂ ਦੇ ਨਾਲ ਕਹੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਦੌਰੇ ਦੌਰਾਨ ਉਨ੍ਹਾਂ ਦੇ ਨਾਲ ਪਿੰਡ ਬਛੌੜੀ ਤੋਂ ਗਗਨ ਦੀਪ ਬੱਲ , ਰਣਵੀਰ ਸੈਣੀ ਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਗ੍ਰਾਮ ਪੰਚਾਇਤ ਨੇ ਕੀਤਾ ਸੜਕ ਦੀ ਮੁਰੰਮਤ ਦਾ ਕੰਮ





**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਗੋਰਾਇਆਂ ਤੋਂ ਸੋਤਲੇ ਵੱਲ ਜਾਂਦੀ ਸੜਕ ਪਿਛਲੇ ਕੁਝ ਸਾਲਾਂ ਤੋਂ ਆਉਣ ਜਾਣ ਵਾਲਿਆਂ ਅਤੇ ਮੋਟਰ ਗੱਡੀਆਂ ਵਾਲਿਆਂ ਨੂੰ, ਸੜਕ ਉੱਪਰ ਪਏ ਵੱਡੇ ਟੋਏ ਤੋਂ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮੌਜੂਦਾ ਸਰਪੰਚ ਕੁਲਵਿੰਦਰ ਕੌਰ ਦੇ ਗ੍ਰਾਮ ਪੰਚਾਇਤ ਪਿੰਡ ਗੋਰਾਇਆਂ ਦੇ ਸਹਿਯੋਗ ਨਾਲ ਅਤੇ ਸਾਬਕਾ ਗ੍ਰਾਮ ਪੰਚਾਇਤ ਦੇ ਮੈਂਬਰਾਂ ਨੇ ਮਿਲ ਕੇ ਇਸ ਸੜਕ ਦੀ ਮੁਰੰਮਤ ਦਾ ਕੰਮ ਕੀਤਾ ਹੈ ਜੋ ਸ਼ਲਾਘਾਯੋਗ ਹੈ।ਰੋਜ਼ਾਨਾ ਸੜਕ ਉਪਰੋਂ ਲੰਘਣ ਵਾਲੀਆਂ ਸਕੂਲੀ ਬੱਸਾਂ ਨੂੰ ਵੀ ਇਸ ਸੜਕ ਤੇ ਪਏ ਟੋਏ ਕਾਰਨ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ,ਹੁਣ ਉਹ ਵੀ ਇਸ ਮੁਰੰਮਤ ਨਾਲ ਕਾਫੀ ਖੁਸ਼ ਦਿਖਾਈ ਦੇ ਰਹੇ ਹਨ। ਇਸ ਮੌਕੇ ਸਾਬਕਾ ਪੰਚ ਅਮਰਜੀਤ ਸਿੰਘ, ਰਜਿੰਦਰ ਸਿੰਘ ਸਾਬਕਾ ਪੰਚ, ਮਾਸਟਰ ਪਰਮਜੀਤ ਸਿੰਘ, ਰਾਜਵੀਰ ਸਿੰਘ, ਹਰਪ੍ਰੀਤ ਸਿੰਘ ਹੈਪੀ ਆਦਿ ਹਾਜਰ ਸਨ।

# ਜ਼ਿਲ੍ਹੇ 'ਚ 4.36 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਦਾ ਅਨੁਮਾਨ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਵਿਚ ਜਲਦੀ ਹੀ ਝੋਨੇ ਦੀ ਖ਼ਰੀਦ ਦਾ ਸੀਜ਼ਨ ਸ਼ੁਰੂ ਹੋਣ ਜਾ ਰਿਹਾ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕਿਹਾ ਕਿ ਮੰਡੀਆਂ ਵਿਚ ਕੀਤੇ ਗਏ ਪ੍ਰਬੰਧਾਂ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਸਮੇਂ ਸਿਰ ਅਤੇ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜ਼ਿਲ੍ਹੇ ਵਿਚ ਲੱਗਭਗ 4.36 ਲੱਖ ਮੀਟ੍ਰਿਕ ਟਨ ਝੋਨਾ ਖ਼ਰੀਦੇ ਜਾਣ ਦਾ ਅਨੁਮਾਨ ਹੈ। ਇਸ ਦੇ ਮੱਦੇਨਜ਼ਰ ਮੰਡੀਆਂ ਵਿਚ ਸਾਰੀਆਂ ਜ਼ਰੂਰੀ ਸਹੂਲਤਾਂ, ਜਿਵੇਂ ਕਿ ਬਿਜਲੀ, ਪਾਣੀ, ਮੀਂਹ ਲਈ ਤਰਪਾਲਾਂ, ਪਾਰਕਿੰਗ, ਪਖਾਨੇ, ਆੜ੍ਹਤੀਆਂ ਅਤੇ ਕਿਸਾਨਾਂ ਲਈ ਬੈਠਣ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਬੰਧਤ ਵਿਭਾਗਾਂ ਅਤੇ ਖ਼ਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ ਅਤੇ ਖ਼ਰੀਦ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਪੂਰੀ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿਚ ਸਿਰਫ਼ ਪੂਰੀ ਤਰ੍ਹਾਂ ਸੁੱਕਾ ਝੋਨਾ ਹੀ ਲਿਆਉਣ। ਗਿੱਲਾ ਜਾਂ ਨਮੀ ਵਾਲਾ ਝੋਨਾ ਖ਼ਰੀਦ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਕੀਮਤ ਦੀ ਪੂਰੀ ਅਤੇ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਸੀ ਟੀ ਗਰੁੱਪ ਵਿਖੇ ਇਟਲੀ ਦੇ ਮਾਹਰਾਂ ਨੇ ਸਿਖਾਈ ਫ਼ਿਜ਼ੀਓਥੈਰੇਪੀ ਦੀ ਦਮਦਾਰ ਤਕਨੀਕ

**ਜਲੰਧਰ (ਸ਼ੈਲੀ ਐਲਬਰਟ)**- ਸੀ.ਟੀ. ਇੰਸਟੀਚਿਊਟ ਆਫ਼ ਹਾਇਅਰ ਸਟੱਡੀਜ਼ ਦੇ ਫਿਜ਼ੀਓਥੈਰੇਪੀ ਵਿਭਾਗ ਦੁਆਰਾ ਸ਼ਾਹਪੁਰ ਕੈਂਪਸ ਵਿਖੇ 'ਸਪਾਈਨਲ ਮੈਨੀਪੁਲੇਸ਼ਨ ਟੈਕਨੀਕਸ-ਸਰਵਾਈਕਲ, ਥੋਰੈਸਿਕ, ਲੰਬਰ ਅਤੇ ਪੈਲਵਿਸ' ਵਿਸ਼ੇ 'ਤੇ ਇੱਕ ਦੋ-ਦਿਨਾ ਅੰਤਰਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਸਫਲਤਾਪੂਰਵਕ ਕੀਤਾ ਗਿਆ।ਇਸ ਵਰਕਸ਼ਾਪ ਦੇ ਮੁੱਖ ਇੰਸਟ੍ਰਕਟਰ ਡਾ. ਕ੍ਰਿਸਚੀਅਨ ਵਿਲੇਲਾ (ਇਟਲੀ), ਡਾ. ਮਾਰਟਾ ਸਟੈਨਕਾਰੀ (ਇਟਲੀ) ਅਤੇ ਡਾ. ਚਿਰਾਗ ਰਹੇ,



ਜਿਨ੍ਹਾਂ ਨੇ ਰੀੜ੍ਹ ਦੀ ਹੱਡੀ ਦੇ ਮੈਨੀਪੁਲੇਸ਼ਨ ਅਤੇ ਐਡਵਾਂਸਡ ਮੈਨੁਅਲ ਥੈਰੇਪੀ ਤਕਨੀਕਾਂ 'ਤੇ ਆਪਣਾ ਵਿਸ਼ਵ ਪੱਧਰੀ ਤਜਰਬਾ ਸਾਂਝਾ ਕੀਤਾ। ਉਨ੍ਹਾਂ ਨੇ ਪ੍ਰਭਾਵਸ਼ਾਲੀ ਲਾਈਵ ਪ੍ਰਦਰਸ਼ਨ ਅਤੇ ਇੰਟਰਐਕਟਿਵ ਸੈਸ਼ਨ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਉਨਤ ਫਿਜ਼ੀਓਥੈਰੇਪੀ ਹੁਨਰਾਂ ਦਾ ਵਿਹਾਰਕ ਤਜਰਬਾ ਪ੍ਰਦਾਨ ਕੀਤਾ।ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼, ਜੀ.ਐਨ.ਏ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਅਤੇ ਖੇਤਰ ਦੀਆਂ ਹੋਰ ਕਈ ਫਿਜ਼ੀਓਥੈਰੇਪੀ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ। ਸਾਰੇ ਭਾਗੀਆਂ ਨੂੰ ਅੰਤਰਰਾਸ਼ਟਰੀ ਪ੍ਰਾਪਤੀ ਦੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ, ਜਿਸ ਨਾਲ ਉਨ੍ਹਾਂ ਨੂੰ ਮੁੱਲਵਾਨ ਵਿਸ਼ਵ ਪੱਧਰੀ ਪਛਾਣ ਅਤੇ ਹੁਨਰ ਵਿਕਾਸ ਦਾ ਮੌਕਾ ਮਿਲਿਆ।ਇਸ ਉਦਘਾਟਨੀ ਸਮਾਰੋਹ ਦੀ ਸ਼ੋਭਾ ਸੀ.ਟੀ. ਗਰੁੱਪ ਦੇ ਚੇਅਰਮੈਨ ਅਤੇ ਸੀ.ਟੀ. ਯੂਨੀਵਰਸਿਟੀ ਦੇ ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ, ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ, ਡਾਇਰੈਕਟਰ ਅਕਾਦਮਿਕ ਆਪਰੇਸ਼ਨਜ਼ ਡਾ. ਸੰਗਰਾਮ, ਪ੍ਰਿੰਸੀਪਲ ਸੀ.ਟੀ.ਆਈ.ਐਚ.ਐਸ ਡਾ. ਸੀਮਾ ਅਰੋੜਾ, ਫਿਜ਼ੀਓਥੈਰੇਪੀ ਵਿਭਾਗ ਦੇ ਮੁਖੀ ਡਾ. ਅਰੁਣ, ਅਸਿਸਟੈਂਟ ਡੀਨ ਡਾ. ਅੰਨਾ ਅਤੇ ਹੋਰ ਵਿਦਵਾਨ ਫੈਕਲਟੀ ਮੈਂਬਰਾਂ ਨੇ ਬੜ੍ਹਾਇਆਂ ਕੀਤੀ। ਇਸ ਮੌਕੇ ਗ੍ਰੀਨ ਵੈਲਕਮ, ਦੀਪ ਪ੍ਰਜਵਲਨ ਕਰਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਉਪ-ਚੇਅਰਮੈਨ ਹਰਪ੍ਰੀਤ ਸਿੰਘ ਅਤੇ ਸੀ.ਟੀ. ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ.ਟੀ. ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਵੀ ਇੰਸਟ੍ਰਕਟਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਸਮਰੀ ਮੋਮੈਂਟੋ ਭੇਂਟ ਕਰਕੇ ਸਨਮਾਨਿਤ ਕੀਤਾ, ਉਨ੍ਹਾਂ ਦੇ ਸਹਿਯੋਗ ਦੀ ਸਰਾਹਨਾ ਕੀਤੀ ਅਤੇ ਇਸ ਪਹਿਲਕਦਮੀ ਨੂੰ 'ਇੱਕ ਮਹੱਤਵਪੂਰਨ ਅਕਾਦਮਿਕ ਉਪਲਬਧੀ' ਦੱਸਿਆ।

# ਕਾਮਰੇਡ ਸੀਤਾ ਰਾਮ ਯੇਚੂਰੀ ਦੀ ਪਹਿਲੀ ਬਰਸੀ ਮਨਾਈ



**ਮਾਹਿਲਪੁਰ (ਸ.ਫ਼ਰੀ)**- ਸੀ ਪੀ ਆਈ ਐਮ ਵੱਲੋ ਗੜ੍ਹਸ਼ੰਕਰ ਡਾਕਟਰ ਭਾਗ ਸਿੰਘ ਹਾਲ ਵਿੱਚ ਮਰਹੂਮ ਕਾਮਰੇਡ ਸੀਤਾ ਰਾਮ ਯੇਚੂਰੀ ਦੀ ਪਹਿਲੀ ਬਰਸੀ ਮਨਾਈ ਗਈ ਇਸ ਦੀ ਪ੍ਰਧਾਨਗੀ ਕਾਮਰੇਡ ਗੋਪਾਲ ਥਾਂਦੀ ਨੇ ਕੀਤੀ। ਸਟੇਜ ਦੀ ਕਾਰਵਾਈ ਪਾਰਟੀ ਦੇ ਤਹਸੀਲ ਸਕੱਤਰ ਮਹਿੰਦਰ ਕੁਮਾਰ ਬੱਡੋਆਣ ਨੇ ਚਲਾਈ। ਇਸ ਮੌਕੇ ਪਾਰਟੀ ਦੇ ਜ਼ਿਲਾ ਸਕੱਤਰ ਗੁਰਨੇਕ ਸਿੰਘ ਭੱਜਲ ਦਰਸ਼ਨ ਸਿੰਘ ਮੱਟੂ ਸ਼ੁਭਾਸ਼ ਮੱਟੂ ਨੇ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਾਮਰੇਡ ਯੇਚੂਰੀ ਪਿਛਲੇ 12 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਪਾਰਟੀ ਨੇ ਉਹਨਾ ਦੇ ਜਨਮ ਦਿਨ 12 ਅਗਸਤ ਤੋ 12 ਸਤੰਬਰ ਤੱਕ ਸ਼ਰਧਾਜਲੀ ਸਮਾਗਮ ਮਨਾਉਣ ਦਾ ਸੱਦਾ ਦਿੱਤਾ।ਆਗੂਆ ਨੇ ਕਿਹਾ ਕਾਮਰੇਡ ਸੀਤਾ ਰਾਮ ਯੇਚੂਰੀ ਨੇ ਦੇਸ਼ ਦੀ ਰਾਜਨੀਤੀ ਵਿੱਚ ਉੱਘਾ ਯੋਗਦਾਨ ਪਾਇਆ ਅਤੇ 12 ਸਾਲ ਰਾਜ ਸਭਾ ਦੇ ਮੈਬਰ ਰਹਿੰਦਿਆ ਬਾਖੂਬੀ ਦੇਸ਼ ਦੇ ਮਜ਼ਦੂਰਾਂ ਕਿਸਾਨਾਂ ਗਰੀਬ ਲੋਕਾਂ ਦੇ ਭਖਦੇ ਮੁਦਿਆ ਤੇ ਡਟ ਕੇ ਪਹਿਰਾ ਦਿੱਤਾ। ਕਾਮਰੇਡ ਯੇਚੁਰੀ ਨੇ ਇੰਡੀਆ ਬਲਾਕ ਬਣਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ ਫਿਰਕੂ ਫਾਸ਼ੀਵਾਦੀ ਕਾਰਪੋਰੇਟ ਘਰਾਨਿਆ ਦੀ ਤਾਕਤ ਨੂੰ ਕਮਜ਼ੋਰ ਕੀਤਾ। ਕਾਮਰੇਡ ਸੀਤਾਰਾਮ ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆ ਵਿੱਚ ਗੁਰਬਖਸ਼ ਕੌਰ, ਨੀਲਮ ਬੱਡੋਆਣ, ਸੁਰਿੰਦਰ ਚੁੰਬਰ, ਜੋਗਿੰਦਰ ਕੌਰ ਮੁਕੰਦਪੁਰ, ਸੁਖਵਿੰਦਰ ਕੌਰ ਮੁਕੰਦਪੁਰ, ਮੋਹਣ ਲਾਲ ਬੀਣੇਵਾਲ, ਪ੍ਰੇਮ ਰਾਣਾ, ਪ੍ਰੇਮੀ ਬਲਦੇਵ ਸਤਨੋਰ ਸ਼ਾਮਲ ਸਨ।

# ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਨੇ ਕੀਤੀ ਸਰਬੱਤ ਦੇ ਭਲੇ ਲਈ ਅਰਦਾਸ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਭੋਗਪੁਰ ਨੇ ਕੁਦਰਤੀ ਆਫ਼ਤਾ ਤੇ ਇੱਕ ਪ੍ਰੇਰਨਾਦਾਇਕ ਅਤੇ ਪ੍ਰਭਾਵਸ਼ਾਲੀ ਅਸੈਂਬਲੀ ਦਾ ਆਯੋਜਨ ਕੀਤਾ। ਵਿਦਿਆਰਥੀਆਂ ਨੇ ਪੰਜਾਬ ਵਿੱਚ ਭਿਆਨਕ ਹੜ੍ਹਾਂ ਦੀ ਸਥਿਤੀ 'ਤੇ ਰੋਸ਼ਨੀ ਪਾਉਂਦੇ ਹੋਏ ਭਾਸ਼ਣ ਦਿੱਤੇ, ਜਿੱਥੇ ਬਹੁਤ ਸਾਰੇ ਲੋਕਾਂ ਨੇ ਆਪਣੇ ਘਰ, ਫਸਲਾਂ ਅਤੇ ਜਾਨਾਂ ਤਕ ਗੁਆ ਦਿੱਤੀਆਂ ਹਨ। ਇਸ ਤੋਂ ਇਲਾਵਾ ਹੜ ਪੀੜਤ ਪਰਿਵਾਰ ਦੇ ਬੱਚਿਆਂ ਦੀਆਂ ਕਾਪੀਆਂ ਕਿਤਾਬਾਂ ਵੀ ਖਰਾਬ ਹੋ ਚੁੱਕੀਆਂ ਹਨ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ, ਹਰ ਪੰਜਾਬੀ ਅਤੇ ਸਕੂਲ ਸਟਾਫ ਮਦਦ ਲਈ ਅੱਗੇ ਆ ਰਿਹਾ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਜ਼ਰੂਰੀ ਸਮਾਨ ਤੇ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ, ਸ੍ਰੀ ਅਮਰੀਕ ਸਿੰਘ ਨੇ ਵਿਦਿਆਰਥੀਆਂ ਨੂੰ ਜ਼ਰੂਰਤਮੰਦਾਂ ਦੀ ਮਦਦ ਕਰਨ ਲਈ ਖਾਣੇ ਦਾ ਸਮਾਨ ਅਤੇ ਪੈਸੇ ਦੇਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਸਕੂਲ ਦੇ ਵਿਦਿਆਰਥੀ ਭੁਪਿੰਦਰ ਸਿੰਘ ਨੇ ਅਰਦਾਸ ਕੀਤੀ।

# ਵਿਆਹੁਤਾ ਔਰਤ ਵੱਲੋਂ ਆਤਮ ਹੱਤਿਆ ਦੇ ਦੋਸ਼ੀਆਂ ਨੂੰ ਨਾ ਫੜੇ ਜਾਣ 'ਤੇ ਹਰਿਆਣਾ ਪੁਲਸ ਖਿਲਾਫ ਧਰਨਾ



**ਅੱਡਾ ਸਰਾਂ (ਜਸਵੀਰ ਕਾਜਲ)**- ਬੀਤੇ ਦਿਨੀ ਪਿੰਡ ਗੋਰਾਇਆ ਵਿਖੇ ਇਕ ਵਿਆਹੁਤਾ (ਹਰਪ੍ਰੀਤ ਕੌਰ) ਨੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ ਸੀ, ਜਿਸ ਦੇ ਸਬੰਧ 'ਚ ਪੁਲਿਸ ਪ੍ਰਸ਼ਾਸ਼ਨ ਵਲੋਂ ਜੋ ਕਾਰਵਾਈ ਕੀਤੀ, ਉਸ ਤੋਂ ਮ੍ਰਿਤਕ ਦਾ ਪਰਿਵਾਰ ਸੰਤੁਸ਼ਤ ਨਹੀਂ ਹੋਇਆ, ਜਿਸ ਦੇ ਚੱਲਦੇ ਪੀੜਤ ਪਰਵਾਰ ਮੈਬਰਾਂ, ਬੀ.ਐਸ.ਪੀ ਦੇ ਆਗੂਆਂ ਤੇ ਹੋਰ ਵੱਖ ਵੱਖ ਜਥੇਬਦੀਆਂ ਦੇ ਸਹਿਯੋਗ ਅੱਡਾ ਭੂੰਗਾ ਵਿਖੇ ਰੋਡ ਜਾਮ ਕੀਤਾ ਗਿਆ। ਇਸ ਮੌਕੇ ਦਲਜੀਤ ਰਾਏ ਜ਼ਿਲ੍ਹਾ ਪ੍ਰਧਾਨ ਬਸਪਾ, ਮਨਿੰਦਰ ਸਿੰਘ ਸ਼ੇਰਪੁਰੀ ਸੂਬਾ ਸਕੱਤਰ ਬਸਪਾ, ਕਾ. ਭੁਪਿੰਦਰ ਸਿੰਘ ਭੂੰਗਾ ਕਿਰਤੀ ਕਿਸਾਨ ਯੂਨੀਅਨ, ਮਨਿੰਦਰ ਸਿੰਘ ਟਿਮੀ ਸ਼ਾਹੀ ਤੇ ਹੋਰਨਾ ਨੇ ਕਿਹਾ ਕਿ ਬੀਤੇ ਦਿਨੀ ਹਰਪ੍ਰੀਤ ਕੌਰ ਪਤਨੀ ਪ੍ਰਭਜੋਤ ਸ਼ਰਮਾਂ ਵਾਸੀ ਗੋਰਾਇਆ ਨੇ ਸਹੁਰਿਆਂ ਤੋਂ ਤੰਗ ਪ੍ਰੇਸ਼ਾਨ ਹੋ ਕਿ ਆਤਮ ਹੱਤਿਆ ਕਰ ਲਈ ਸੀ, ਜਿਸ ਦੇ ਸਬੰਧ 'ਚ ਹਰਿਆਣਾ ਪੁਲਸ ਨੇ ਪ੍ਰਭਜੋਤ ਸ਼ਰਮਾ ਤੇ ਨੀਤੂ ਬਾਲਾ ਖਿਲਾਫ ਮਾਮਲਾ ਦਰਜ ਕੀਤਾ ਪਰ ਪੀੜਤ ਪਰਵਾਰ ਦੀ ਮੰਗ ਸੀ ਕਿ ਬਾਕੀ ਰਹਿਦੇ ਹੋਰ ਪਰਵਾਰਕ ਮੈਂਬਰਾਂ ਦੇ ਨਾਂਅ ਦਰਜ ਕੀਤੇ ਜਾਣ ਤੇ ਹੋਰ ਧਾਰਾਵਾਂ ਵੀ ਜੋੜੀਆਂ ਜਾਣ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸਾਸ਼ਨ ਨੇ ਸਿਆਸੀ ਦਬਾਅ ਅੰਦਰ ਚੱਲਦੇ ਹੋਏ ਸਾਡੇ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮਜਬੂਰਨ ਹੋ ਕੇ ਹੀ ਮੇਨ ਰੋਡ ਜਾਮ ਕਰਨਾ ਪਿਆ। ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚੇ ਮੇਜਰ ਸਿੰਘ ਐਸ.ਪੀ ਹੁਸ਼ਿਆਰਪੁਰ ਨੇ ਧਰਨਾਕਾਰੀਆਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਪੁਲਸ ਪ੍ਰਸ਼ਾਸ਼ਨ ਪੀੜਤ ਪਰਿਵਾਰ ਦੇ ਨਾਲ ਖੜ੍ਹਾ ਹੈ, ਜੋ ਵੀ ਉਨ੍ਹਾਂ ਦੀ ਮੰਗ ਹੈ, ਉਸ ਨੂੰ ਤੁਰੰਤ ਹੀ ਅਮਲ 'ਚ ਲਿਆਦਾ ਜਾਏਗਾ। ਇਸ ਭਰੋਸੇ ਦੇ ਚੱਲਦੇ ਪੀੜਤ ਪਰਿਵਾਰ ਵਲੋਂ ਧਰਨਾ ਸਮਾਪਤ ਕਰ ਦਿੱਤਾ। ਇਸ ਮੌਕੇ ਐਸੂ ਬਾਲਾ ਨਾਇਬ ਤਹਿਸੀਲਦਾਰ ਸ਼ਾਮ ਚੁਰਾਸੀ, ਇੰਸ. ਅਮਰਜੀਤ ਕੌਰ ਐਸ.ਐਚ.ਓ ਹਰਿਆਣਾ, ਏ.ਐਸ.ਆਈ ਗੁਰਮੀਤ ਸਿੰਘ ਚੌਕੀ ਇੰਚਾਰਜ਼ ਭੂੰਗਾ ਤੇ ਭਾਰੀ ਗਿਣਤੀ 'ਚ ਪੁਲਿਸ ਕਰਮਚਾਰੀ ਹਾਜ਼ਰ ਸਨ। ਇਸ ਮੌਕੇ ਰੋਡ ਜਾਮ 'ਚ ਚਰਨਜੀਤ ਸਿੰਘ, ਕਮਲਜੀਤ ਸਿੰਘ, ਸਰਪੰਚ ਹਰਮਨ ਘੁੱਗੀ ਭੂੰਗਾ, ਪਰਮਿਲਾ ਦੇਵੀ ਪੰਚ, ਮੀਨਾ ਕੁਮਾਰੀ ਪੰਚ, ਕੁਲਵਿੰਦਰ ਕੌਰ ਪੰਚ, ਦੌਲਤ ਸਿੰਘ, ਸੁਰਜੀਤ ਸਿੰਘ ਮਹਿੰਮੀ, ਸਰਬਜੀਤ ਸਿੰਘ ਪੱਪੂ, ਜਸਪਾਲ ਭੱਟੀ, ਧਰਮਿੰਦਰ ਘੱਗੀ ਭੂੰਗਾ, ਪ੍ਰਕਾਸ਼ ਸਿੰਘ, ਬਲਵਿੰਦਰ ਸਿੰਘ ਘੋਦੀ ਤੇ ਭਾਰੀ ਗਿਣਤੀ 'ਚ ਪਿੰਡ ਤੇ ਇਲਾਕੇ ਦੀਆਂ ਔਰਤਾਂ ਤੇ ਹੋਰ ਹਾਜ਼ਰ ਸਨ।

# ਆਰ ਬੀ ਯੂ ਸਕੂਲ ਆਫ਼ ਐਗਰੀਕਲਚਰ ਵੱਲੋਂ ਐਲੂਮਨੀ ਮੀਟ ਦਾ ਆਯੋਜਨ



**ਸਾਹਿਬਜਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਐਗਰੀਕਲਚਰਲ ਸਾਇੰਸਿਜ਼ ਨੇ ਇੱਕ ਐਲੂਮਨੀ ਮੀਟ ਦਾ ਆਯੋਜਨ ਕੀਤਾ ਜਿਸ ਵਿੱਚ ਫਰੈਸ਼ਰ, ਸੀਨੀਅਰ ਵਿਦਿਆਰਥੀ ਅਤੇ ਵਿਸ਼ੇਸ਼ ਸਾਬਕਾ ਵਿਦਿਆਰਥੀ ਸਮੇਤ ਸੈਂਕੜੇ ਤੋਂ ਵੱਧ ਭਾਗੀਦਾਰ ਇਕੱਠੇ ਹੋਏ। ਇਸ ਸਮਾਗਮ ਦਾ ਉਦਘਾਟਨ ਸਕੂਲ ਦੀ ਡੀਨ ਪ੍ਰੋ. (ਡਾ.) ਅਮਿਤਾ ਮਹਾਜਨ ਨੇ ਕੀਤਾ, ਜਿਨ੍ਹਾਂ ਨੇ ਸਾਬਕਾ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਆਪਣੇ ਤਜ਼ਰਬਿਆਂ ਤੋਂ ਸਿੱਖਣ ਲਈ ਉਤਸ਼ਾਹਿਤ ਕੀਤਾ। ਬਹੁਤ ਸਾਰੇ ਸਾਬਕਾ ਵਿਦਿਆਰਥੀ ਜੋ ਨਿੱਜੀ ਤੌਰ 'ਤੇ ਹਾਜ਼ਰ ਨਹੀਂ ਹੋ ਸਕੇ, ਉਨ੍ਹਾਂ ਨੇ ਯੂਨੀਵਰਸਿਟੀ ਵਿੱਚ ਆਪਣੀ ਯਾਤਰਾ ਨੂੰ ਯਾਦ ਕਰਦੇ ਹੋਏ ਵੀਡੀਓ ਸੁਨੇਹੇ ਸਾਂਝੇ ਕੀਤੇ। ਇਹ ਮੰਚ ਸਿਖਿਆਰਥੀਆਂ ਦੀਆਂ ਪੀੜ੍ਹੀਆਂ ਨੂੰ ਜੋੜਦਿਆਂ ਇੱਕ ਮਹੱਤਵਪੂਰਨ ਨੈੱਟਵਰਕਿੰਗ ਮੌਕਾ ਸਾਬਤ ਹੋਇਆ। ਪ੍ਰੋ-ਵਾਈਸ-ਚਾਂਸਲਰ ਡਾ. ਸਤੀਸ਼ ਕੁਮਾਰ ਨੇ ਸਾਬਕਾ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਚੁਣੇ ਹੋਏ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਵਿਦਿਆਰਥੀਆਂ ਦੁਆਰਾ ਸੰਗੀਤ, ਨਾਚ ਅਤੇ ਸੱਭਿਆਚਾਰਕ ਪ੍ਰਦਰਸ਼ਨਾਂ ਦੁਆਰਾ ਜਸ਼ਨਾਂ ਨੂੰ ਹੋਰ ਵੀ ਰੌਚਕ ਬਣਾਇਆ ਗਿਆ।ਪ੍ਰੋਗਰਾਮ ਦਾ ਸਮਾਪਨ ਡਾ. ਕੇ.ਐਸ. ਚੰਦੇਲ ਦੇ ਧੰਨਵਾਦ ਮਤੇ ਨਾਲ ਹੋਇਆ।

# ਨਗਰ ਕੌਂਸਲ ਵੱਲੋਂ ਅਵੇਅਰਨੈਸ ਮੁਹਿੰਮ ਤਹਿਤ ਲੋਕਾਂ ਨੂੰ ਕੀਤਾ ਜਾਗਰੂਕ



**ਅਲਾਵਲਪੁਰ (ਮਦਨ ਬੰਗੜ)**- ਅਲਾਵਲਪੁਰ ਨਗਰ ਕੌਂਸਲ ਵੱਲੋਂ ਬਰਸਾਤੀ ਮੌਸਮ ਸਬੰਧੀ ਅਵੇਅਰਨੈਸ ਮੁਹਿੰਮ ਤਹਿਤ ਅਭਿਆਨ ਚਲਾਇਆ ਗਿਆ ।ਬਰਸਾਤ ਦੇ ਮੌਸਮ 'ਚ ਜਿਵੇਂ ਅੱਜ ਕੱਲ੍ਹ ਡੇਂਗੂ, ਮਲੇਰੀਆ, ਡਾਇਰੀਆ ਆਦਿ ਸਬੰਧੀ ਲੋਕਾਂ ਨੂੰ ਅਵੇਅਰ ਕੀਤਾ ਗਿਆ। ਇਸ ਮੌਕੇ ਸਮੁੱਚੇ ਬਾਜ਼ਾਰ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਪਾਣੀ ਉਬਾਲ ਕੇ ਪੀਣ । ਬਰਸਾਤੀ ਮੌਸਮ ਵਿੱਚ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਬਹੁਤ ਜ਼ਰੂਰੀ ਹੈ। ਘਰਾਂ ਵਿੱਚ ਖਾਲੀ ਬਰਤਨਾਂ ਵਿੱਚ ਡੇਂਗੂ ਅਤੇ ਮਲੇਰੀਏ ਦੇ ਮੱਛਰ ਪੈਦਾ ਹੋਣ ਤੋਂ ਪਹਿਲਾਂ ਹੀ ਖਾਲੀ ਡੱਬਿਆਂ, ਪੁਰਾਣੀਆਂ ਬਾਲਟੀਆਂ ਵਿੱਚੋਂ ਪਾਣੀ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ । ਸਾਫ ਸਫਾਈ ਰੱਖਣੀ ਬਹੁਤ ਜ਼ਰੂਰੀ ਹੈ ਪਾਣੀ ਨੂੰ ਉਬਾਲ ਕੇ ਪੀਣ ਨਾਲ ਡਾਇਰੀਏ ਜਿਹੀ ਭਿਆਨਕ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਕਾਰਜ ਸਾਧਕ ਅਧਿਕਾਰੀ ਰਾਮਜੀਤ, ਕਲਰਕ ਨਵੀਨ ਰਾਣਾ, ਅਤੇ ਨਗਰ ਕੌਂਸਲ ਕਰਮਚਾਰੀ ਹਾਜ਼ਰ ਸਨ।

# ਪੰਜਾਬ ਇਸਤਰੀ ਸਭਾ ਵੱਲੋਂ ਡਾ. ਸਈਦਾ ਹਮੀਦ 'ਤੇ ਹਮਲੇ ਦੀ ਨਿੰਦਾ




**ਬੰਗਾ (ਅਵਤਾਰ ਕਲੇਰ)**- ਪੰਜਾਬ ਇਸਤਰੀ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਰਾਹੋਂ ਨੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਆ ਵੋਮੈਨ ਦੀ ਕੌਮੀ ਪ੍ਰਧਾਨ ਡਾ. ਸਈਦਾ ਹਮੀਦ ਤੇ ਭਗਵਾਂਧਾਰੀਆ ਵੱਲੋਂ ਕੀਤੇ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਹਨਾਂ ਕਿਹਾ ਕਿ 26 ਅਗਸਤ ਨੂੰ ਦਿੱਲੀ ਪਟੇਲ ਹਾਊਸ ਦੇ ਕਾਸਟੀਚਿਊਸ਼ਨ ਕਲੱਬ ਵਿਚ ਬੁੱਧੀਜੀਵੀਆਂ ਵਲੋਂ ਇੱਕ ਪ੍ਰੈਸ ਕਾਨਫਰੰਸ ਕੀਤੀ ਜਿਸ ਵਿਚ ਬਹੁਤ ਵੱਡੀਆਂ ਸ਼ਖ਼ਸੀਅਤਾ ਸ਼ਾਮਲ ਸਨ। ਆਸਾਮ ਵਿੱਚ ਆਦਿਵਾਸੀਆਂ ਨੂੰ ਜੰਗਲਾਂ ਵਿੱਚੋਂ ਕੱਢ ਕੇ ਡਿਟੈਂਸਨ ਕੈਂਪਾਂ ਵਿੱਚ ਭੇਜਣ ਦੇ ਵਿਰੋਧ ਵਿਚ ਸੀ। ਆਸਾਮ ਦੇ ਹਜ਼ਾਰਾਂ ਏਕੜ ਜੰਗਲ ਵਿੱਚ ਹਜ਼ਾਰਾਂ ਹੀ ਲੋਕ ਰਹਿੰਦੇ ਹਨ, ਜੋ ਕਿ ਜੰਗਲੀ ਵਸਤੂਆਂ ਰਾਹੀਂ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ । ਉਸ ਜੰਗਲਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਕਾਰਪੋਰੇਟਾ ਘਰਾਣਿਆਂ ਨੂੰ ਵੇਚ ਦਿੱਤੀ ਗਈ ਹੈ। ਆਦਿਵਾਸੀਆਂ ਨੂੰ ਚੁੱਕ ਕੇ ਡਿਟੈਂਸਨ ਸੈਂਟਰਾ ਵਿਚ ਭੇਜ ਦਿੱਤਾ ਗਿਆ ਹੈ ਤਾਂ ਜੋ ਇਕਜੁੱਟ ਨਾ ਹੋ ਸਕਣ ਤੇ ਨਾ ਹੀ ਸਰਕਾਰ ਦਾ ਵਿਰੋਧ ਕਰ ਸਕਣ। ਲੋਕਾਂ ਤੇ ਹੁੰਦੇ ਜ਼ੁਲਮਾਂ ਦਾ ਪਤਾ ਨਾ ਲੱਗ ਜਾਵੇ, ਇਸ ਕਾਨਫਰੰਸ ਵਿੱਚ ਆ ਕੇ ਭਗਵਾਂਧਾਰੀਆ ਨੇ ਹੱਥ ਵਿਚ ਬੈਨਰ ਫੜਕੇ ਹਮਲਾ ਕਰਵਾਇਆ ਅਤੇ ਬੋਲਣ ਦੀ ਆਜ਼ਾਦੀ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਸਰਕਾਰ ਕਾਰਪੋਰੇਟ ਘਰਾਣਿਆਂ ਕੋਲ ਵਿਕ ਚੁੱਕੀ ਹੈ। ਪੰਜਾਬ ਇਸਤਰੀ ਸਭਾ ਸ਼ਹੀਦ ਭਗਤ ਸਿੰਘ ਨਗਰ ਇਸ ਦੀ ਸਖਤ ਨਿੰਦਾ ਕਰਦੀ ਹੈ। ਇਸ ਮੌਕੇ ਸੱਤਿਆ ਦੇਵੀ, ਕਮਲੇਸ਼, ਵੀਨਾ, ਜਸਵਿੰਦਰ ਕੌਰ, ਰਾਣੀ, ਸਰੋਜ, ਰੇਸ਼ਮ ਕੌਰ, ਸੰਤੋਖ ਪਾਲ, ਜਸਵਿੰਦਰ ਲਾਲ, ਗੁਰਿੰਦਰ ਲਾਲ ਆਦਿ ਹਾਜ਼ਰ ਸਨ।

# ਸੜਕਾਂ, ਸੀਵਰੇਜ, ਜਲ ਸਪਲਾਈ ਤੇ ਸੈਨੀਟੇਸ਼ਨ ਪ੍ਰਣਾਲੀ ਨੂੰ ਮਿਲੇਗਾ ਨਵਾਂ ਆਯਾਮ : ਬ੍ਰਹਮ ਸ਼ੰਕਰ ਜਿੰਪਾ

## ● ਨਗਰ ਨਿਗਮ 100 ਫੀਸਦੀ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ : ਮੇਅਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਮੀਟਿੰਗ ਵਿਚ ਸ਼ਹਿਰ ਦੇ ਵਿਕਾਸ ਕਾਰਜਾਂ ਅਤੇ ਸਫ਼ਾਈ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਫ਼ੈਸਲੇ ਲਏ ਗਏ। ਜਾਣਕਾਰੀ ਦਿੰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਮੀਟਿੰਗ 'ਚ ਸ਼ਹਿਰ ਵਿਚ ਸੜਕਾਂ ਦੇ ਨਿਰਮਾਣ, ਜਲ ਸਪਲਾਈ ਅਤੇ ਸੀਵਰੇਜ ਲਾਈਨਾਂ ਲਈ 28 ਕਰੋੜ ਰੁਪਏ ਦੇ ਖ਼ਰਚ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਸ਼ਹਿਰ ਦੀ ਸਫ਼ਾਈ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੂੜਾ ਇਕੱਠਾ ਕਰਨ ਅਤੇ ਪ੍ਰੋਸੈਸਿੰਗ ਦਾ ਕੰਮ ਇੱਕ ਨਿੱਜੀ ਕੰਪਨੀ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਗਿਆ, ਜੋ ਵੱਖ-ਵੱਖ ਥਾਵਾਂ 'ਤੇ ਕੂੜੇ ਦੇ ਢੇਰਾਂ ਤੋਂ ਰਾਹਤ ਪ੍ਰਦਾਨ ਕਰੇਗੀ। ਮੀਟਿੰਗ ਵਿਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ 4 ਹੈਂਡੀ ਫੌਗਿੰਗ ਮਸ਼ੀਨਾਂ ਅਤੇ ਸੀਵਰੇਜ ਬਲਾਕੇਜ ਨੂੰ ਦੂਰ ਕਰਨ ਲਈ 3 ਛੋਟੀਆਂ ਮਸ਼ੀਨਾਂ ਖਰੀਦਣ ਲਈ 9.75 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਅਸੁਰੱਖਿਅਤ ਅਤੇ ਖੰਡਰ ਇਮਾਰਤਾਂ ਨੂੰ ਢਾਹੁਣ ਅਤੇ ਹਰ ਘਰ ਤੋਂ ਕੂੜਾ ਸਿੱਧਾ ਪਿੱਪਲਾਂਵਾਲਾ ਪ੍ਰੋਸੈਸਿੰਗ ਸੈਂਟਰ ਤੱਕ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਗਈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ਼ਹਿਰਾਂ ਨੂੰ ਇਕ ਆਦਰਸ਼ ਰੂਪ ਦੇਣ ਲਈ ਲਗਾਤਾਰ ਯਤਨ ਤੇਜ਼ ਕੀਤੇ ਹਨ। ਹੁਸ਼ਿਆਰਪੁਰ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਪ੍ਰਧਾਨ ਮੰਤਰੀ ਵੱਲੋਂ ਪੰਜਾਬ ਨੂੰ ਪੈਕੇਜ ਦੇਣ ਲਈ ਖੁੱਲ੍ਹਾ ਦਿਲ ਦਿਖਾਉਣਾ ਚਾਹੀਦਾ : ਸਤਵੀਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਨੂੰ ਹੜ੍ਹ ਆਫ਼ਤ ਦੀ ਇਸ ਔਖੀ ਘੜੀ ਵਿੱਚ ਪ੍ਰਧਾਨ ਮੰਤਰੀ ਨੂੰ ਆਪਣੀਆਂ ਸੌੜੀਆਂ ਗਿਣਤੀਆਂ-ਮਿਣਤੀਆਂ ਤੋਂ ਉੱਪਰ ਉੱਠ ਕੇ ਪੰਜਾਬ ਨੂੰ ਪੈਕੇਜ ਦੇਣ ਲਈ ਖੁੱਲਾ ਅਤੇ ਵੱਡਾ ਦਿਲ ਦਿਖਾਉਣਾ ਚਾਹੀਦਾ ਸੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ



ਸੀਨੀਅਰ ਲੀਡਰ ਸਤਵੀਰ ਪੱਲੀ ਝਿੱਕੀ ਸਾਬਕਾ ਚੇਅਰਮੈਨ ਜਿਲਾ ਯੋਜਨਾ ਬੋਰਡ ਨੇ ਕਿਹਾ ਕਿ ਪੰਜਾਬ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਸ ਤੋਂ ਕਈ ਗੁਣਾ ਵੱਧ ਉਮੀਦ ਸੀ, ਜਿੰਨਾ ਉਨ੍ਹਾਂ ਨੇ ਪੈਕੇਜ ਐਲਾਨਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਉਮੀਦ ਸੀ ਕਿ ਤੁਸੀਂ ਅਜਿਹਾ ਐਲਾਨ ਕਰੋਗੇ, ਜਿਸ ਨਾਲ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਤ੍ਰਾਸਦੀ ਤੋਂ ਬਚ ਸਕਣ ਪਰ ਤੁਸੀਂ ਤਾਂ ਅੱਜ ਦੀ ਪੀੜ੍ਹੀ ਨੂੰ ਵੀ ਰਾਹਤ ਨਹੀਂ ਦਿੱਤੀ।

# ਹੜ੍ਹ ਪੀੜਤ ਪਰਵਾਰਾਂ ਲਈ ਸਮੱਗਰੀ ਸਹਾਇਕ ਕਮਿਸ਼ਨਰ ਨੂੰ ਸੌਂਪੀ




**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਬ੍ਰਹਮਾ ਕੁਮਾਰੀ ਮੋਹਾਲੀ-ਰੂਪਨਗਰ ਸਰਕਲ ਵੱਲੋਂ ਬ੍ਰਹਮਾ ਕੁਮਾਰੀ ਪ੍ਰੇਮਲਤਾ, ਇੰਚਾਰਜ ਰਾਜਯੋਗ ਸੈਂਟਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੜ੍ਹ ਪ੍ਰਭਾਵਿਤ ਪਰਵਾਰਾਂ ਦੀ ਸਹਾਇਤਾ ਲਈ ਦੋ ਛੋਟੇ ਵਾਹਨਾਂ ਵਿੱਚ ਭੇਜੀ ਸਮੱਗਰੀ ਸਹਾਇਕ ਕਮਿਸ਼ਨਰ ਡਾ. ਅੰਕਿਤਾ ਕਾਂਸਲ ਨੂੰ ਭੇਂਟ ਕੀਤੀ ਗਈ। ਇਸ ਸਹਾਇਤਾ ਸਮੱਗਰੀ ਵਿੱਚ ਕੰਬਲ, ਦਰੀਆਂ, ਬਿਸਤਰ ਚਾਦਰਾਂ, ਕੱਪੜੇ (ਪੁਰਸ਼ਾਂ ਅਤੇ ਔਰਤਾਂ ਲਈ), ਬੂਟ ਤੇ ਚੱਪਲਾਂ ਸ਼ਾਮਲ ਹਨ। ਰਾਸ਼ਨ ਵਜੋਂ ਆਟਾ, ਚੌਲ, ਦਾਲਾਂ, ਚੀਨੀ, ਨਮਕ, ਗੁੜ, ਮਸਾਲੇ, ਬਿਸਕੁੱਟ, ਰਸਕ ਤੇ ਨਮਕੀਨ ਵੀ ਭੇਜੇ ਗਏ ਹਨ। ਰੋਜ਼ਾਨਾ ਵਰਤੋਂ ਦੀਆਂ ਵਸਤਾਂ ਵਿੱਚ ਕੈਸਰੋਲ, ਮੋਮਬੱਤੀ, ਮਾਚਿਸ, ਸਰੋਂ ਦਾ ਤੇਲ ਅਤੇ ਅਗਰਬੱਤੀ ਵੀ ਸ਼ਾਮਲ ਹਨ। ਸਿਹਤ ਅਤੇ ਸਫ਼ਾਈ ਲਈ ਸਾਬਣ, ਟੂਥਪੇਸਟ, ਟੂਥਬਰਸ਼, ਮੱਛਰ ਭਜਾਉਣ ਵਾਲੀ ਦਵਾਈ, ਮੱਛਰ ਮਾਰਨ ਵਾਲਾ ਸਪਰੇਅ ਅਤੇ ਸੈਨਿਟਰੀ ਪੈਡ ਵੀ ਦਿੱਤੇ ਗਏ ਹਨ।

# ਏਡਜ਼ ਤੋਂ ਬਚਾਅ ਲਈ ਜਾਗਰੂਕਤਾ ਜ਼ਰੂਰੀ : ਸਿਵਲ ਸਰਜਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹੇ ਵਿਚ ਚੱਲ ਰਹੀ ਐਚ.ਆਈ.ਵੀ. ਤੀਬਰ ਜਾਗਰੂਕਤਾ ਮੁਹਿੰਮ ਤਹਿਤ ਜਾਗਰੂਕਤਾ ਸਰਗਰਮੀਆਂ ਲਗਾਤਾਰ ਜਾਰੀ ਹਨ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ.ਸੰਗੀਤਾ ਜੈਨ ਨੇ ਦੱਸਿਆ ਕਿ ਇਹ ਮੁਹਿੰਮ 12 ਅਗਸਤ ਨੂੰ ਸ਼ੁਰੂ ਹੋਈ ਸੀ, ਜੋ 12 ਅਕਤੂਬਰ ਤਕ ਚੱਲੇਗੀ। ਮੁਹਿੰਮ ਦੌਰਾਨ ਏ.ਆਰ.ਟੀ. ਸੈਂਟਰ ਦੀਆਂ ਟੀਮਾਂ ਵੱਖ ਵੱਖ ਥਾਈਂ ਕੈਂਪ ਲਗਾ ਰਹੀਆਂ ਹਨ । ਬੀਤੇ ਦਿਨ ਸਿਹਤ ਟੀਮ ਵੱਲੋਂ ਸਥਾਨਕ ਵੇਰਕਾ ਮਿਲਕ ਪਲਾਂਟ ਵਿਖੇ ਕਾਮਿਆਂ ਨੂੰ ਇਸ ਭਿਆਨਕ ਰੋਗ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਦੱਸਿਆ ਕਿ ਏਡਜ਼ ਇੱਕ ਭਿਆਨਕ ਰੋਗ ਹੈ ਜਿਸ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।ਇਸ ਦੇ ਫੈਲਣ ਦੇ ਮੁੱਖ ਕਾਰਨ ਸੂਈਆਂ ਅਤੇ ਸਰਿੰਜਾਂ ਦੀ ਸਾਂਝੀ ਵਰਤੋਂ ਕਰਨਾ, ਐਚ.ਆਈ.ਵੀ. ਪ੍ਰਭਾਵਤ ਵਿਅਕਤੀ ਦਾ ਖ਼ੂਨ ਤੰਦਰੁਸਤ ਵਿਅਕਤੀ ਦੇ ਸਰੀਰ ਵਿਚ ਚੜ੍ਹਾਉਣ ਨਾਲ ਹੁੰਦਾ ਹੈ।



# ਹੜ੍ਹ ਪੀੜਤਾਂ ਦੀ ਮਦਦ ਲਈ ਸਿੱਖਿਆ ਵਿਭਾਗ ਨੇ ਸੌਂਪਿਆ 18 ਲੱਖ ਦਾ ਚੈਕ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਦੀ ਅਗਵਾਈ ਹੇਠ ਸਿੱਖਿਆ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਪਰਵਾਰਾਂ ਦੀ ਸਹਾਇਤਾ ਲਈ 18 ਲੱਖ ਰੁਪਏ ਦਾ ਚੈਕ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਭੇਟ ਕੀਤਾ ਗਿਆ। ਇਸ ਮੌਕੇ ਟਾਂਡਾ ਦੇ ਐਸ.ਡੀ.ਐਮ. ਪਰਮਪ੍ਰੀਤ ਸਿੰਘ, ਉਪ-ਜ਼ਿਲ੍ਹਾ ਸਿੱਖਿਆ ਅਧਿਕਾਰੀ ਅਮਨਦੀਪ ਸ਼ਰਮਾ ਸਮੇਤ ਵਿਭਾਗੀ ਅਧਿਕਾਰੀ ਤੇ ਪ੍ਰਿੰਸਿਪਲ ਖ਼ਾਸ ਤੌਰ 'ਤੇ ਮੌਜੂਦ ਸਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿੱਖਿਆ ਵਿਭਾਗ ਦੀ ਇਸ ਸੰਵੇਦਨਸ਼ੀਲ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਹਾਲ ਹੀ ਵਿੱਚ ਆਈ ਕੁਦਰਤੀ ਆਫ਼ਤ ਨੇ ਕਈ ਪਰਵਾਰਾਂ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਨੇ ਕਿਹਾ ਕਿ ਅਧਿਆਪਕ ਵਰਗ ਹਮੇਸ਼ਾ ਤੋਂ ਹੀ ਸਮਾਜ ਸੇਵਾ ਅਤੇ ਰਾਸ਼ਟਰ ਨਿਰਮਾਣ ਵਿੱਚ ਅਗਵਾਈ ਕਰਦਾ ਰਿਹਾ ਹੈ। ਇਸ ਮੌਕੇ ਪ੍ਰਿੰਸਿਪਲ ਸ਼ੈਲੰਦਰ ਠਾਕੁਰ, ਰਾਜਨ ਅਰੋੜਾ, ਸੰਜੀਵ ਕੁਮਾਰ, ਧਰਮਿੰਦਰ ਸ਼ਰਮਾ, ਕਰਨ ਸ਼ਰਮਾ, ਰਣਜੀਤ ਸਿੰਘ, ਦੀਪਕ ਸ਼ਰਮਾ, ਜਰਨੈਲ ਸਿੰਘ, ਚੰਦਰ ਮੋਹਨ ਸਮੇਤ ਹੋਰ ਅਧਿਆਪਕ ਅਤੇ ਅਧਿਕਾਰੀ ਵੀ ਹਾਜ਼ਰ ਸਨ।

# ਅਕਾਲੀ ਆਗੂ ਜਥੇ: ਹਰਭਜਨ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਫਿਲੌਰ (ਨਿਰਮਲ)**- ਮਿਤੀ 11 ਸਤੰਬਰ ਨੂੰ ਅਕਾਲੀ ਲਹਿਰ ਵਿਚ ਵੱਢਮੁੱਲਾ ਯੋਗਦਾਨ ਪਾਉਣ ਵਾਲੇ ਟਕਸਾਲੀ ਅਕਾਲੀ ਬਾਬਾ ਹਜ਼ਾਰਾ ਸਿੰਘ ਦੇ ਸਪੁੱਤਰ ਅਤੇ ਸਮਾਜ ਸੇਵੀ ਜਥੇਦਾਰ ਮਹਾ ਸਿੰਘ ਰਸੂਲਪੁਰੀ ਦੇ ਪਿਤਾ ਜਥੇਦਾਰ ਹਰਭਜਨ ਸਿੰਘ ਅਕਾਲੀ ਦਲ ਦਾ ਵੀਰਵਾਰ ਨੂੰ ਦੇਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿਚ ਜਥੇਦਾਰ ਮਹਾ ਸਿੰਘ ਰਸੂਲਪੁਰੀਆਂ ਨਾਲ ਇਲਾਕੇ ਦੀਆਂ ਵੱਖ ਵੱਖ ਰਾਜਨੀਤਿਕ,ਧਾਰਮਿਕ,ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕਰਕੇ ਦੁੱਖ ਇਜ਼ਹਾਰ ਕੀਤਾ। ਇਸ ਮੌਕੇ ਰਸੂਲਪੁਰ ਦੇ ਗ੍ਰਹਿ ਸਥਾਨ ਤੋਂ ਅਕਾਲਪੁਰਬ ਅੱਗੇ ਅਰਦਾਸ ਕਰਕੇ ਸ਼ਮਸ਼ਾਨ ਘਾਟ ਵਿਖੇ ਜਥੇਦਾਰ ਹਰਭਜਨ ਸਿੰਘ ਦੀ ਦੇਹ ਨੂੰ ਉਹਨਾਂ ਦੇ ਪੁੱਤਰ ਜਥੇਦਾਰ ਮਹਾ ਸਿੰਘ ਰਸੂਲਪੁਰ ਨੇ ਅਗਨ ਭੇਟ ਕੀਤਾ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਫਿਲੌਰ ਤੋਂ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਨੇ ਗੱਲਬਾਤ ਕਰਦਿਆਂ ਦੱਸਿਆ ਕੇ ਜਥੇਦਾਰ ਮਹਾ ਸਿੰਘ ਦੇ ਦਾਦਾ ਬਾਬਾ ਹਜ਼ਾਰਾਂ ਸਿੰਘ ਅਕਾਲੀ ਉਹਨਾਂ ਦੇ ਪਿਤਾ ਹਰਭਜਨ ਸਿੰਘ ਅਕਾਲੀ ਅਤੇ ਮਾਤਾ ਨਿਰੰਜਨ ਕੌਰ ਮੁੜ ਤੋਂ ਹੀ ਅਕਾਲੀ ਦਲ ਦੇ ਵਫ਼ਾਦਾਰ ਰਹੇ ਹਨ, ਜਿਹੜੇ ਅਕਾਲੀ ਲਹਿਰ ਤੋਂ ਇਲਾਵਾ ਸਮੇ ਸਮੇਂ ਸਿਰ ਅਕਾਲੀ ਦਲ ਨਾਲ ਮੋਢਾ ਜੋੜ ਕੇ ਨਾਲ ਖੜੇ ਹਨ। ਉਹਨਾ ਦੱਸਿਆ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਮੁੱਚੀ ਟੀਮ ਪਰਵਾਰ ਨਾਲ ਦੁੱਖ ਦਾ ਇਜ਼ਹਾਰ ਕਰਦੀ ਹੈ ਅਤੇ ਪਰਵਾਰ ਨਾਲ ਦੁੱਖ ਦੀ ਘੜੀ ਵਿਚ ਖੜੀ ਹੈ। ਇਸ ਮੌਕੇ ਬਲਦੇਵ ਸਿੰਘ ਖਹਿਰਾ, ਆਮ ਆਦਮੀ ਪਾਰਟੀ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਸਮਾਜ ਸੇਵੀ ਮਨਦੀਪ ਸਿੰਘ ਗੋਰਾ, ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਇੰਦਰਜੀਤ ਸਿੰਘ ਖਹਿਰਾ, ਨਿਰਪਾਲ ਸਿੰਘ ਪਾਲਾ, ਮਨਜੀਤ ਸਿੰਘ ਬਿੱਲਾ, ਗੌਰਵ ਸ਼ਰਮਾ, ਹਾਰਭਗਵੰਤ ਸਿੰਘ, ਕੁਲਦੀਪ ਸਿੰਘ,ਮਨਜੀਤ ਰਾਮ, ਕੁਲਦੀਪ ਸਿੰਘ ਬਾਜਵਾ, ਰਵਿੰਦਰ ਸਿੰਘ ਬੇਬੀ, ਭੁਪਿੰਦਰ ਸਿੰਘ, ਜਰਨੈਲ ਭੱਟੀ, ਅਮਰਜੀਤ ਢੇਸੀ, ਦੀਪਕ ਰਾਸੁਲਪੁਰੀਆਂ ਅਤੇ ਭਾਰੀ ਗਿਣਤੀ ਵਿਚ ਹੋਰ ਹਾਜ਼ਰ ਹਨ।



# ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਟ

**ਨਵਾਂਸ਼ਹਿਰ (ਮਨੋਜ ਲਾਡੀ)**- ਸੂਬੇ ਵਿਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਤੇ ਲੋਕਾਂ ਦੀ ਵੱਖ-ਵੱਖ ਜਥੇਬੰਦੀਆਂ, ਅਦਾਰਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ



 ਮਦਦ ਦੀ ਲੜੀ ਵਿਚ ਥਿੰਕ ਗੈਸ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੂੰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਦੇਸ਼-ਵਿਦੇਸ਼ ਤੋਂ ਲੋਕਾਂ ਨੇ ਹੜ੍ਹ ਪੀੜਤਾਂ ਅਤੇ ਪ੍ਰਭਾਵਿਤ ਇਲਾਕਿਆਂ ਲਈ ਅੱਗੇ ਆ ਕੇ ਵੱਡੇ ਪੱਧਰ 'ਤੇ ਮਦਦ ਕੀਤੀ ਹੈ ਜੋ ਬੇਹੱਦ ਸ਼ਲਾਹੁਣਯੋਗ ਹੈ।ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ, ਥਿੰਕ ਗੈਸ ਦੇ ਪੰਜਾਬ ਤੇ ਹਿਮਾਚਲ ਦੇ ਜੋਨਲ ਹੈਡ ਵਿਸ਼ਾਲ ਗਿਰੀ ਗੋਸਵਾਮੀ, ਦਰਪਨ ਕੁਮਾਰ ਚੌਧਰੀ, ਕੰਪਨੀ ਦੇ ਜਲੰਧਰ ਤੇ ਕਾਂਗੜਾ ਦੇ ਡਿਪਟੀ ਰੀਜਨਲ ਹੈਂਡ ਜੌਹਨੀ ਸ਼ਰਮਾ ਚੈੱਕ ਭੇਟ ਕਰਨ ਵੇਲੇ ਮੌਜੂਦ ਸਨ।

## ਰਿਟੇਲ ਫਾਰਮੇਸੀ ਐਸੋਸੀਏਸ਼ਨ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਲਈ ਦਵਾਈਆਂ ਦਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਹੜ੍ਹ ਨਾਲ ਪ੍ਰਭਾਵਤ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਰਿਟੇਲ ਫਾਰਮੇਸੀ ਐਸੋਸੀਏਸ਼ਨ ਪਟਿਆਲਾ ਨੇ ਮਨੁੱਖਤਾ ਦੀ ਸੇਵਾ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਚੱਲ ਰਹੇ ਰਾਹਤ ਕੈਂਪਾਂ ਲਈ ਲੋੜੀਂਦੀਆਂ ਦਵਾਈਆਂ ਸਿਹਤ ਵਿਭਾਗ ਨੂੰ ਸਹਾਇਤਾ ਵੱਜੋਂ ਦਾਨ ਦਿੱਤੀਆਂ।ਉਨ੍ਹਾਂ ਵੱਲੋਂ ਭੇਜੀਆਂ ਦਵਾਈਆਂ ਵਿੱਚ ਬੁਖ਼ਾਰ, ਦਸਤ, ਖੰਘ-ਜ਼ੁਕਾਮ, ਐਲਰਜੀ, ਚਮੜੀ ਦੇ ਇਨਫੈਕਸ਼ਨ ਤੇ ਹੋਰ ਆਮ ਬਿਮਾਰੀਆਂ ਦੇ ਇਲਾਜ ਲਈ ਲੋੜੀਂਦੀਆਂ ਦਵਾਈਆਂ ਸ਼ਾਮਲ ਹਨ। ਇਹ ਸਹਾਇਤਾ ਸਿਹਤ ਵਿਭਾਗ ਦੇ ਸਹਿਯੋਗ ਨਾਲ ਪ੍ਰਭਾਵਤ ਲੋਕਾਂ ਤੱਕ ਪਹੁੰਚਾਈ ਜਾਵੇਗੀ। ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਗੁਰਜੀਤ ਸਿੰਘ ਨੇ ਕਿਹਾ ਕਿ ਇਸ ਕੁਦਰਤੀ ਆਫ਼ਤ ਦੇ ਸਮੇਂ ਵਿੱਚ ਪ੍ਰਭਾਵਤ ਲੋਕਾਂ ਦੀ ਸਿਹਤ ਦੀ ਸੁਰੱਖਿਆ ਸਾਡੀ ਸਮਾਜਿਕ ਜ਼ਿੰਮੇਵਾਰੀ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਸਾਡਾ ਇਹ ਯੋਗਦਾਨ ਕਈਆਂ ਦੀ ਜਾਨ ਬਚਾਉਣ ਵਿੱਚ ਮਦਦਗਾਰ ਹੋਵੇਗਾ। ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਵੱਲੋਂ ਰਿਟੇਲ ਫਾਰਮੇਸੀ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਗਿਆ।




## ਹੜ੍ਹ ਪੀੜਤਾਂ ਲਈ ਪਾਣੀ ਤੇ ਮੈਡੀਕਲ ਸਹਾਇਤਾ ਸ਼ੁਰੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ):** ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਰਾਹਤ ਕਾਰਜਾਂ ਨੂੰ ਦੇਖਦੇ ਹੋਏ ਅਮਨਦੀਪ ਹਸਪਤਾਲ ਨੇ ਉਜਾਲਾ ਸਿਗਨਸ ਨਾਲ ਮਿਲ ਕੇ ਪੀੜਤਾਂ ਲਈ ਪੀਣ ਵਾਲੇ ਪਾਣੀ ਦੀ ਸੇਵਾ ਸ਼ੁਰੂ ਕੀਤੀ। ਹਸਪਤਾਲ ਪ੍ਰਬੰਧਨ ਵੱਲੋਂ ਪਾਣੀ ਦੀਆਂ ਬੋਤਲਾਂ ਸਰਹੱਦੀ ਸੁਰੱਖਿਆ ਬਲ ਦੇ ਜਵਾਨਾਂ ਨੂੰ ਸੌਂਪੀਆਂ ਗਈਆਂ, ਤਾਂ ਜੁ ਉਨ੍ਹਾਂ ਨੂੰ ਹੜ੍ਹ ਪ੍ਰਭਾਵਤ ਇਲਾਕਿਆਂ ਤੱਕ ਪਹੁੰਚਾਇਆ ਜਾ ਸਕੇ। ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਕਿਹਾ ਕਿ ਹੁਣ ਬੀ.ਐਸ.ਐਫ. ਦੇ ਸਹਿਯੋਗ ਨਾਲ ਹਰ ਪਿੰਡ ਤੱਕ ਮੈਡੀਕਲ ਸਹਾਇਤਾ ਪੁਚਾਈ ਜਾਵੇਗੀ। ਇਸ ਤਹਿਤ ਵੱਖ-ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਉਪਲਬੱਧ ਕਰਾਈਆਂ ਜਾਣਗੀਆਂ। ਇਸੀ ਕੜੀ ਵਿੱਚ ਜੇ.ਸੀ.ਪੀ. ਇੰਚਾਰਜ ਮਹੇਸ਼ ਵਰਮਾ ਅਤੇ ਬੀ.ਐਸ.ਐਫ. ਅਧਿਕਾਰੀਆਂ ਨਾਲ ਇੱਕ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਪਿੰਡ-ਪਿੰਡ ਮੈਡੀਕਲ ਕੈਂਪ ਲਾਉਣ ਦੀ ਲੋੜ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਹਸਪਤਾਲ ਦੀ ਡਾਇਰੈਕਟਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਅਮਨਦੀਪ ਹਸਪਤਾਲ ਉਜਾਲਾ ਸਿਗਨਸ ਨਾਲ ਮਿਲ ਕੇ ਹਮੇਸ਼ਾ ਸੇਵਾ ਅਤੇ ਸਹਿਯੋਗ ਦੀ ਭਾਵਨਾ ਨਾਲ ਕੰਮ ਕਰਦਾ ਹੈ। ਹੜ੍ਹ ਪੀੜਤਾਂ ਤੱਕ ਚਿਕਿਤਸਾ ਸਹੂਲਤ ਪਹੁੰਚਾਉਣਾ ਸਾਡਾ ਮਨੁੱਖਤਾ ਭਰਿਆ ਫਰਜ਼ ਹੈ ਅਤੇ ਅਸੀਂ ਹਰ ਸੰਭਵ ਸਹਿਯੋਗ ਕਰਦੇ ਰਹਾਂਗੇ। ਡਾ. ਅਭਿਸ਼ੇਕ ਅਰੋੜਾ ਨੇ ਜਾਣਕਾਰੀ ਦਿੱਤੀ ਕਿ ਹਸਪਤਾਲ ਦੀਆਂ ਟੀਮਾਂ ਪੂਰੀ ਤਰ੍ਹਾਂ ਤਿਆਰ ਹਨ ਤੇ ਅਗਲੇ ਪੜਾਅ ਵਿਚ ਸਿਹਤ ਸੇਵਾਵਾਂ ਪਿੰਡ-ਪਿੰਡ ਪੁਚਾਈਆਂ ਜਾਣਗੀਆਂ।



## ਸਿਹਤ ਸਹੂਲਤਾਂ ਦਰੁਸਤ ਕਰਨ ਲਈ ਗਠਿਤ ਕਮੇਟੀ ਵੱਲੋਂ ਮੀਟਿੰਗ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਹਲਕਾ ਸ਼ੁਤਰਾਣਾ ਦੇ ਸਮੁੱਚੇ ਹਸਪਤਾਲ ਡਾਕਟਰਾਂ ਅਤੇ ਦਵਾਈਆਂ ਦੀ ਘਾਟ ਨਾਲ ਜੂਝ ਰਹੇ ਹਨ।ਹਸਪਤਾਲਾਂ ਨੂੰ ਦਰੁਸਤ ਕਰਾਉਣ ਨੂੰ ਲੈ ਕੇ ਸਿਹਤ ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਨੂੰ ਸਮੂਹ ਰਾਜਨੀਤਕ ਪਾਰਟੀਆਂ ਬੁੱਧੀਜੀਵੀਆਂ ਅਤੇ ਸ਼ਹਿਰ ਵਾਸੀਆਂ ਵੱਲੋਂ ਸਮਰਥਨ ਦਿੱਤਾ ਗਿਆ ਹੈ ਤੇ ਕਿਸੇ ਵੀ ਸੰਘਰਸ਼ ਲਈ ਨਾਲ ਖੜਨ ਦਾ ਵਾਅਦਾ ਕੀਤਾ ਹੈ। ਤਰਸੇਮ ਖਾਸਪੁਰੀ ਪ੍ਰਧਾਨ ਸਾਹਿਤ ਸਭਾ ਪਾਤੜਾਂ ਨੇ ਦੱਸਿਆ ਕਿ ਹਲਕੇ ਦੀਆਂ ਰਾਜਨੀਤਕ ਪਾਰਟੀਆਂ ਵਿਚ ਬੱਤਰਾ ਅਕੈਡਮੀ ਵਿਖੇ ਸਿਵਲ ਸੁਸਾਇਟੀ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਹਲਕਾ ਸ਼ੁਤਰਾਣਾ ਦੇ ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਇਲਾਕੇ ਦੀਆਂ ਮੋਹਤਬਰ ਸ਼ਖ਼ਸੀਅਤਾਂ ਨੇ ਆਪਣੇ ਨਿੱਜੀ ਮਸਲਿਆਂ ਤੋਂ ਉਪਰ ਉੱਠ ਕੇ ਇਲਾਕੇ ਦੀ ਬਿਹਤਰੀ ਲਈ ਇੱਕ ਮੰਚ ਸਾਂਝਾ ਕੀਤਾ।ਮੀਟਿੰਗ ਵਿੱਚ ਮੌਜੂਦ ਹਰ ਵਰਗ ਨੇ ਵਿਸ਼ਵਾਸ ਦਵਾਇਆ ਕਿ ਇਲਾਕੇ ਵਿਚ ਜਿਹੜੇ ਵੀ ਹਸਪਤਾਲ ਹਨ, ਉਨ੍ਹਾਂ ਵਿੱਚ ਡਾਕਟਰਾਂ ਦੀ ਤੇ ਦਵਾਈਆਂ ਦੀ ਬਹੁਤ ਵੱਡੀ ਥੁੜ ਹੋਣ ਦੇ ਨਾਲ ਇਲਾਜ ਕਰਨ ਮੌਕੇ ਵਰਤੇ ਜਾਂਦੇ ਉਪਕਰਨਾਂ ਦੀ ਵੀ ਘਾਟ ਹੈ, ਜਿਸ ਕਾਰਨ ਇਲਾਜ ਲਈ ਲੋਕਾਂ ਨੂੰ ਦੂਰ-ਦੁਰਾਡੇ ਦੇ ਮਹਿੰਗੇ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ।ਕਈ ਵਾਰ ਮੌਕੇ 'ਤੇ ਇਲਾਜ ਨਾ ਮਿਲਣ ਸਮੇਂ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਸਮੂਹ ਭਾਈਚਾਰੇ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਕਿਸੇ ਵੀ ਸੰਘਰਸ਼ ਮੌਕੇ ਪੂਰਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਪਟਿਆਲਾ ਜਸਮੇਰ ਸਿੰਘ ਹਰਿਆਉ, ਅਜੀਬ ਸਿੰਘ ਮੌਲੀ, ਅਸ਼ੋਕ ਸ਼ਰਮਾ, ਅਰੁਣ ਸ਼ਰਮਾ, ਦਿਲਬਰ ਖਾਨ ਮਜਲਿਸ ਅਹਰਾਰ ਹਿੰਦ ਦੇ ਜ਼ਿਲ੍ਹਾ ਪ੍ਰਧਾਨ, ਪ੍ਰੋ. ਪ੍ਰਭਜੋਤ ਸਿੰਘ, ਪ੍ਰਿੰਸ ਬਾਂਸਲ, ਅਮਨਦੀਪ ਸਿੰਗਲਾ, ਵਿਨੋਦ ਜਿੰਦਲ, ਡੀ ਸੀ ਸਿੰਗਲਾ, ਮਦਨ ਲਾਲ ਗੋਇਲ, ਸੈਂਟੂ ਮਿੱਤਲ ਭਾਰਤੀਆ ਜਨਤਾ ਪਾਰਟੀ ਆਦਿ ਹਾਜ਼ਰ ਸਨ।



## ਯੂਪੀ ਦੀ ਮੁਸਲਿਮ ਯੁਵਾ ਟੀਮ ਦਾ ਵਫ਼ਦ ਹੜ੍ਹ ਪੀੜਤਾਂ ਦੀ ਮਦਦ ਲਈ ਫ਼ਿਰੋਜ਼ਪੁਰ ਪਹੁੰਚਿਆ

**ਫ਼ਰੀਦਕੋਟ (ਅਮਿਤਜੇਂਦਰ ਗਿੱਲ)** ਪੰਜਾਬ ਵਿੱਚ ਗੰਭੀਰ ਹੜ੍ਹ ਸੰਕਟ ਉਪਰੰਤ ਪਿੰਡ ਕਰ ਵਿਚ ਮੁਰਾਦਾਬਾਦ ਯੂਪੀ ਦੀ ਮੁਸਲਿਮ ਯੁਵਾ ਟੀਮ ਦਾ ਇੱਕ ਵਫ਼ਦ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਸਾਥੀਆਂ ਸਮੇਤ ਰੋਜ਼ਮਰ੍ਹਾ ਦੀ ਜ਼ਰੂਰਤਾਂ ਦਾ ਰਾਸ਼ਨ ਲੈ ਕੇ ਫ਼ਰੀਦਕੋਟ ਮੁਸਲਿਮ ਵੈਲਫੇਅਰ ਸੁਸਾਇਟੀ ਦੇ ਸੰਪਰਕ 'ਚ ਆ ਕੇ ਫ਼ਿਰੋਜ਼ਪੁਰ ਦੇ ਹੁਸੈਨੀਵਾਲਾ ਹਿੰਦੁਸਤਾਨ-ਪਾਕਿਸਤਾਨ ਬਾਰਡਰ ਦੇ ਪਿੰਡ ਗੱਟੀ ਰਾਜੋ ਕੇ ਜ਼ਿਲ੍ਹਾ 'ਚ ਹੜ੍ਹ ਪੀੜਤਾਂ ਦੀ ਮਦਦ ਲਈ ਪਹੁੰਚੇ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਫ਼ਰੀਦਕੋਟ ਦੀ ਮੁਸਲਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਾਜੀ ਦਿਲਾਵਰ ਹੁਸੈਨ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਬਾਰਡਰ ਸਥਿਤ ਪਿੰਡਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਰਹੱਦੀ ਪਿੰਡਾਂ ਦੇ ਹੜ੍ਹ ਵਾਲੇ ਇਲਾਕਿਆਂ ਦਾ ਦੌਰਾ ਕੀਤਾ ਗਿਆ ਸੀ। ਵਫ਼ਦ ਨੇ ਪਾਇਆ ਕਿ ਹੜ੍ਹਾਂ ਨਾਲ ਭਾਰੀ ਨੁਕਸਾਨ ਹੋਇਆ ਹੈ। ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ ਤੇ ਕਈ ਪਿੰਡ ਵੀ ਡੁੱਬ ਗਏ ਹਨ। ਹਾਜੀ ਦਿਲਾਵਰ ਹੁਸੈਨ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਤਰਜੀਹ ਹੈ ਅਤੇ ਮੁਸਲਿਮ ਸਮਾਜ ਜਲਦੀ ਹੀ ਲੋੜਾਂ ਦੀਆਂ ਜ਼ਰੂਰਤਾਂ ਅਨੁਸਾਰ ਪ੍ਰਭਾਵਤ ਖੇਤਰਾਂ ਵਿੱਚ ਹੋਰ ਰਾਹਤ ਸਮੱਗਰੀ ਵੀ ਭੇਜੇਗਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰਾਂ ਨੂੰ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਪਿੰਡ ਕੋਠ ਜ਼ਿਲ੍ਹਾ ਮੁਰਾਦਾਬਾਦ ਯੂਪੀ ਤੋਂ ਮੁੱਹੋ. ਜ਼ਾਹਿਦ, ਅਕਬਰ ਅਲੀ, ਤਸਲੀਮ, ਜ਼ਾਹਿਦ, ਇਕਰਾਮ, ਨਜ਼ੀਰ, ਫ਼ਰਕਾਨ ਸ਼ੁਕਰਾ, ਮੁਹੰਮਦ ਉਸਮਾਨ ਉਰਫ਼ ਰਾਜਾ ਭਈਆ, ਮੁੱਹੋ. ਐਜਾਜ਼, ਰਿਜ਼ਵਾਨ ਅਲਵੀ, ਮੀ ਅਨਸ, ਸਮੀਰ ਅਲੀ, ਮੁਹੰਮਦ ਮੁਸ਼ੱਰ ਤੇ ਫ਼ਰੀਦਕੋਟ ਤੋਂ ਮੁਸਲਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਾਜੀ ਦਿਲਾਵਰ ਹੁਸੈਨ, ਸ਼ਕੀਲ, ਹਨੀਫ਼ ਕੁਰੈਸ਼ੀ, ਮੁੰਨਾ ਖਾਨ, ਇਜ਼ਹਾਰਲੀ, ਅਕਬਰ ਅਲੀ, ਇਕਬਾਲ ਖਾਨ ਅਤੇ ਹੋਰ ਮੈਂਬਰ ਮੀਟਿੰਗ ਵਿੱਚ ਸ਼ਾਮਲ ਸਨ।



## ਪਿੰਡ ਕੁਲਾਨਾ 'ਚ ਬੱਚਿਆਂ ਤੇ ਔਰਤਾਂ ਸੰਬੰਧੀ ਜਾਗਰੂਕਤਾ ਕੈਂਪ ਲਾਇਆ

**ਬੁਢਲਾਡਾ (ਅਸ਼ੋਕ ਲਾਕੜਾ)** ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐਸ. ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਤੇ ਸਿਹਤ ਵਿਭਾਗ ਵੱਲੋਂ ਪਿੰਡ ਕੁਲਾਨਾ ਵਿਖੇ ਸਪੈਸ਼ਲ ਜਾਗਰੂਕਤਾ ਕੈਂਪ ਲਾਇਆ ਗਿਆ। ਕੋਆਰਡੀਨੇਟਰ ਕੁਲਵਿੰਦਰ ਸਿੰਘ ਨੇ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਔਰਤਾਂ ਨੂੰ ਸ਼ਕਤੀਕਰਨ ਬਾਰੇ ਵੀ ਦੱਸਿਆ।ਕਾਊਂਸਲਰ ਰਜਿੰਦਰ ਕੁਮਾਰ ਵਰਮਾ ਨੇ ਬੱਚਿਆਂ ਦੇ ਅਧਿਕਾਰਾਂ ਤੇ ਬੱਚਿਆਂ ਨੂੰ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਪਾਸੋਂ ਮਿਲਣ ਵਾਲੀਆਂ ਸੇਵਾਵਾਂ ਬਾਰੇ ਕਿਹਾ ਕਿ ਬੱਚਿਆਂ ਨਾਲ ਸਬੰਧਤ ਸੇਵਾਵਾਂ ਤੇ ਮੁਸ਼ਕਿਲ ਵਿੱਚ ਮਿਲੇ ਬੱਚੇ ਦੀ ਮਦਦ ਲਈ ਬਾਲ ਭਲਾਈ ਕਮੇਟੀ, ਬੱਚਤ ਭਵਨ ਮਾਨਸਾ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 33 ਵਿਖੇ ਸਥਿਤ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਵਨ ਸਟਾਪ ਸੈਂਟਰ ਬਾਰੇ ਕਿਹਾ ਕਿ ਜੋ ਔਰਤਾਂ ਬਲਾਤਕਾਰ, ਘਰੇਲੂ ਹਿੰਸਾ, ਮਹਿਲਾ ਤਸਕਰੀ, ਦਹੇਜ, ਐਸਿਡ ਅਟੈਕ ਜਾਂ ਸਾਇਬਰ ਕ੍ਰਾਇਮ ਤੋਂ ਪੀੜਤ ਹਨ, ਉਹ ਹੈਲਪ ਲਾਈਨ ਨੰਬਰ 181 'ਤੇ ਮਦਦ ਲੈ ਸਕਦੀਆਂ ਹਨ।

## ਕਾਂਗਰਸ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਲਈ ਮੀਟਿੰਗਾਂ ਦਾ ਆਯੋਜਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸੰਗਠਨ ਸਿਰਜਣ ਸੰਮੇਲਨ ਦੀ ਲੜੀ ਤਹਿਤ ਪਟਿਆਲਾ ਦਿਹਾਤੀ ਦੇ ਬਲਾਕ ਆਲੋਵਾਲ ਅਧੀਨ ਪਿੰਡ ਘਮਰੌਦਾ, ਬਲਾਕ ਤ੍ਰਿਪੜੀ, ਬਿਸ਼ਨ ਨਗਰ ਵਿਖੇ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਲਈ ਮਹੱਤਵਪੂਰਨ ਮੀਟਿੰਗਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਿਕਟਰੀ ਤੇ ਪਟਿਆਲਾ ਜ਼ਿਲ੍ਹਾ ਸ਼ਹਿਰੀ ਦੇ ਅਬਜ਼ਰਵਰ ਸੰਜੇ ਦੱਤ, ਪੀ ਸੀ ਸੀ ਅਬਜ਼ਰਵਰ ਸਿਤਾਰ ਮੋਹੰਮਦ ਲਿਬਰਾ, ਪੀ ਸੀ ਸੀ ਅਬਜ਼ਰਵਰ ਸ਼ਿਵਮ ਸ਼ਰਮਾ (ਸ਼ੂਬੀ), ਪੰਜਾਬ ਯੂਥ ਪ੍ਰਧਾਨ ਮੋਹਿਤ ਮਹਿੰਦਰਾ, ਪਟਿਆਲਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਨਰੇਸ਼ ਦੁੱਗਲ ਨੇ ਖ਼ਾਸ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗਾਂ ਦੌਰਾਨ ਅਬਜ਼ਰਵਰ ਸੰਜੇ ਦੱਤ ਨੇ ਕਿਹਾ ਕਿ ਪਾਰਟੀ ਦੀ ਤਾਕਤ ਉਸ ਦੇ ਵਰਕਰ ਹਨ, ਜਿਸ ਤਹਿਤ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਸਰਕਾਰ ਬਣਨਾ ਨਿਸ਼ਚਿਤ ਹੈ।ਪਿੰਡ ਪੱਧਰ ਤੋਂ ਸ਼ਹਿਰ ਪੱਧਰ ਤੱਕ ਜੇ ਵਰਕਰ ਇਕਜੁਟ ਹੋ ਕੇ ਕੰਮ ਕਰਨ ਤਾਂ ਕੋਈ ਵੀ ਤਾਕਤ ਕਾਂਗਰਸ ਨੂੰ ਰੋਕ ਨਹੀਂ ਸਕਦੀ। ਸੰਮੇਲਨ ਦੌਰਾਨ ਵੱਖ-ਵੱਖ ਬਲਾਕਾਂ 'ਤੇ ਪਿੰਡਾਂ ਤੋਂ ਪਹੁੰਚੇ ਵਰਕਰਾਂ ਨੇ ਆਪਣੀਆਂ ਗੱਲਾਂ ਸਾਹਮਣੇ ਰੱਖਦਿਆਂ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕਿਆਂ ਉੱਤੇ ਵਿਚਾਰ-ਵਟਾਂਦਰਾ ਕੀਤਾ। ਮੋਹਿਤ ਮਹਿੰਦਰਾ ਨੇ ਵੀ ਵਰਕਰਾਂ ਨੂੰ ਹਿੰਮਤ ਦਿੱਤੀ ਕਿ ਪਾਰਟੀ ਦੀ ਸੋਚ ਤੇ ਨੀਤੀਆਂ 'ਤੇ ਲੋਕਾਂ ਦਾ ਭਰੋਸਾ ਜਿੱਤਣ ਲਈ ਸਭ ਮਿਲ ਕੇ ਇੱਕ ਟੀਮ ਵਾਂਗ ਕੰਮ ਕਰਨ।



## ਐਸ ਐਸ ਪੀ ਨੇ ਵਾਤਾਵਰਣ ਸਾਫ਼ ਰੱਖਣ ਲਈ ਬੂਟਾ ਲਾਇਆ

**ਬਠਿੰਡਾ, (ਪਰਵਿੰਦਰ ਜੀਤ ਸਿੰਘ)** ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਐਸਬੀਆਈ ਬੈਂਕ ਦੇ ਸਹਿਯੋਗ ਨਾਲ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਦੇ ਮੰਤਵ ਨਾਲ ਐਸਐਸਪੀ ਦਫ਼ਤਰ ਦੇ ਪਾਰਕ ਵਿੱਚ ਬੂਟਾ ਲਾਇਆ।ਉਨ੍ਹਾਂ ਨਾਲ ਐਸਪੀ ਹੈਡਕੁਆਰਟਰ ਸ੍ਰੀ ਜਗਦੀਸ਼ ਬਿਸ਼ਨੋਈ, ਐਸਪੀ ਇਨਵੈਸਟੀਗੇਸ਼ਨ ਜਸਮੀਤ ਸਿੰਘ ਸਾਹੀਵਾਲ, ਐਸਪੀ ਪੀਬੀਆਈ ਮੈਡਮ ਹੀਨਾ ਗੁਪਤਾ, ਐਸਪੀ ਐਨਡੀਪੀਐਸ ਹਰਵਿੰਦਰ ਸਿੰਘ ਤੋਂ ਇਲਾਵਾ ਐਸਬੀਆਈ ਦੇ ਚੀਫ਼ ਮੈਨੇਜਰ ਸ੍ਰੀ ਸ਼ਾਮ ਨੰਦਨ, ਐਸਬੀਆਈ ਡੀਸੀ ਬ੍ਰਾਂਚ ਬ੍ਰਾਂਚ ਮੈਨੇਜਰ ਸ੍ਰੀ ਲਲਿਤ ਚੁੱਘ ਆਦਿ ਹਾਜ਼ਰ ਸਨ। ਐਸਐਸਪੀ ਨੇ ਰੁੱਖ ਲਗਾ ਕੇ ਵਾਤਾਵਰਣ ਦੀ ਸੰਭਾਲ 'ਤੇ ਜ਼ੋਰ ਦਿੰਦਿਆਂ ਵਾਤਾਵਰਣ ਸੰਤੁਲਨ ਬਣਾਈ ਰੱਖਣ ਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਈ ਰੁੱਖਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਐਸਐਸਪੀ ਨੇ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸ਼ੁੱਧ ਵਾਤਾਵਰਣ ਦੀ ਸਿਰਜਣਾ ਲਈ ਵੱਧ ਤੋਂ ਵੱਧ ਪੌਦੇ ਲਾਏ ਜਾਣ ਅਤੇ ਆਪਣੇ ਆਲੇ-ਦੁਆਲੇ ਦੇ ਸਾਫ-ਸਫ਼ਾਈ ਰੱਖੀ ਜਾਵੇ।



## ਦੇਸ਼ ਭਗਤ ਆਯੁਰਵੈਦਿਕ ਕਾਲਜ 'ਚ ਮਨਾਇਆ ਅਧਿਆਪਕ ਦਿਵਸ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਵਿਖੇ ਅਧਿਆਪਕ ਦਿਵਸ ਮਨਾਉਣ ਲਈ ਇੱਕ ਸ਼ਾਨਦਾਰ ਸਮਾਗਮ ਕੀਤਾ ਗਿਆ। ਇਸ ਪ੍ਰੋਗਰਾਮ ਡਾਇਰੈਕਟਰ ਪ੍ਰੋਫੈਸਰ ਡਾ. ਕੁਲਭੂਸ਼ਣ ਤੇ ਪ੍ਰਿੰਸੀਪਲ ਪ੍ਰੋਫੈਸਰ ਡਾ. ਹੇਮਰਾਜ ਦੀ ਅਗਵਾਈ ਹੇਠ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਕੀਤਾ ਅਤੇ ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ। ਉਨ੍ਹਾਂ ਵਿਦਿਆਰਥੀਆਂ ਵਿੱਚ ਗਿਆਨ ਅਤੇ ਚਰਿੱਤਰ ਨੂੰ ਨਿਖਾਰਨ ਵਿੱਚ ਸਿੱਖਿਅਕਾਂ ਦੀ ਅਨਮੋਲ ਭੂਮਿਕਾ 'ਤੇ ਚਾਨਣਾ ਪਾਇਆ।ਇਸ ਜਸ਼ਨ ਵਿੱਚ ਬੀਏਐਮਐਸ ਦੇ ਵਿਦਿਆਰਥੀਆਂ ਦੁਆਰਾ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਆਪਣੇ ਗੁਰੂਆਂ ਨੂੰ ਗੀਤ, ਨਾਚ ਅਤੇ ਸਕਿੱਟਾਂ ਸਮਰਪਤ ਕੀਤੀਆਂ। ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਡੀਬੀਏਸੀਐਚ ਦੇ ਪ੍ਰਿੰਸੀਪਲ, ਪ੍ਰੋ. ਡਾ. ਹੇਮਰਾਜ ਨੇ ਫੈਕਲਟੀ ਮੈਂਬਰਾਂ ਦੀ ਡੂੰਘੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸਿੱਖਿਆ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਭਵਿੱਖ ਦੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਹੁਨਰ, ਹਮਦਰਦੀ ਤੇ ਵਚਨਬੱਧਤਾ ਨਾਲ ਘੜਨ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਦੀ ਸ਼ਲਾਘਾ ਕੀਤੀ।



## ਜੇ ਕੇ ਐੱਸ ਪਬਲਿਕ ਸਕੂਲ 'ਚ ਕਰਾਏ ਰੰਗੋਲੀ ਮੁਕਾਬਲੇ

**ਗੁਰੂਹਰਸਹਾਏ (ਮਨਜੀਤ ਸਿੰਘ ਢੀਂਡਸਾ)** ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਦੇ ਮੈਂਬਰ ਪਵਨ ਚੌਧਰੀ, ਅਸ਼ੋਕ ਮੋਂਗਾ, ਮਨੋਜ ਛਾਬੜਾ ਤੇ ਸੰਦੀਪ ਮਦਾਨ ਦੇ ਪੂਰਨ ਸਹਿਯੋਗ ਨਾਲ ਜੇ ਕੇ ਐਸ ਪਬਲਿਕ ਸਕੂਲ ਵਿੱਚ ਰੰਗੋਲੀ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਆਪਣੀ ਕਲਾ ਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ। ਰੰਗੋਲੀ ਰੰਗੋਲੀਆਂ ਨੇ ਪੂਰੇ ਸਕੂਲ ਦੇ ਮਾਹੌਲ ਨੂੰ ਹੋਰ ਵੀ ਆਕਰਸ਼ਕ ਅਤੇ ਮਨਮੋਹਕ ਬਣਾ ਦਿੱਤਾ।ਇਸ ਮੁਕਾਬਲੇ ਵਿੱਚ 11ਵੀਂ ਜਮਾਤ ਪਹਿਲੇ, 9ਵੀਂ ਜਮਾਤ ਦੂਜੇ ਤੇ 6ਵੀਂ ਜਮਾਤ ਤੀਜੇ ਸਥਾਨ 'ਤੇ ਆਈ।ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦਿੱਤੇ ਗਏ।ਇਹ ਸਰਟੀਫਿਕੇਟ ਉਨ੍ਹਾਂ ਦੇ ਵਿੱਚ ਵੱਖ-ਵੱਖ ਵਿਦਿਅਕ ਅਤੇ ਸਹਿ-ਵਿਦਿਅਕ ਗਤੀਵਿਧੀਆਂ ਵਿੱਚ ਮਦਦਗਾਰ ਸਾਬਤ ਹੋਣਗੇ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਨੇ ਕਿਹਾ ਕਿ ਅਜਿਹੇ ਮੁਕਾਬਲੇ ਨਾ ਸਿਰਫ਼ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਵਧਾਉਂਦੇ ਹਨ, ਸਗੋਂ ਉਨ੍ਹਾਂ ਵਿੱਚ ਭਾਰਤੀ ਸੱਭਿਆਚਾਰ ਪ੍ਰਤੀ ਪਿਆਰ ਅਤੇ ਟੀਮ ਭਾਵਨਾ ਵੀ ਪੈਦਾ ਕਰਦੇ ਹਨ।ਮਾਨ੍ਹਾ ਨੇ ਹੋ ਕਿ ਇਸ ਤਰ੍ਹਾਂ ਦੇ ਵਿਦਿਆਰਥੀ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।



## ਦੱਦਾਹੂਰ 'ਚ ਇੰਟਰਲਾਕਿੰਗ ਟਾਈਲਾਂ, ਸਬਮਰਸੀਬਲ ਪੰਪ ਦਾ ਕੀਤਾ ਆਰੰਭ

**ਮੋਗਾ (ਇਕਬਾਲ ਸਿੰਘ ਖਹਿਰਾ)** ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਸਰਪੰਚ ਮਨਜੋਤ ਕੌਰ ਤੇ ਗ੍ਰਾਮ ਪੰਚਾਇਤ ਦੇ ਨਾਲ ਮੋਗਾ ਹਲਕੇ ਦੇ ਪਿੰਡ ਦੱਦਾਹੂਰ ਵਿੱਚ 21 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ, ਸਬਮਰਸੀਬਲ ਪੰਪ ਆਦਿ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਬਲਾਕ ਪ੍ਰਧਾਨ ਰਮਨਪ੍ਰੀਤ ਸਿੰਘ, ਸਰਪੰਚ ਦੀਪ ਦਾਰਾਪੁਰ, ਸਰਪੰਚ ਕੁਲਦੀਪ ਸਿੰਘ, ਸਰਪੰਚ ਗੁਰਪ੍ਰੀਤ ਸਿੰਘ ਮੰਗੇਵਾਲਾ, ਸਰਪੰਚ ਸੁਖਵਿੰਦਰ ਸਿੰਘ ਯੂਥ ਆਗੂ, ਪਿੰਡ ਵਾਸੀ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ। ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪਿੰਡਾਂ ਸਮੇਤ ਸ਼ਹਿਰਾਂ ਵਿੱਚ ਸਰਬਪੱਖੀ ਵਿਕਾਸ ਕਾਰਜ ਕਰਾ ਰਹੀ ਹੈ ਅਤੇ ਵੱਧ ਤੋਂ ਵੱਧ ਗ੍ਰਾਂਟਾਂ ਦੇ ਕੇ ਸ਼ਹਿਰਾਂ ਵਾਂਗ ਪਿੰਡਾਂ ਦਾ ਮੂੰਹ-ਮੁਹਾਂਦਰਾ ਬਦਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।



## ਗਿਲਜੇਵਾਲਾ ਸਕੂਲ 'ਚ ਵੱਖ-ਵੱਖ ਜ਼ੋਨਾਂ ਦੇ ਕਰਾਏ ਖੇਡ ਮੁਕਾਬਲੇ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਜਸਪਾਲ ਮੋਗਾ, ਉਪ ਜ਼ਿਲ੍ਹਾ ਸਿੱਖਿਆ ਅਫਸਰ ਰਜਿੰਦਰ ਸੋਨੀ ਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵੱਖ-ਵੱਖ ਜ਼ੋਨਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਗਿਲਜੇਵਾਲਾ ਵਿਖੇ ਮੁਕਾਬਲੇ ਸ਼ੁਰੂ ਕਰਾਏ।ਮੀਡੀਆ ਕੋਆਰਡੀਨੇਟਰ ਤਰਸੇਮ ਸਿੰਘ ਡੀਪੀਈ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਨੈਟਬਾਲ ਮੁਕਾਬਲੇ ਅੰਡਰਵਰਗ 14 ਸਾਲ, ਅੰਡਰ ਵਰਗ 17 ਸਾਲ ਤੇ ਅੰਡਰ ਵਰਗ 19 ਸਾਲ ਲੜਕੇ ਅਤੇ ਲੜਕੀਆਂ ਦੇ ਮੁਕਾਬਲਿਆਂ ਦੀ ਸ਼ੁਰੂਆਤ ਜ਼ਿਲ੍ਹਾ ਨੈਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਸਾਬਕਾ ਜ਼ਿਲ੍ਹਾ ਖੇਡ ਅਫਸਰ ਅਤੇ ਵੱਲੋਂ ਕੀਤੀ ਗਈ।ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰਣਜੀਤ ਸਿੰਘ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਜੀਵਨ ਵਿੱਚ ਦ੍ਰਿੜਤਾ, ਇਮਾਨਦਾਰੀ, ਸਮੇਂ ਦੇ ਪਾਬੰਦ ਰਹਿਣਾ ਤੇ ਸਮਾਜ ਦੇ ਚੰਗੇ ਨਾਗਰਿਕ ਬਣਨ ਵਿੱਚ ਸਹਿਯੋਗ ਦਿੰਦੀਆਂ ਹਨ।ਤਰਸੇਮ ਸਿੰਘ ਡੀਪੀਈ ਦੱਸਿਆ ਕਿ ਅੰਡਰ 14 ਸਾਲ ਵਰਗ ਲੜਕੀਆਂ 'ਚ ਗਿਲਜੇਵਾਲਾ ਪਹਿਲਾ ਸਥਾਨ, ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਨੇ ਦੂਜਾ ਸਥਾਨ ਅਤੇ ਅੰਡਰ 14 ਸਾਲ ਲੜਕੇ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਨੇ ਪਹਿਲਾ ਸਥਾਨ, ਚੱਕ ਗਿਲਜੇਵਾਲਾ ਸੀਨੀਅਰ ਸੈਕੰਡਰੀ ਸਕੂਲ ਨੇ ਦੂਜਾ ਸਥਾਨ, ਮਾਲਵਾ ਸਕੂਲ ਗਿੱਦੜਬਾਹਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ ਵਰਗ 17 ਸਾਲ ਲੜਕੀਆਂ ਚੱਕ ਗਿਲਜੇ ਵਾਲਾ ਨੇ ਪਹਿਲਾ ਸਥਾਨ ਚੱਕ ਗਿਲਜੇਵਾਲਾ ਨੇ ਦੂਜਾ ਸਥਾਨ, ਫੁੱਲੋ ਖੇੜਾ ਨੇ ਤੀਜਾ ਸਥਾਨ ਅਤੇ ਅੰਡਰਵਰਗ 17 ਸਾਲ ਲੜਕੇ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਨੇ ਪਹਿਲਾ ਸਥਾਨ, ਚੱਕ ਗਿਲਜੇਵਾਲਾ ਨੇ ਦੂਜਾ ਸਥਾਨ ਤੇ ਮਾਲਵਾ ਸਕੂਲ ਗਿੱਦੜਬਾਹਾ ਨੇ ਤੀਜਾ ਸਥਾਨ ਹਾਸਲ ਕੀਤਾ। ਨੈਟਵਰਕ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਵੱਲੋਂ ਸਾਰੇ ਖਿਡਾਰੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।



## ਹਾਦਸੇ 'ਚ ਮਰਨ ਵਾਲਿਆਂ ਦੇ ਪਰਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ

**ਮਾਲੇਰਕੋਟਲਾ (ਅਸਗਰ ਪਰਹਾਰ)-** ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਨੇ ਪਿਛਲੇ ਦਿਨੀਂ ਪਿੰਡ ਜਗੇੜਾ ਪੁਲ ਸਰਹਿੰਦ ਨਹਿਰ 'ਤੇ ਵਾਪਰੇ ਦਰਦਨਾਕ ਹਾਦਸੇ ਦੇ ਮ੍ਰਿਤਕਾਂ ਦੇ ਪਰਵਾਰਾਂ ਨੂੰ 2-2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇ ਚੈੱਕ ਤਕਸੀਮ ਕੀਤੇ।ਹਾਦਸੇ ਵਿੱਚ ਪਿੰਡ ਮਾਨਕਹੇੜੀ (ਮਾਣਕਵਾਲ) ਦੇ 10 ਦਲਿਤ ਸ਼ਰਧਾਲੂ, ਜੋ ਨੈਣਾਂ ਦੇਵੀ ਤੋਂ ਪਰਤ ਰਹੇ ਸਨ, ਡੁੱਬਣ ਕਾਰਨ ਦੁੱਖਦਾਈ ਤੌਰ 'ਤੇ ਆਪਣੀ ਜਾਨ ਗੁਆ ਬੈਠੇ ਸਨ।ਇਸ ਮੌਕੇ ਤਹਿਸੀਲਦਾਰ ਮਾਲੇਰਕੋਟਲਾ ਸ੍ਰੀਮਤੀ ਰਿਤੂ ਵੀ ਹਾਜ਼ਰ ਸਨ। ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਪੀੜ੍ਹਤ ਪਰਵਾਰਾਂ ਨੂੰ ਰਾਹਤ ਫੰਡ ਰਾਹੀਂ ਵਿੱਤੀ ਸਹਾਇਤਾ ਮੁਹੱਈਆ ਕਰਾਈ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸਹਾਇਤਾ ਰਾਸ਼ੀ ਹਾਲਾਂਕਿ ਪਰਵਾਰਾਂ ਦੇ ਵਿਛੜੇ ਪਿਆਰਿਆਂ ਨੂੰ ਵਾਪਸ ਨਹੀਂ ਲਿਆ ਸਕਦੀ, ਪਰ ਇਹ ਉਨ੍ਹਾਂ ਦੇ ਭਵਿੱਖੀ ਜੀਵਨ ਵਿੱਚ ਕੁਝ ਹੱਦ ਤੱਕ ਸਹਾਰਾ ਜ਼ਰੂਰ ਦੇਵੇਗੀ। ਵਿਧਾਇਕ ਨੇ ਦੁਖੀ ਪਰਵਾਰਾਂ ਨਾਲ ਡੂੰਘੀ ਸੰਵੇਦਨਾ ਪ੍ਰਗਟਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਨਾਲ ਹਰ ਵੇਲੇ ਖੜੀ ਹੈ ਤੇ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਡਾ. ਜਮੀਲ ਉਰ ਰਹਿਮਾਨ ਨੇ ਭਰੋਸਾ ਦਿਵਾਇਆ ਕਿ ਮੈਂ ਨਿੱਜੀ ਤੌਰ 'ਤੇ ਵੀ ਇਨ੍ਹਾਂ ਪਰਵਾਰਾਂ ਦੇ ਨਾਲ ਹਮੇਸ਼ਾ ਖੜਾ ਰਹਾਂਗਾ ਤੇ ਜ਼ਰੂਰਤ ਪੈਣ 'ਤੇ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ।




## ਹਲਕੇ ਦੇ ਵਿਕਾਸ ਕੰਮਾਂ 'ਤੇ ਤਿੱਖੀ ਨਿਗ੍ਹਾ ਰੱਖੇਗਾ ਧੂਰੀ ਵਿਕਾਸ ਮੰਚ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)** ਧੂਰੀ ਵਿਕਾਸ ਮੰਚ ਵੱਲੋਂ ਧੂਰੀ ਹਲਕੇ ਦੇ ਵਿਕਾਸ ਕਾਰਜਾਂ 'ਤੇ ਗੰਭੀਰਤਾ ਨਾਲ ਨਿਗਰਾਨੀ ਰੱਖਣ ਦਾ ਐਲਾਨ ਕੀਤਾ ਗਿਆ ਹੈ।ਇਸ ਸਬੰਧੀ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ ਤੇ ਜਨਰਲ ਸਕੱਤਰ ਹੰਸ ਰਾਜ ਗਰਗ ਨੇ ਕਿਹਾ ਕਿ ਮੰਚ ਦਾ ਮੁੱਖ ਮਕਸਦ ਹਲਕੇ ਦੇ ਲੋਕਾਂ ਨੂੰ ਚੰਗੀਆਂ ਸਹੂਲਤਾਂ ਮੁਹੱਈਆ ਕਰਾਉਣਾ ਹੈ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ 'ਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਲਾਪ੍ਰਵਾਹੀ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਮੰਚ ਦੇ ਆਗੂਆਂ ਨੇ ਕਿਹਾ ਕਿ ਲੋਕਾਂ ਵੱਲੋਂ ਟੈਕਸ ਦੇ ਰੂਪ 'ਚ ਦਿੱਤੇ ਜਾ ਰਹੇ ਪੈਸੇ ਨਾਲ ਹੀ ਸਰਕਾਰੀ ਵਿਕਾਸ ਕਾਰਜ ਕੀਤੇ ਜਾਂਦੇ ਹਨ।ਇਸ ਲਈ ਇਹ ਪੂਰੀ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਇੱਕ ਕਾਰਜ ਦੀ ਗੁਣਵੱਤਾ ਤੇ ਪਾਰਦਰਸ਼ਤਾ ਬਣਾਈ ਰੱਖੀ ਜਾਵੇ।ਉਨ੍ਹਾਂ ਕਿਹਾ ਕਿ ਜਿੱਥੇ ਵੀ ਅਣਗਹਿਲੀ ਜਾਂ ਲਾਪ੍ਰਵਾਹੀ ਸਾਹਮਣੇ ਆਏਗੀ, ਉਸ ਬਾਰੇ ਮੁੱਖ ਮੰਤਰੀ ਪੰਜਾਬ ਨੂੰ ਨਿੱਜੀ ਤੌਰ 'ਤੇ ਜਾਣੂ ਕਰਾਇਆ ਜਾਵੇਗਾ, ਤਾਂ ਜੁ ਜ਼ਿੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਕੀਤੀ ਜਾ ਸਕੇ। ਆਗੂਆਂ ਨੇ ਕਿਹਾ ਕਿ ਧੂਰੀ ਸ਼ਹਿਰ ਅਤੇ ਹਲਕੇ ਵਿੱਚ ਉਹ ਸਰਕਾਰੀ ਮੁਲਾਜ਼ਮ, ਜੋ ਲੋਕਾਂ ਨੂੰ ਕੰਮ ਕਰਵਾਉਣ ਲਈ ਖੱਜਲ ਖੁਆਰ ਕਰਦੇ ਹਨ, ਉਨ੍ਹਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ। ਇਹ ਸੂਚੀ ਮੁੱਖ ਮੰਤਰੀ ਨੂੰ ਸੌਂਪੀ ਜਾਵੇਗੀ ਤਾਂ ਜੁ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਕੱਟਣ ਤੋਂ ਬਚਾਇਆ ਜਾ ਸਕੇ ਤੇ ਸਰਕਾਰੀ ਸੇਵਾਵਾਂ ਲੋਕਾਂ ਤੱਕ ਆਸਾਨੀ ਨਾਲ ਪਹੁੰਚ ਸਕਣ।ਮੰਚ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਧੂਰੀ ਹਲਕੇ ਦੇ ਨਾਗਰਿਕਾਂ ਦੇ ਹੱਕਾਂ ਅਤੇ ਸਹੂਲਤਾਂ ਦੀ ਰੱਖਿਆ ਲਈ ਉਹ ਹਮੇਸ਼ਾ ਅੱਗੇ ਰਹਿਣਗੇ।

## ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਦੀ ਮੀਟਿੰਗ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੌਬੀ)** ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਦੀ ਮੀਟਿੰਗ ਪੈਨਸ਼ਨਰ ਹੋਮ ਵਿਖੇ ਕੌਂਸਲ ਦੇ ਪ੍ਰਧਾਨ ਅਜਾਇਬ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਸੀਨੀਅਰ ਸਿਟੀਜ਼ਨਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ।ਕੌਂਸਲ ਦੇ ਪ੍ਰਧਾਨ ਸ੍ਰੀ ਮਾਂਗਟ, ਲੈਕਚਰਾਰ ਧਰਮਪਾਲ ਸੋਖਲ ਤੇ ਲੈਕਚਰਾਰ ਲਛਮਣ ਸਿੰਘ ਆਦਿ ਨੇ ਸਰਕਾਰ ਤੋਂ ਮੰਗ ਕੀਤੀ ਕਿ ਚਮਕੌਰ ਸਾਹਿਬ ਇਤਿਹਾਸਕ ਨਗਰ ਨੂੰ ਜੋੜਨ ਵਾਲੀਆਂ ਲਿੰਕ ਸੜਕਾਂ, ਜਿਨ੍ਹਾਂ ਵਿੱਚ ਪਿੰਡ ਭੂਰੜੇ ਰੋਡ, ਸੰਧੂਆਂ ਰੋਡ , ਭੈਰੋਮਾਜਰਾ ਰੋਡ ਆਦਿ ਸਮੇਤ ਹੋਰ ਸੜਕਾਂ, ਜਿਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ, ਨੂੰ ਤੁਰੰਤ ਬਣਾਇਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਸੜਕਾਂ ਤੇ ਘੁੰਮ ਰਹੇ ਅਵਾਰਾ ਪਸ਼ੂਆਂ ਤੇ ਕੁੱਤਿਆਂ ਦਾ ਯੋਗ ਪ੍ਰਬੰਧ ਕਰੇ, ਕਿਉਂਕਿ ਅਵਾਰਾ ਪਸ਼ੂ ਤੇ ਕੁੱਤੇ ਹਮੇਸ਼ਾ ਹਾਦਸਿਆਂ ਦਾ ਕਾਰਨ ਬਣਦੇ ਹਨ।ਮਾਂਗਟ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸੀਨੀਅਰ ਸਿਟੀਜ਼ਨ ਕੌਂਸਲ ਦਾ ਵਿਸਥਾਰ ਕੀਤਾ ਜਾਵੇਗਾ ਤੇ ਉਨ੍ਹਾਂ ਦੀਆਂ ਸਮੱਸਿਆਂਵਾਂ ਦਾ ਹੱਲ ਕਰਨ ਲਈ ਉਪਰਾਲੇ ਕੀਤੇ ਜਾਣਗੇ।



## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਹਫਤਾਵਾਰੀ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਰਾਤਰੀ ਸ਼ਬਦ ਚੌਂਕੀ ਜੱਥਾ, ਸਿੱਖ ਮਿਸ਼ਨਰੀ ਕਾਲਜ ਅਤੇ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਤਿਹਾਸਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹਫਤਾਵਾਰੀ ਸਮਾਗਮ ਆਰੰਭ ਕੀਤੇ ਗਏ ਹਨ। ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਤੇ ਪ੍ਰਬੰਧਕ ਜਸਵਿੰਦਰਪਾਲ ਸਿੰਘ ਬਿੱਲਾ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਹਰ ਬੁੱਧਵਾਰ ਸ਼ਬਦ ਚੌਂਕੀ ਉਪਰੰਤ ਰਾਤ 8.30 ਵਜੇ ਤੋਂ 9.30 ਵਜੇ ਤੱਕ ਜਪੁਜੀ ਸਾਹਿਬ ਪਾਠ, ਸਲੋਕ ਮਹੱਲਾ-9, ਚੌਪਈ ਸਾਹਿਬ ਪਾਠ ਹੋਵੇਗਾ।ਉਨ੍ਹਾਂ ਦੱਸਿਆ ਕਿ ਇਹ ਸਮਾਗਮ ਨਵੰਬਰ ਮਹੀਨੇ ਮਨਾਏ ਜਾਨ ਵਾਲੇ 350 ਸਾਲਾ ਸ਼ਹੀਦੀ ਸ਼ਤਾਬਦੀ ਦਿਹਾੜੇ ਮੌਕੇ ਨਿਰੰਤਰ ਜਾਰੀ ਰਹਿਣਗੇ।ਉਨ੍ਹਾਂ ਸਮੂਹ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਵੱਧ ਤੋਂ ਵੱਧ ਹਾਜ਼ਰੀਆਂ ਭਰਕੇ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਾਰਨ ਦੀ ਬੇਨਤੀ ਵੀ ਕੀਤੀ। ਇਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵੈਲਫੇਅਰ ਕਲੱਬ ਵਲੋਂ ਅਭਿਜੀਤ ਸਿੰਘ ਅਲੈਕਸੀ ਤੇ ਜਪਨਜੋਤ ਸਿੰਘ ਸੈਫ਼ੀ ਦੀ ਅਗਵਾਈ ਵਿਚ ਨੌਜਵਾਨਾਂ ਵਲੋਂ ਲੰਗਰ ਦੀ ਸੇਵਾ ਕੀਤੀ ਗਈ।



## ਧੂਰੀ ਗੇਟ ਮੇਨ ਬਜ਼ਾਰ ਦੇ ਦੁਕਾਨਦਾਰਾਂ ਦੀ ਹੋਈ ਇਕੱਤਰਤਾ

**ਸੰਗਰੂਰ (ਪ੍ਰਵੀਨ ਸਿੰਘ)** ਅਗਰਵਾਲ ਧਰਮਸ਼ਾਲਾ ਵਿਖੇ ਧੂਰੀ ਗੇਟ ਮੇਨ ਬਜ਼ਾਰ ਐਸੋਸੀਏਸ਼ਨ ਦੇ ਸਮੂਹ ਦੁਕਾਨਦਾਰਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਸਮੂਹ ਦੁਕਾਨਦਾਰਾਂ ਨੂੰ ਆ ਰਹੀਆਂ ਮੁਸਕਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਕੁੱਝ ਦੁਕਾਨਦਾਰਾਂ ਨੇ ਦੱਸਿਆ ਕਿ ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਨਾਲੀਆਂ ਦੀ ਸਫਾਈ ਨਾ ਹੋਣ ਕਾਰਨ ਆ ਰਹੀ ਹੈ।ਉਨ੍ਹਾਂ ਕਿਹਾ ਕਿ ਬਜ਼ਾਰ ਦੀਆਂ ਨਾਲੀਆਂ ਦੀ ਸਹੀ ਸਮੇਂ 'ਤੇ ਸਫ਼ਾਈ ਨਹੀਂ ਕੀਤੀ ਜਾਂਦੀ। ਜੇਕਰ ਸਫਾਈ ਕੀਤੀ ਜਾਂਦੀ ਹੈ ਤਾਂ ਸਮੇਂ ਸਿਰ ਗਾਦ ਨਹੀਂ ਚੁੱਕੀ ਜਾਂਦੀ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਕੌਂਸਲ ਪ੍ਰਧਾਨ ਵੱਲੋਂ ਆਪਣੀ ਹਾਜ਼ਰੀ 'ਚ ਕੁੱਝ ਸਮਾਂ ਪਹਿਲਾਂ ਨਾਲੀਆਂ ਦੀ ਸਫ਼ਾਈ ਕਰਾਈ ਸੀ, ਪ੍ਰੰਤੂ ਉਸ ਤੋਂ ਬਾਅਦ ਨਗਰ ਕੌਂਸਲ ਨੇ ਇਨ੍ਹਾਂ ਨਾਲੀਆਂ ਦੀ ਮੁੜ ਕੋਈ ਸਾਰ ਨਹੀਂ ਲਈ ਸਮੂਹ ਦੁਕਾਨਦਾਰਾਂ ਨੇ ਬਸ ਸਟੈਂਡ ਕੋਲ ਵੱਡੇ ਪੱਧਰ 'ਤੇ ਬਰਸਾਤੀ ਪਾਣੀ ਜਮ੍ਹਾਂ ਹੋਣ ਕਾਰਨ ਆ ਰਹੀਆਂ ਮੁਸਕਲਾਂ ਤੇ ਭਾਰੀ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਪਾਣੀ ਜਮ੍ਹਾਂ ਹੋਣ ਸਮੇਂ ਉਨ੍ਹਾਂ ਦੇ ਕਾਰੋਬਾਰ ਬਿਲਕੁੱਲ ਠੱਪ ਹੋ ਜਾਂਦੇ ਹਨ। ਪ੍ਰਸ਼ਾਸਨ ਨੂੰ ਇਸ ਸਮੱਸਿਆ ਦਾ ਸਥਾਈ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਨੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਾ ਕੀਤਾ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਦੁਕਾਨਦਾਰਾਂ ਵੱਲੋਂ ਸ੍ਰੀ ਭੁਪਿੰਦਰ ਸਿੰਘ ਨਹਿਲ ਪ੍ਰਧਾਨ ਨਗਰ ਕੌਂਸਲ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਭਰੋਸਾ ਦੁਆਇਆ ਕਿ ਦੋ-ਤਿੰਨ ਦਿਨਾਂ ਵਿੱਚ ਨਾਲੀਆਂ ਦੀ ਸਫ਼ਾਈ ਦਾ ਮਸਲਾ ਹੱਲ ਕੀਤਾ ਜਾਵੇਗਾ।ਹੋਰ ਸਮੱਸਿਆਵਾਂ ਦੇ ਹੱਲ ਲਈ ਦੁਕਾਨਦਾਰਾਂ ਦੇ ਸੁਝਾਅ ਲਏ ਗਏ।



## ਕ੍ਰਿਸ਼ਨਾ ਬਾਂਸਲ ਦੀ ਯਾਦ ਨੂੰ ਸਮਰਪਤ ਮੈਡੀਕਲ ਕੈਂਪ ਆਯੋਜਤ



**ਸਮਾਣਾ (ਇਕਬਾਲ ਸਿੰਘ ਬੱਲ)** ਮਾਤਾ ਨੈਨਾ ਆਰੀਆ ਧਰਮਸ਼ਾਲਾ 'ਚ ਵਰਲਡ ਕੈਂਸਰ ਕੇਅਰ ਚੈਰੀਟੇਬਲ ਟਰੱਸਟ ਵੱਲੋਂ ਕ੍ਰਿਸ਼ਨਾ ਬਾਂਸਲ ਦੀ ਯਾਦ ਵਿੱਚ ਸਿੰਘ ਸੇਵਾ ਫਾਊਂਡੇਸ਼ਨ ਅਤੇ ਸ੍ਰੀ ਮਹਾਦੇਵ ਰਾਈਸ ਮਿਲ ਦੇ ਸਹਿਯੋਗ ਨਾਲ ਕੈਂਪ ਦਾ ਆਯੋਜਨ ਕੀਤਾ ਗਿਆ।ਡਾਕਟਰ ਕੁਲਵੰਤ ਸਿੰਘ ਧਾਲੀਵਾਲ ਚੇਅਰਮੈਨ ਵਰਲਡ ਕੈਂਸਰ ਨੇ ਦੱਸਿਆ ਕਿ ਵਰਲਡ ਕੈਂਸਰ ਕੇਅਰ ਤੇ ਐਸ ਵੀ ਆਈ ਕਾਰਡ ਵੱਲੋਂ ਕੈਂਸਰ ਜਾਂਚ ਕੀਤੀ ਜਾ ਰਹੀ ਹੈ, ਜਿਸ ਦੌਰਾਨ ਹੱਡੀਆਂ, ਪੀ.ਐਸ.ਏ. ਮੈਮੋਗ੍ਰਾਫੀ, ਪੈਪ ਸਮੀਅਰ ਆਦਿ ਸਾਰੇ ਟੈੱਸਟ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਲੈਬ, ਟੈਕਨੀਕਲ ਸਟਾਫ਼ ਤੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਕੀਤੇ ਗਏ ਹਨ।ਲੇਡੀ ਡਾਕਟਰਾਂ ਦੀ ਟੀਮ ਨੇ ਔਰਤਾਂ ਨੂੰ ਛਾਤੀ ਤੇ ਬੱਚੇਦਾਨੀ ਦੇ ਕੈਂਸਰ ਬਾਰੇ ਜਾਗਰੂਕ ਕਰਕੇ ਚੈੱਕਅਪ ਕੀਤਾ।ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।

## ਈ ਵੀ ਐੱਮ ਬੰਦ ਕਰਕੇ ਬੈਲਟ ਪੇਪਰ ਰਾਹੀਂ ਹੀ ਕਰਾਈਆਂ ਜਾਣ ਹਰ ਤਰ੍ਹਾਂ ਦੀਆਂ ਚੋਣਾਂ : ਭਾਰਤ ਮੁਕਤੀ ਮੋਰਚਾ

**ਮਾਨਸਾ (ਆਤਮਾ ਸਿੰਘ ਪਮਾਰ)** ਦਲਵਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਭਾਰਤ ਮੁਕਤੀ ਮੋਰਚਾ ਨੇ ਦੱਸਿਆ ਕਿ ਪੂਰੇ ਭਾਰਤ ਦੇ ਵਿੱਚ 600 ਜ਼ਿਲ੍ਹਿਆਂ ਦੇ ਵਿੱਚ ਭਾਰਤ ਮੁਕਤੀ ਮੋਰਚਾ, ਬਹੁਜਨ ਮੁਕਤੀ ਪਾਰਟੀ, ਬਹੁਜਨ ਕ੍ਰਾਂਤੀ ਮੋਰਚਾ, ਰਾਸ਼ਟਰੀ ਪਿਛੜਾ ਵਰਗ ਮੋਰਚਾ ਤੇ ਵਿਦਿਆਰਥੀ ਮੋਰਚੇ ਵੱਲੋਂ ਮੰਗ ਪੱਤਰ ਐਸ.ਡੀ.ਐਮ. ਨੂੰ ਸੌਂਪਿਆ ਗਿਆ, ਜਿਸ ਵਿੱਚ ਭਾਰਤੀ ਚੋਣ ਕਮਿਸ਼ਨ ਤੋਂ ਮੰਗ ਕੀਤੀ ਗਈ ਕਿ ਦੇਸ਼ ਭਰ 'ਚ ਹਰ ਤਰ੍ਹਾਂ ਦੀਆਂ ਚੋਣਾਂ ਈ.ਵੀ.ਐੱਮ. ਮਸ਼ੀਨਾਂ ਦੀ ਬਜਾਏ ਬੈਲਟ ਪੇਪਰ ਰਾਹੀਂ ਹੀ ਕਰਾਈਆਂ ਜਾਣ ਤੇ ਇਸ ਵੀ ਐਮ ਬਿਲਕੁਲ ਬੰਦ ਕਰ ਦਿੱਤੀ ਜਾਵੇ।ਇਸ ਤੋਂ ਇਲਾਵਾ ਭਾਰਤ ਦੇ 'ਚ ਓ.ਬੀ.ਸੀ. ਲੋਕਾਂ ਦੀ ਜਾਤੀ ਆਧਾਰਤ ਗਿਣਤੀ ਵੀ ਕਰਾਈ ਜਾਵੇ।ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕੀਤੀ ਜਾਵੇ। ਮਿਲਟਰੀ ਦੀ ਭਰਤੀ ਅਗਨੀਵੀਰ ਦੀ ਥਾਂ ਪਹਿਲਾਂ ਵਾਂਗ ਹੀ ਕੀਤੀ ਜਾਵੇ, ਪੂਰੇ ਦੇਸ਼ 'ਚ ਐਸ.ਸੀ/ਐਸ.ਟੀ/ਓ.ਬੀ.ਸੀ. ਮੁਸਲਮਾਨ, ਬੋਧੀ ਤੇ ਸਿੱਖ ਘੱਟ ਗਿਣਤੀ ਵਰਗ ਉੱਪਰ ਹੋ ਰਹੇ ਅੱਤਿਆਚਾਰ ਬੰਦ ਕੀਤੇ ਜਾਣ। ਕਿਸਾਨਾਂ ਨੂੰ ਐਮ.ਐਸ.ਪੀ.ਦੀ ਗਰੰਟੀ ਦਿੰਦਾ ਕਾਨੂੰਨ ਬਣਾਇਆ ਜਾਵੇ।ਪੰਜਾਬ 'ਚ ਮਨਰੇਗਾ ਦਾ ਕੰਮ ਪੂਰੀ ਤਰ੍ਹਾਂ ਠੱਪ ਪਿਆ ਹੈ, ਜਿਸ ਨੂੰ ਤੁਰੰਤ ਚਾਲੂ ਕਰਨ ਲਈ ਚਾਰਾਜੋਈ ਕੀਤੀ ਜਾਵੇ।ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਮਜ਼ਦੂਰਾਂ ਤੇ ਕਿਸਾਨਾਂ ਦਾ ਜੋ ਨੁਕਸਾਨ ਹੋਇਆ ਹੈ, ਉਸਦਾ ਢੁੱਕਵਾਂ ਮੁਆਵਜ਼ਾ ਵੀ ਦਿੱਤਾ ਜਾਵੇ।ਮਾਨਸਾ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਗ਼ਰੀਬ ਲੋਕਾਂ ਦੇ ਘਰ ਢਹਿ ਗਏ ਹਨ, ਉਸ ਦਾ ਸਰਵੇ ਕਰਕੇ ਉਨ੍ਹਾਂ ਨੂੰ 10 ਲੱਖ ਰੁਪਏ ਪ੍ਰਤੀ ਮਕਾਨ ਦਿੱਤਾ ਜਾਵੇ।



## ਅਪਾਹਜ ਵਿਅਕਤੀ ਨੂੰ ਟਰਾਈ ਸਾਈਕਲ ਦਿੱਤੀ

**ਆਨੰਦਪੁਰ ਸਾਹਿਬ (ਅਰਵਿੰਦਰ ਵਿੰਦਰ ਸਿੰਘ ਬਿੰਦੀ)** ਕੈਲਾਸ਼ ਮਾਨਵ ਕਲਿਆਣ ਸੋਸਾਇਟੀ ਰਜਿ ਵੱਲੋਂ ਸਮਾਜ ਭਲਾਈ ਦੇ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਅਪਾਹਜ ਸੁਖਚਰਨ ਸਿੰਘ ਨੂੰ ਟ੍ਰਾਈ ਸਾਈਕਲ ਦਿੱਤੀ।ਕੈਲਾਸ਼ ਮਾਨਵ ਕਲਿਆਣ ਸੁਸਾਇਟੀ ਦੇ ਪ੍ਰਧਾਨ ਡਾ ਸੌਰਭ ਸ਼ਰਮਾ, ਮੀਤ ਪ੍ਰਧਾਨ ਡਾ. ਕੰਚਨ ਸ਼ਰਮਾ, ਸਚਿਨ ਬਸੀ ਡਾਕਟਰ ਰਿਸ਼ਭ ਹੈੱਡ ਮਾਸਟਰ ਰਾਜਨ ਹਰੀਸ਼ ਮੌਕੇ 'ਤੇ ਮੌਜੂਦ ਰਹੇ। ਕੈਲਾਸ਼ ਮਾਨਵ ਕਲਿਆਣ ਸੁਸਾਇਟੀ ਦੇ ਪ੍ਰਧਾਨ ਡਾ. ਸੌਰਭ ਸ਼ਰਮਾ ਨੇ ਕਿਹਾ ਕਿ ਕੈਲਾਸ਼ ਮਾਨਵ ਕਲਿਆਣ ਸੁਸਾਇਟੀ ਵੱਲੋਂ ਲਗਾਤਾਰ ਸਮਾਜ ਭਲਾਈ ਦੇ ਕੰਮ ਕੀਤੇ ਜਾ ਰਹੇ ਨੇ।ਜ਼ਰੂਰਤ ਅਨੁਸਾਰ ਪਿੰਡਾਂ ਵਿੱਚ ਮੈਡੀਕਲ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਪਿੰਡਾਂ ਵਿੱਚ ਹੜ੍ਹ ਨਾਲ ਪ੍ਰਭਾਵਤ ਹਲਕਾ ਵਾਸੀਆਂ ਲਈ ਕੈਲਾਸ਼ ਮਲਟੀ ਸਪੈਸ਼ਲਿਟੀ ਹਸਪਤਾਲ਼ ਲੋਧੀਪੁਰ ਦੇ ਦਰਵਾਜ਼ੇ ਹਮੇਸ਼ਾ ਹੀ ਖੁੱਲ੍ਹੇ ਨੇ ਜ਼ਰੂਰਤ ਅਨੁਸਾਰ ਜ਼ਰੂਰੀ ਸੇਵਾਵਾਂ ਮੁਹੱਈਆ ਕਰਾਈਆਂ ਜਾ ਰਹੀਆਂ ਨੇ। ਉਨ੍ਹਾਂ ਕਿਹਾ ਕਿ ਅਪਾਹਜ ਲੋਕਾਂ ਦੇ ਲਈ ਟਰਾਈਸਾਇਕਲ ਕੰਨਾਂ ਦੀਆਂ ਮਸ਼ੀਨਾਂ ਵੀ ਵੰਡੀਆਂ ਜਾ ਰਹੀਆਂ ਨੇ।




## ਆਧਾਰ ਕਾਰਡਾਂ 'ਤੇ ਪੰਜਾਬੀ ਲਿਖਣ ਦੇ ਨਿਰਦੇਸ਼ ਜਾਰੀ : ਕਾ. ਸੇਖੋਂ

**ਬਠਿੰਡਾ (ਬਖਤੌਰ ਢਿੱਲੋਂ)** ਪੰਜਾਬ ਵਿੱਚ ਬਣਾਏ ਜਾ ਰਹੇ ਆਧਾਰ ਕਾਰਡਾਂ ਉੱਪਰ ਪੰਜਾਬੀ ਦੀ ਥਾਂ ਹਿੰਦੀ ਭਾਸ਼ਾ ਦੀ ਵਰਤੋਂ ਕਰਨ ਤੇ ਸੁਆਲ ਚੁਕਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ. ਸੁਖਵਿੰਦਰ ਸਿੰਘ ਸੇਖੋਂ ਸੰਬੰਧਤ ਵਿਭਾਗ ਨੂੰ ਲਿਖੇ ਇੱਕ ਪੱਤਰ ਦੇ ਜਵਾਬ ਵਿੱਚ ਜਾਣੂ ਕਰਾਇਆ ਹੈ ਕਿ 'ਤੁਹਾਡੀ ਚਿੰਤਾ ਜਾਇਜ਼ ਹੈ ਤੇ ਪੰਜਾਬ ਵਿੱਚ ਬਣਾਏ ਜਾਣ ਵਾਲੇ ਆਧਾਰ ਕਾਰਡਾਂ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਲਈ ਹੁਕਮ ਜਾਰੀ ਕੀਤੇ ਗਏ ਹਨ।' ਕੁੱਝ ਦਿਨ ਪਹਿਲਾਂ ਕਾ: ਸੇਖੋਂ ਨੇ ਵਿਭਾਗ ਕੋਲ ਇਹ ਇਤਰਾਜ਼ ਉਠਾਇਆ ਸੀ ਕਿ ਪੰਜਾਬ ਵਿੱਚ ਜਾਰੀ ਕੀਤੇ ਜਾਣ ਵਾਲੇ ਆਧਾਰ ਕਾਰਡਾਂ 'ਚੋਂ ਪੰਜਾਬੀ ਭਾਸ਼ਾ ਨੂੰ ਹਟਾਇਆ ਜਾ ਰਿਹਾ ਹੈ, ਜੋ ਠੀਕ ਨਹੀਂ ਹੈ। ਪੱਤਰ ਦੇ ਜੁਆਬ ਵਿੱਚ ਵਿਭਾਗ ਨੇ ਲਿਖਿਆ ਹੈ ਕਿ ਇਸ ਸਮੇਂ ਆਧਾਰ ਵੱਖ ਵੱਖ ਰਾਜਾਂ ਦੀਆਂ 16 ਖੇਤਰੀ ਭਾਸ਼ਾਵਾਂ ਦੇ ਨਾਲ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਛਾਪਿਆ ਜਾਂਦਾ ਹੈ। ਆਧਾਰ ਸਾਫਟਵੇਅਰ ਵਿੱਚ ਵਰਤੀਆਂ ਜਾਂਦੀਆਂ ਇਨ੍ਹਾਂ ਭਾਸ਼ਾਵਾਂ ਵਿੱਚ ਪੰਜਾਬੀ ਵੀ ਇੱਕ ਖੇਤਰੀ ਭਾਸ਼ਾ ਹੈ। ਪੰਜਾਬ ਰਾਜ ਵਿੱਚ ਆਧਾਰ ਪ੍ਰੋਜੈਕਟ ਤੇ ਕੰਮ ਕਰ ਰਹੇ ਰਜਿਸਟਰਾਰਾਂ ਨੂੰ ਇਸ ਸਬੰਧੀ ਜ਼ਰੂਰੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

## 'ਪਿੰਡ ਗੱਗੜ 'ਚ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸੰਬੰਧੀ ਕੈਂਪ ਲਾਇਆ

**ਗਿੱਦੜਬਾਹਾ (ਜਸਵੰਤ ਸਿੰਘ ਗਿੱਲ)** ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਯੋਗ ਅਗਵਾਈ ਹੇਠ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਵਿਭਾਗ ਬਲਾਕ ਲੰਬੀ ਦੀ ਟੀਮ ਵੱਲੋਂ ਪਿੰਡ ਗੱਗੜ ਵਿਖੇ ਸਾਉਣੀ ਦੀਆਂ ਫ਼ਸਲਾਂ ਵਿੱਚ ਖਾਦ ਅਤੇ ਕੀਟ ਪ੍ਰਬੰਧਨ ਅਤੇ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਸੰਬੰਧੀ ਅਗਾਊਂ ਵਿਉਂਤਬੰਦੀ ਕਰਨ ਸਬੰਧੀ ਬਲਾਕ ਪੱਧਰੀ ਕੈਂਪ ਲਾਇਆ ਗਿਆ।ਕੈਂਪ ਦੀ ਪ੍ਰਧਾਨਗੀ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ ਵੱਲੋਂ ਕੀਤੀ ਗਈ।ਖੇਤੀਬਾੜੀ ਅਫ਼ਸਰ ਬਲਾਕ ਲੰਬੀ ਡਾ. ਵਿਜੇ ਸਿੰਘ ਵੱਲੋਂ ਕੈਂਪ ਵਿੱਚ ਆਏ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੈਂਪ ਦੀ ਕਾਰਵਾਈ ਆਰੰਭ ਕਰਵਾਈ। ਇਸ ਮੌਕੇ ਡਾ. ਗੁਰਜੀਤ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਲੰਬੀ ਵੱਲੋਂ ਕਿਸਾਨਾਂ ਨੂੰ ਨਰਮੇ ਦੀ ਫ਼ਸਲ ਵਿੱਚ ਖਾਦ ਪ੍ਰਬੰਧਨ, ਕੀਟ ਪ੍ਰਬੰਧਨ ਤੇ ਮੀਂਹ ਦੇ ਮੌਸਮ ਵਿੱਚ ਫਸਲ ਦੀ ਸੰਭਾਲ ਸਬੰਧੀ ਅਹਿਮ ਨੁਕਤੇ ਕਿਸਾਨਾਂ ਨਾਲ ਸਾਂਝੇ ਕੀਤੇ।ਡਾ. ਸੁਖਚੈਨ ਸਿੰਘ ਖੇਤੀਬਾੜੀ ਵਿਕਾਸ ਅਫਸਰ ਲੰਬੀ ਵੱਲੋਂ ਝੋਨੇ ਦੀ ਫ਼ਸਲ ਵਿੱਚ ਖਾਦ ਪ੍ਰਬੰਧਨ ਸਬੰਧੀ ਅਹਿਮ ਜਾਣਕਾਰੀ ਕਿਸਾਨਾਂ ਨੂੰ ਦਿੱਤੀ। ਡਾ. ਕਰਨਜੀਤ ਸਿੰਘ ਪੀ.ਡੀ.ਆਤਮਾ ਵੱਲੋਂ ਬਾਸਮਤੀ ਦੀ ਫਸਲ ਵਿੱਚ ਖੇਤੀ ਖਰਚੇ ਘੱਟ ਕਰਨ ਸਬੰਧੀ ਜਾਣਕਾਰੀ ਕਿਸਾਨਾਂ ਨੂੰ ਦਿੱਤੀ ਗਈ।ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਵੱਲੋਂ ਕਿਸਾਨਾਂ ਨੂੰ ਮਹਿਕਮੇ ਦੀਆਂ ਕਿਸਾਨਾਂ ਨੂੰ ਦਿੱਤੀਆ ਜਾ ਰਹੀਆਂ ਸੇਵਾਵਾਂ ਜਿਵੇ ਕਿ ਕਿਸਾਨ ਹੈਲਪ ਡੈਸਕ, ਸਬਸਿਡੀ ਸਬੰਧੀ ਸਕੀਮਾਂ ਦੀ ਜਾਣਕਾਰੀ ਦਿੱਤੀ ਤੇ ਕਿਸਾਨਾਂ ਨੂੰ ਮਹਿਕਮੇ ਨਾਲ ਰਾਬਤਾ ਰੱਖਣ ਦੀ ਅਪੀਲ ਕੀਤੀ।



## ਸਵਦੇਸ਼ੀ ਜਾਗਰਣ ਮੰਚ, ਬੀ ਐਸ ਐਫ ਤੇ ਏਮਜ਼ ਨੇ ਕੈਂਪ ਲਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਹੁਸੈਨੀਵਾਲਾ ਖੇਤਰ ਵਿਚ ਸਵਦੇਸ਼ੀ ਜਾਗਰਣ ਮੰਚ, ਏਮਜ਼ ਬਠਿੰਡਾ ਤੇ ਬੀਐੱਸਐੱਫ ਦੀ 155ਵੀਂ ਬਟਾਲੀਅਨ ਵੱਲੋਂ ਇੱਕ ਮੈਗਾ ਮੈਡੀਕਲ ਕੈਂਪ ਹਜ਼ਾਰਾ 'ਚ ਆਯੋਜਨ ਕੀਤਾ ਗਿਆ। ਕੈਂਪ ਦਾ ਮੁੱਖ ਉਦੇਸ਼ ਹੜ੍ਹ ਪ੍ਰਭਾਵਤ ਤੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸੀ। ਇਸ ਕੈਂਪ ਵਿੱਚ ਕਰੀਬ 500 ਤੋਂ ਵੱਧ ਪਿੰਡ ਵਾਸੀਆਂ ਨੇ ਆਪਣਾ ਇਲਾਜ ਕਰਵਾਇਆ ਅਤੇ ਸਿਹਤ ਸੁਵਿਧਾਵਾਂ ਦਾ ਲਾਭ ਉਠਾਇਆ। ਕੈਂਪ ਦਾ ਰਸਮੀ ਉਦਘਾਟਨ ਬੀਐਸਐਫ 155ਵੀਂ ਬਟਾਲੀਅਨ ਦੇ ਕਮਾਂਡੈਂਟ ਐਸ. ਐਨ. ਗੋਸਵਾਮੀ ਨੇ ਕੀਤਾ। ਇਸ ਮੌਕੇ 'ਤੇ ਬੀਐੱਸਐੱਫ ਦੇ ਅਧਿਕਾਰੀ, ਡੂਨ ਜੂਨੀਅਰ ਸਕੂਲ ਦੀ ਪ੍ਰਿੰਸੀਪਲ ਆਮਨਾ ਗੁਪਤਾ, ਸਿਵਲ ਸਰਜਨ ਡਾ. ਰਾਜਵਿੰਦਰ ਕੌਰ ਤੇ ਸਵਦੇਸ਼ੀ ਜਾਗਰਣ ਮੰਚ ਦੇ ਕਈ ਪ੍ਰਮੁੱਖ ਮੈਂਬਰ ਮੌਜੂਦ ਸਨ। ਇਸ ਕੈਂਪ ਵਿੱਚ ਅੱਖਾਂ, ਚਮੜੀ, ਹੱਡੀਆਂ, ਅਤੇ ਇਸਤਰੀ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਸੇਵਾਵਾਂ ਦਿੱਤੀਆਂ। ਬੀਐੱਸਐੱਫ ਵੱਲੋਂ ਡਾ. ਸੁਨੀਲ ਕੁਮਾਰ ਅਤੇ ਡਾ. ਆਸਥਾ ਬੇਦੀ ਅਤੇ ਏਮਜ਼ ਬਠਿੰਡਾ ਵੱਲੋਂ ਡਾ. ਪ੍ਰਕਾਸ਼, ਡਾ. ਨਿਖਿਲ ਅਤੇ ਡਾ. ਗਗਨਦੀਪ ਸਮੇਤ ਪੂਰੀ ਮੈਡੀਕਲ ਟੀਮ ਨੇ ਇਸ ਕੈਂਪ ਨੂੰ ਸਫਲ ਬਣਾਇਆ। ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਕਮਾਂਡੈਂਟ ਗੋਸਵਾਮੀ ਨੇ ਕਿਹਾ ਕਿ ਬੀਐਸਐਫ ਨੇ ਸੰਕਟ ਦੀ ਇਸ ਘੜੀ ਵਿਚ ਨਾ ਸਿਰਫ਼ ਰਾਹਤ ਕਾਰਜਾਂ ਵਿੱਚ ਭਾਗ ਲਿਆ, ਸਗੋਂ ਪਿੰਡਾਂ ਦੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਵਿੱਚ ਵੀ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਈ। ਸਵਦੇਸ਼ੀ ਜਾਗਰਣ ਮੰਚ ਦੇ ਪ੍ਰਾਂਤ ਪ੍ਰਚਾਰ ਪ੍ਰਮੁੱਖ ਅਰੁਣ ਬੇਰੀ ਨੇ ਦੱਸਿਆ ਕਿ ਮੰਚ ਸੇਵਾ ਨੂੰ ਸਭ ਤੋਂ ਉੱਪਰ ਰੱਖਦੇ ਹੋਏ ਲਗਾਤਾਰ ਰਾਹਤ ਕਾਰਜਾਂ ਵਿਚ ਜੁਟਿਆ ਹੋਇਆ ਹੈ। ਕੈਂਪ ਨੂੰ ਸਫਲ ਬਣਾਉਣ ਵਿਚ ਫ਼ਿਰੋਜ਼ਪੁਰ ਫਾਊਂਡੇਸ਼ਨ, ਬੀਐਸਐਫ, ਏਮਜ਼ ਬਠਿੰਡਾ ਅਤੇ ਮੀਡੀਆ ਨੇ ਵੀ ਯੋਗਦਾਨ ਦਿੱਤਾ। ਅੰਤ ਵਿੱਚ ਸਵਦੇਸ਼ੀ ਜਾਗਰਣ ਮੰਚ ਦੇ ਡਾ. ਤਰੁਣ ਜੈਨ ਨੇ ਸਾਰੀਆਂ ਸੰਸਥਾਵਾਂ ਤੇ ਪਿੰਡ ਹਜ਼ਾਰਾ ਦੇ ਸਰਪੰਚ ਬਿੱਲਾ ਸਿੰਘ ਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।



## ਮਾਤਾ ਗੁਜਰੀ ਕਾਲਜ 'ਚ ਰੈਗਿੰਗ ਵਿਰੁੱਧ ਜਾਗਰੂਕਤਾ ਤੇ ਕੁਇਜ਼ ਮੁਕਾਬਲੇ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਮਾਤਾ ਗੁਜਰੀ ਕਾਲਜ ਦੇ ਜੌਗਰਫ਼ੀ ਤੇ ਖੇਤੀਬਾੜੀ ਵਿਭਾਗ ਵੱਲੋਂ ਸਾਂਝੇ ਤੌਰ 'ਤੇ ਰੈਗਿੰਗ ਵਿਰੁੱਧ ਜਾਗਰੂਕਤਾ 'ਤੇ ਆਨਲਾਈਨ ਕੁਇਜ਼ ਮੁਕਾਬਲਾ ਕਰਾਇਆ ਗਿਆ।ਇਸ ਮੁਕਾਬਲੇ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ 105 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਮੁਕਾਬਲੇ ਵਿੱਚ ਵਿਸ਼ੇਸ਼ ਤੌਰ 'ਤੇ ਰੈਗਿੰਗ ਵਿਰੋਧੀ ਜਾਗਰੂਕਤਾ ਅਤੇ ਰੋਕਥਾਮ 'ਤੇ ਕੇਂਦਰਤ ਪ੍ਰਸ਼ਨ ਸ਼ਾਮਲ ਸਨ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਸਿਹਤਮੰਦ ਵਿੱਦਿਅਕ ਵਾਤਾਵਰਣ ਵਿੱਚ ਰੈਗਿੰਗ ਦੀ ਕੋਈ ਜਗ੍ਹਾ ਨਹੀਂ ਹੈ ਤੇ ਜਾਗਰੂਕਤਾ ਰੋਕਥਾਮ ਵਿੱਚ ਪਹਿਲਾ ਕਦਮ ਹੈ।ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਨਾ ਕੇਵਲ ਵਿਦਿਆਰਥੀਆਂ ਦੀ ਰਚਨਾਤਮਕ ਪ੍ਰਤਿਭਾ ਨੂੰ ਨਿਖਾਰਦੇ ਹਨ, ਬਲਕਿ ਕਾਲਜ ਵਿਖੇ ਸੁਰੱਖਿਅਤ ਤੇ ਸਤਿਕਾਰਪੂਰਨ ਮਾਹੌਲ ਬਣਾਈ ਰੱਖਣ ਲਈ ਸਾਡੀ ਸਾਂਝੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰਦੇ ਹਨ। ਜੌਗਰਫ਼ੀ ਵਿਭਾਗ ਦੇ ਮੁਖੀ ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ ਨੇ ਸਕਾਰਾਤਮਕ ਕੈਂਪਸ ਸੱਭਿਆਚਾਰ ਨੂੰ ਆਕਾਰ ਦੇਣ ਵਿੱਚ ਰੈਗਿੰਗ ਵਿਰੋਧੀ ਪਹਿਲਕਦਮੀਆਂ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ।

## ਸੀਨੀਅਰ ਸਿਟੀਜ਼ਨ ਕੌਂਸਲ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)** ਸੀਨੀਅਰ ਸਿਟੀਜ਼ਨ ਕੌਂਸਲ ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਸਰਦਾਰੀ ਲਾਲ ਕਾਮਰਾ ਦੀ ਪ੍ਰਧਾਨਗੀ ਹੇਠ ਸਕੱਤਰੇਤ ਵਿਖੇ ਸੀਨੀਆਰ ਸਿਟੀਜ਼ਨ ਡੇਅ ਕੇਅਰ ਸੈਂਟਰ ਵਿਖੇ ਹੋਈ।ਮੀਟਿੰਗ ਦੇ ਆਰੰਭ 'ਚ ਸ੍ਰੀ ਕਾਮਰਾ ਨੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਾਨੂੰ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੰਤਵ ਲਈ ਮਹੀਨੇ ਦੇ ਆਖਰੀ ਸ਼ਨੀਵਾਰ ਨੂੰ ਜਰਨਲ ਬਾਡੀ ਦੀ ਮੀਟਿੰਗ ਵਿੱਚ ਵਿਚਾਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਬਜ਼ੁਰਗਾਂ ਨੂੰ ਦਰਪੇਸ਼ ਮੁਸ਼ਕਲਾਂ ਸਬ ਕਮੇਟੀ ਸਾਹਮਣੇ ਪੇਸ਼ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਧੀਆਂ-ਪੁੱਤਰ ਬਜ਼ੁਰਗਾਂ ਦੀ ਜਾਇਦਾਦ ਦੇ ਵਾਰਿਸ ਬਣਨ ਲਈ ਮਾਪਿਆਂ ਦੀ ਸੇਵਾ ਕਰਨ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਜ਼ੁਰਗਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਈਆਂ ਜਾਣ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਹਸਪਤਾਲਾਂ ਵਿੱਚ ਬਜ਼ੁਰਗਾਂ ਲਈ ਵੱਖਰੇ ਕਾਊਂਟਰ ਖੋਲ੍ਹੇ ਜਾਣ।ਉਨ੍ਹਾਂ ਰੇਲਵੇ ਮਹਿਕਮੇ ਨੂੰ ਅਪੀਲ ਕੀਤੀ ਕਿ ਬਜ਼ੁਰਗਾਂ ਨੂੰ ਕਿਰਾਏ ਵਿੱਚ 50% ਛੋਟ ਬਹਾਲ ਕੀਤੀ ਜਾਵੇ। ਇਸ ਮੌਕੇ ਅਵਤਾਰ ਸਿੰਘ ਨੇ ਮੰਚ ਸੰਚਾਲਨ ਦੀ ਸੇਵਾ ਨਿਭਾਈ।ਕੌਂਸਲ ਦੇ ਸਰਪ੍ਰਸਤ ਗੁਰਦਰਸ਼ਨ ਸਿੰਘ ਸੋਢੀ ਤੇ ਇੰਜ ਗੁਰਦੀਪ ਸਿੰਘ ਬਰਾੜ, ਡਾ. ਹਰਪ੍ਰੀਤ ਸਿੰਘ, ਗੁਰਚਰਨ ਸਿੰਘ ਸੁਪਰਡੈਂਟ ਨੇ ਵੀ ਆਪਣੇ ਆਪਣੇ ਸੁਝਾਅ ਦਿੱਤੇ।



# ਸੋਨੇ ਦੀਆਂ ਵਾਲੀਆਂ ਲਾਹ ਕੇ ਝਪਟਮਾਰ ਫਰਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਇਥੇ ਨੈਸ਼ਨਲ ਹਾਈਵੇ ਰੋਡ ਧਾਰੀਵਾਲ-ਗੁਰਦਾਸਪੁਰ ਉਪਰ ਪੈਂਦੇ ਅੱਡਾ ਸੋਹਲ ਨੇੜੇ ਮੋਟਰਸਾਈਕਲ ਸਵਾਰ ਦੋ ਝਪਟਮਾਰਾਂ ਨੇ ਇੱਕ ਔਰਤ ਦੇ ਕੰਨਾਂ ਵਿੱਚੋਂ ਸੋਨੇ ਦੀਆਂ ਵਾਲੀਆਂ ਲਾਹ ਕੇ ਪਤੀ-ਪਤਨੀ ਨੂੰ ਧੱਕਾ ਮਾਰ ਕੇ ਮੋਟਰਸਾਈਕਲ ਤੋਂ ਸੁੱਟ ਕੇ ਜ਼ਖਮੀ ਕਰ ਦੇਣ ਦੀ ਖਬਰ ਹੈ। ਜ਼ਖਮੀ ਔਰਤ ਰਾਜਵਿੰਦਰ ਕੌਰ ਵਾਸੀ ਪਿੰਡ ਸੋਹਲ ਨੇ ਦੱਸਿਆ ਕਿ ਉਹ ਪਾਵਰਕਾਮ ਵਿਭਾਗ ਦੇ ਐਕਸੀਅਨ ਦਫਤਰ ਧਾਰੀਵਾਲ ਵਿੱਚ ਬਤੌਰ ਕਲਰਕ ਡਿਊਟੀ ਕਰਦੀ ਹੈ। ਉਹ 8 ਸਤੰਬਰ ਨੂੰ ਆਪਣੀ ਡਿਊਟੀ ਖਤਮ ਹੋਣ ਦੇ ਬਾਅਦ ਆਪਣੇ ਪਤੀ ਰਛਪਾਲ ਸਿੰਘ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਪਿੰਡ ਸੋਹਲ ਜਾ ਰਹੀ ਸੀ। ਪਿੰਡ ਸੋਹਲ ਨੂੰ ਜਾਂਦੇ ਸਮੇਂ ਜਦੋਂ ਉਹ ਪਟਰੋਲ ਪੰਪ ਸੋਹਲ (ਅੱਡਾ ਸੋਹਲ) ਥੋੜਾ ਪਿੱਛੇ ਪਹੁੰਚੇ ਤਾਂ ਪਿੱਛੋਂ ਆਏ ਮੋਟਰਸਾਈਕਲ ਸਵਾਰ ਦੋ ਝਪਟਮਾਰਾਂ ਨੇ ਝਪਟ ਮਾਰ ਮੇਰੇ ਕੰਨਾਂ ਵਿੱਚ ਪਈਆਂ ਸੋਨੇ ਦੀਆਂ ਦੀ ਵਾਲੀਆਂ ਲਾਹ ਲਈਆਂ ਅਤੇ ਸਾਡੇ ਮੋਟਰਸਾਈਕਲ ਨੂੰ ਧੱਕਾ ਦੇ ਕੇ ਫਰਾਰ ਹੋ ਗਏ। ਅਸੀਂ ਪਤੀ-ਪਤਨੀ) ਮੋਟਰਸਾਈਕਲ ਸਮੇਤ ਸੜਕ ਵਿੱਚ ਡਿੱਗ ਜਾਣ ਕਾਰਨ ਜ਼ਖਮੀ ਹੋ ਗਏ। ਲੋਕਾਂ ਨੇ ਗੁਰਦਾਸਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਪਹੁੰਚਾਇਆ। ਰਾਜਵਿੰਦਰ ਕੌਰ ਦੇ ਪਤੀ ਰਛਪਾਲ ਸਿੰਘ ਨੇ ਦੱਸਿਆ ਕਿ ਥਾਣਾ ਧਾਰੀਵਾਲ ਦੀ ਪੁਲਸ ਨੂੰ ਲਿਖਤੀ ਦਰਖਾਸਤ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ ਕਿ ਝਪਟਮਾਰਾਂ ਨੂੰ ਜਲਦ ਗ੍ਰਿਫਤਾਰ ਕਰਕੇ ਸੋਨੇ ਦੀਆਂ ਵਾਲੀਆਂ ਵਾਪਿਸ ਕਰਵਾਈਆਂ ਜਾਣ।



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਰੋਸ ਪ੍ਰਦਰਸ਼ਨ

## * ਡੀ ਸੀ ਰਾਹੀਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

ਧਾਰੀਵਾਲ (ਗੁਰਦਾਸਪੁਰ), (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਹੜ੍ਹਾਂ ਦੀ ਮਾਰ ਹੇਠ ਆਏ ਬੇਜ਼ਮੀਨੇ-ਸਾਧਨਹੀਣ ਕਿਰਤੀਆਂ ਦੀ ਘੋਰ ਅਣਦੇਖੀ ਕਰਨ ਬਦਲੇ ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਗੁਰੂ ਨਾਨਕ ਪਾਰਕ ਵਿਖੇ ਸਾਥੀ ਮੇਜਰ ਸਿੰਘ ਕੋਟ ਟੋਡਰ ਮੱਲ, ਮਨੀਰ ਮਸੀਹ ਸਤਕੋਹਾ, ਪ੍ਰੇਮ ਮਸੀਹ ਸੋਨਾ, ਧੀਰ ਸਿੰਘ ਚਿਤੌੜਗੜ੍ਹ, ਬਿਮਲ ਕੌਰ ਦੀ ਪ੍ਰਧਾਨਗੀ ਹੇਠ ਇਕੱਤਰ ਹੋ ਕੇ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਗੈਰ ਹਾਜ਼ਰੀ ਵਿੱਚ ਸੁਪਰਡੈਂਟ ਵਿਜੇ ਕੁਮਾਰ ਦੇ ਰਾਹੀਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ।ਮੁਜ਼ਾਹਰਾਕਾਰੀ ਕਿਰਤੀ ਜ਼ੋਰਦਾਰ ਨਾਅਰਿਆਂ ਰਾਹੀਂ ਹੜ੍ਹਾਂ 'ਚ ਮਾਰੇ ਜਾਣ ਵਾਲਿਆਂ ਦੇ ਵਾਰਸਾਂ ਨੂੰ ਪ੍ਰਤੀ ਪਰਿਵਾਰ 25 ਲੱਖ ਰੁਪਏ ਮੁਆਵਜ਼ਾ ਤੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਮੰਗ ਕਰ ਰਹੇ ਸਨ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਰਾਜ ਕੁਮਾਰ ਪੰਡੋਰੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸ਼ਮਸ਼ੇਰ ਸਿੰਘ ਨਵਾਂ ਪਿੰਡ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਦਲਬੀਰ ਭੋਲਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਸੰਜੀਵ ਮਿੰਟੂ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹੰਸਾ ਸਿੰਘ ਬਟਾਲਾ ਨੇ ਕਿਹਾ ਕਿ ਹੜ੍ਹ ਕੁਦਰਤੀ ਆਫਤ ਨਾ ਹੋ ਕੇ ਸਰਕਾਰਾਂ ਦੀ ਅਣਗਹਿਲੀ, ਚੌਤਰਫਾ ਕੁਰੱਪਸ਼ਨ ਤੇ ਲੋਕ ਹਿਤਾਂ ਦੀ ਅਣਦੇਖੀ ਕਰਨ ਦੀ ਮਾਰੂ ਪਹੁੰਚ 'ਚੋਂ ਉਪਜੀ 'ਮਨੁੱਖ ਸਿਰਜੀ ਮੁਸੀਬਤ' ਹੈ।ਪੰਜਾਬ ਦੇ ਮੁੱਖ ਮੰਤਰੀ ਨੇ ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਦਾ ਐਲਾਨ ਕਰਦਿਆਂ ਬੇਜ਼ਮੀਨੇ-ਸਾਧਨਹੀਣ ਕਿਰਤੀਆਂ ਤੇ ਦਲਿਤਾਂ ਦਾ ਨਾਂ ਤੱਕ ਲੈਣਾ ਵੀ ਮੁਨਾਸਿਬ ਨਹੀਂ ਸਮਝਿਆ।ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਉਕਤ ਕਿਰਤੀ ਮਾਰੂ, ਦਲਿਤ ਵਿਰੋਧੀ ਪਹੁੰਚ ਆਪ ਸਰਕਾਰ ਬਣਦੇ ਵੇਲੇ ਤੋਂ ਹੀ ਚੱਲੀ ਆ ਰਹੀ ਹੈ।ਆਗੂਆਂ ਨੇ ਮੰਗ ਕੀਤੀ ਕਿ ਇਨਸਾਨੀ ਮੌਤਾਂ ਲਈ ਘੱਟੋ ਘੱਟ 25 ਲੱਖ ਰੁਪਏ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਗਰਾਂਟ ਵਜੋਂ ਦਿੱਤੀ ਜਾਵੇ, ਮਰੇ ਦੁਧਾਰੂ ਪਸ਼ੂਆਂ ਦਾ ਪ੍ਰਤੀ ਪਸ਼ੂ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਤੋਂ ਇਲਾਵਾ ਫ਼ਸਲਾਂ, ਜ਼ਮੀਨਾਂ ਵਗੈਰਾ ਦੀ ਬਰਬਾਦੀ ਨੂੰ ਝੱਲਣ ਵਾਲੇ ਲੋਕਾਂ ਦੇ ਨੁਕਸਾਨ ਦੀ ਸੌ ਫ਼ੀਸਦੀ ਪੂਰਤੀ ਕੀਤੀ ਜਾਵੇ।ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਤੇ ਹੋਏ ਘਰੇਲੂ ਸਮਾਨ ਦੇ ਨੁਕਸਾਨ ਦੀ ਭਰਪਾਈ ਵਾਸਤੇ 50 ਹਜ਼ਾਰ ਪ੍ਰਤੀ ਪਰਿਵਾਰ ਮੁਆਵਜ਼ਾ ਦਿੱਤਾ ਜਾਵੇ।ਖਾਧ ਖੁਰਾਕ ਦੀਆਂ ਜ਼ਰੂਰੀ ਵਸਤਾਂ ਅਤੇ ਦਵਾਈਆਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਜਾਣ, ਫੌਰੀ ਰਾਹਤ ਵਜੋਂ ਸਭਨਾਂ ਪ੍ਰਭਾਵਿਤ ਲੋਕਾਂ ਲਈ ਤਰਪਾਲਾਂ ਵਗੈਰਾ ਦਾ ਪ੍ਰਬੰਧ ਕੀਤਾ ਜਾਵੇ।ਇਲਾਵਾ ਹੜ੍ਹਾਂ ਤੋਂ ਪਿੱਛੋਂ ਫੈਲਣ ਵਾਲੀਆਂ ਬੀਮਾਰੀਆਂ ਦੀ ਅਗਾਊਂ ਰੋਕਥਾਮ ਦੇ ਪੁਖਤਾ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਹੈ।ਭਾਰੀ ਬਾਰਸ਼ਾਂ ਹੋਣ ਦੀ ਪੇਸ਼ੀਨਗੋਈ ਹੋ ਜਾਣ ਦੇ ਬਾਵਜੂਦ ਦਰਿਆਵਾਂ, ਡਰੇਨਾਂ, ਧੁੱਸੀ ਬੰਨ੍ਹ ਤੇ ਫਲੱਡ ਗੇਟਾਂ ਵਗੈਰਾ ਦੀ ਕੀਤੀ ਜਾਣ ਵਾਲੀ ਪਰਖ ਪੜਤਾਲ, ਸਫਾਈ, ਮੁਰੰਮਤ ਵਗੈਰਾ ਕਰਨ ਵਿੱਚ ਭਾਰੀ ਅਣਗਹਿਲੀ ਤੇ ਕੋਤਾਹੀ ਕਰਨ ਵਾਲੀ ਸਿਆਸੀ ਲੀਡਰਸ਼ਿਪ ਅਤੇ ਅਫ਼ਸਰਸ਼ਾਹੀ ਦੀ ਪਛਾਣ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।ਦਰਿਆਵਾਂ, ਨਦੀਆਂ, ਨਾਲਿਆਂ, ਵੇਈਆਂ ਆਦਿ ਦੇ ਕੰਢਿਆਂ ਦੀ ਲਗਾਤਾਰ ਦੇਖ ਭਾਲ, ਮਜ਼ਬੂਤੀ ਅਤੇ ਸਾਫ ਸਫਾਈ ਲਈ ਪੱਕੇ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇ।ਮੌਜੂਦਾ ਸਮੇਂ ਨੁਕਸਾਨੀਆਂ ਸੜਕਾਂ, ਸਕੂਲਾਂ, ਕਾਲਜਾਂ ਦੀ ਮੁੜ ਉਸਾਰੀ ਤੇ ਮੁਰੰਮਤ ਤੋਂ ਇਲਾਵਾ ਦਰਿਆਵਾਂ ਨਦੀਆਂ ਨਾਲਿਆਂ ਆਦਿ ਦੇ ਬੰਨ੍ਹਾਂ ਦੀ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ, ਅਤੇ ਮਜ਼ਦੂਰਾਂ ਦੀ ਦਿਹਾੜੀ ਪ੍ਰਤੀ ਦਿਨ 700ਰੁਪਏ ਦਿੱਤੀ ਜਾਵੇ, ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਸਿਰ ਚੜ੍ਹੇ, ਸਰਕਾਰੀ, ਸਹਿਕਾਰੀ ਅਤੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਭਨਾਂ ਕਰਜ਼ਿਆਂ ਨੂੰ ਮਾਫ਼ ਕੀਤਾ ਜਾਵੇ।



# ਕੁੱਟਮਾਰ ਕਰਨ ਦੇ ਦੋਸ਼ 'ਚ 5 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਦੇ ਦੋਸ਼ਾਂ ਹੇਠ 5 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਮੀਰ ਪੁੱਤਰ ਦੇਸਾ ਮਸੀਹ ਵਾਸੀ ਦਾਊਵਾਲ ਨੇ ਦੱਸਿਆ ਕਿ 30 ਅਗਸਤ ਨੂੰ ਮੈਂ ਆਪਣੇ ਸਾਥੀ ਹਰੂਨ ਨਾਲ ਜਿੰਮ ਕਰਕੇ ਵਾਪਸ ਆ ਰਿਹਾ ਸੀ ਕਿ ਸਮਾਂ ਰਾਤ 8 ਵਜੇ ਦੇ ਕਰੀਬ ਜਦ ਉਹ ਨੇਪਾਲੀ ਚਿਕਨ ਹਾਊਸ ਜੀ. ਟੀ. ਰੋਡ ਪੁਰਾਣਾ ਸ਼ਾਲਾ ਦੇ ਨਜ਼ਦੀਕ ਪੁੱਜਾ ਤਾਂ ਅਲੀਸਾ ਮਸੀਹ ਪੁੱਤਰ ਹਰਜੀਤ ਮਸੀਹ, ਲਵ ਮਸੀਹ ਪੁੱਤਰ ਪ੍ਰੇਮ ਮਸੀਹ, ਸੁਖਰਾਜ ਸਿੰਘ ਪੁੱਤਰ ਜਸ ਵਾਸੀ ਦਾਊਵਾਲ ਅਤੇ 2 ਹੋਰ ਨਾ-ਮਾਲੂਮ ਵਿਅਕਤੀਆਂ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਨੂੰ ਜ਼ਖਮੀ ਕਰ ਦਿੱਤਾ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਜ਼ੇਰੇ ਧਾਰਾ 115 (2), 118 (1), 191(3), 190 ਬੀਐੱਨਐੱਸ ਤਹਿਤ ਮਾਮਲਾ ਦਰਜ ਕਰਕੇ ਕਥਿਤ ਦੋਸ਼ੀਆ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਝਗੜੇ ਦਾ ਕਾਰਨ ਪੁਰਾਣੀ ਰੰਜਿਸ਼ ਦੱਸੀ ਜਾ ਰਹੀ ਹੈ।

# ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਿਸ ਨੇ ਦਾਜ-ਦਹੇਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਤੇ ਕੀਤੀ ਜਾਂਚ ਪੜਤਾਲ ਦੌਰਾਨ ਉਪ ਕਪਤਾਨ ਪੁਲਿਸ ਨੇ ਪਾਇਆ ਕਿ ਪੀੜਤਾ ਦਾ ਵਿਆਹ ਮਿਤੀ 2 ਅਕਤੂਬਰ 2022 ਨੂੰ ਬਲਜਿੰਦਰ ਸਿੰਘ ਪ੍ਰਿੰਸ ਪੁੱਤਰ ਉਮ ਪ੍ਰਕਾਸ ਵਾਸੀ ਬੇਰੀਆਂ ਦੀਨਾਨਗਰ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਬਲਜਿੰਦਰ ਸਿੰਘ ਨੇ ਦਹੇਜ ਦੀ ਖਾਤਰ ਪੀੜਤਾ ਨੂੰ ਤੰਗ ਪ੍ਰੇਸਾਨ ਕਰਨਾ ਸੁਰੂ ਕਰ ਦਿੱਤਾ ਅਤੇ ਦਹੇਜ ਵਿਚ 5 ਲੱਖ ਰੁਪਏ ਤੇ ਕਾਰ ਦੀ ਮੰਗ ਪੂਰੀ ਨਾਂ ਹੋਣ 'ਤੇ ਪੀੜਤ ਲੜਕੀ ਨੂੰ ਘਰੋਂ ਕੱਢ ਦਿੱਤਾ ਜੋ ਆਪਣੇ ਪੇਕੇ ਘਰ ਰਹਿ ਰਹੀ ਹੈ। ਥਾਣਾ ਦੀਨਾਨਗਰ ਪੁਲਸ ਨੇ ਪੀੜਤਾ ਦੇ ਪਤੀ ਬਲਜਿੰਦਰ ਸਿੰਘ ਖ਼ਿਲਾਫ਼ ਜ਼ੇਰੇ ਧਾਰਾ 498 ਏ, 406 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਡਾ. ਓਬਰਾਏ ਦੀਆਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਚੱਲ ਰਹੀਆਂ ਸੇਵਾਵਾਂ ਸ਼ਲਾਘਾਯੋਗ : ਏ ਡੀ ਸੀ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਲੋੜਵੰਦਾਂ ਦੇ ਮਸੀਹੇ ਵੱਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ. ਪੀ. ਸਿੰਘ ਓਬਰਾਏ ਵੱਲੋਂ ਅੱਜ ਪ੍ਰਸ਼ਾਸਨ ਦੇ ਸਹਿਯੋਗ ਨਾਲ ਅਜਨਾਲਾ ਹਲਕੇ ਦੇ ਹੜ੍ਹ ਪ੍ਰਭਾਵਿਤ ਤਿੰਨ ਪਿੰਡਾਂ ਅੰਦਰ ਕਰੀਬ 30 ਕੁਇੰਟਲ ਸੁੱਕਾ ਰਾਸ਼ਨ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ ਅਤੇ ਐੱਸਡੀਐੱਮ ਅਜਨਾਲਾ ਸ ਰਵਿੰਦਰ ਸਿੰਘ ਅਰੋੜਾ ਦੀ ਮੌਜੂਦਗੀ ਵਿੱਚ ਵੰਡਿਆ ਗਿਆ। ਇਸ ਸਬੰਧੀ ਗੱਲਬਾਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ ਅਤੇ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਅਜਨਾਲਾ ਖੇਤਰ ਦੇ ਬਹੁਤ ਸਾਰੇ ਪਿੰਡ ਇਸ ਸਮੇਂ ਹੜ੍ਹਾਂ ਕਾਰਨ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਹੇ ਹਨ ਜਿਸ ਦੌਰਾਨ ਬਹੁਤ ਸਾਰੀਆਂ ਸਮਾਜ ਸੇਵੀ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਪ੍ਰਸ਼ਾਸਨ ਨੂੰ ਵੱਡਾ ਸਹਿਯੋਗ ਦੇ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਅੱਜ ਹੜ੍ਹ ਪ੍ਰਭਾਵਿਤ ਪਿੰਡ ਨੰਗਲ ਸੋਹਲ, ਗੱਗੜ ਤੇ ਪੰਜਗਰਾਈਂ ਵਾਹਲਾ ਦੇ ਵਸਨੀਕਾਂ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ.ਸਿੰਘ ਉਬਰਾਏ ਦੇ ਵੱਡੇ ਸਹਿਯੋਗ ਨਾਲ ਸੁੱਕਾ ਰਾਸ਼ਨ ਵੰਡਿਆ ਗਿਆ ਹੈ।ਇਸ ਉਪਰਾਲੇ ਲਈ ਉਨ੍ਹਾਂ ਡਾ. ਓਬਰਾਏ ਦੇ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਜਾ ਰਹੇ ਸਮੁੱਚੇ ਸੇਵਾ ਕਾਰਜ ਸ਼ਲਾਘਾਯੋਗ ਹਨ।ਜ਼ਿਕਰਯੋਗ ਹੈ ਕਿ ਇਸ ਮੌਕੇ ਬਾਬਾ ਜਗਜੀਤ ਸਿੰਘ ਜੀ ਬੜੂ ਸਾਹਿਬ ਵਾਲਿਆਂ ਵੱਲੋਂ ਹੜ੍ਹ ਪੀੜਤਾਂ ਨੂੰ ਗੱਦੇ ਤੇ ਹੋਰ ਲੋੜੀਂਦਾ ਸਾਮਾਨ ਵੀ ਵੰਡਿਆ ਗਿਆ।ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਸੁੱਕੇ ਰਾਸ਼ਨ ਤੋਂ ਇਲਾਵਾ ਪਸ਼ੂਆਂ ਦਾ ਚਾਰਾ, ਦਵਾਈਆਂ, ਫੌਗਿੰਗ ਮਸ਼ੀਨਾਂ, ਮੱਛਰਦਾਨੀਆਂ ਤੇ ਤਰਪਾਲਾਂ ਆਦਿ ਸਮਾਨ ਵੀ ਦਿੱਤਾ ਜਾ ਰਿਹਾ ਹੈ।ਇਸ ਮੌਕੇ ਤਹਿਸੀਲਦਾਰ ਅਜਨਾਲਾ ਅਮਿਤਾਬ ਤਿਵਾੜੀ, ਤਹਿਸੀਲਦਾਰ ਆਸ਼ੀਸ਼ਪਾਲ ਸਿੰਗਲਾ ਸਮੇਤ ਹੋਰ ਅਧਿਕਾਰੀ ਤੇ ਇਲਾਕਾ ਨਿਵਾਸੀ ਮੌਜੂਦ ਸਨ।



# ਕੁਹਾੜ ਵਿਖੇ 48ਵਾਂ ਕਬੱਡੀ ਕੱਪ ਅਤੇ ਧਾਰਮਿਕ ਸਮਾਗਮ ਆਯੋਜਿਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਕੁਹਾੜ ਵਿਖੇ ਸਮੂਹ ਨਗਰ ਵਾਸੀ ਸੰਗਤਾਂ ਅਤੇ ਗ੍ਰਾਮ ਪੰਚਾਇਤ ਵੱਲੋਂ ਐਨਆਰਆਈ ਵੀਰਾਂ ਸਹਿਯੋਗ ਨਾਲ ਸੰਤ ਬਾਬਾ ਹਜਾਰਾ ਸਿੰਘ ਦੀ ਯਾਦ ਨੂੰ ਸਮਰਪਿਤ 48ਵਾਂ ਸਾਲਾਨਾ ਕਬੱਡੀ ਕੱਪ ਅਤੇ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਬੰਧ ਵਿੱਚ ਲੜਵਾਰ ਪਾਠਾਂ ਦੇ ਭੋਗ ਉਪਰੰਤ ਗੁਰਦੁਆਰਾ ਸਹਿਬ ਵਿਖੇ ਧਾਰਮਿਕ ਸਮਾਗਮ ਦੌਰਾਨ ਰਾਗੀ, ਢਾਡੀ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰਨੀ ਪ੍ਰਧਾਨ ਤੇ ਵਿਧਾਨ ਸਭਾ ਹਲਕਾ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਅਜਿਹੇ ਧਾਰਮਿਕ ਸਮਾਗਮ ਅਤੇ ਖੇਡ ਮੇਲੇ ਆਪਸੀ ਭਾਈਚਾਰਕ ਸਾਂਝ ਦੇ ਪ੍ਰਤੀਕ ਹੁੰਦੇ ਹਨ। ਉਨ੍ਹਾਂ ਨੇ ਨੌਜਵਾਨਾਂ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਵੱਲ ਵਧੇਰ ਰੁਚੀ ਰੱਖਣ ਲਈ ਪ੍ਰੇਰਿਤ ਕੀਤਾ। ਕਬੱਡੀ ਟੂਰਨਾਮੈਂਟ ਦੌਰਾਨ ਵਡਾਲਾ ਗ੍ਰੰਥੀਆਂ ਦੀ ਕਬੱਡੀ ਟੀਮ ਨੇ ਔਲਖਾਂ ਦੀ ਕਬੱਡੀ ਦੀ ਟੀਮ ਹਰਾਇਆ। ਕਬੱਡੀ ਮੁਕਾਬਲੇ ਵਿੱਚ ਮਨੀਲਾ ਟੀਮ ਨੇ ਜਰਮਨ ਟੀਮ ਨੂੰ 4 ਅੰਕਾਂ ਦੇ ਫਰਕ ਨਾਲ ਹਰਾਇਆ। ਲੜਕੀਆਂ ਦੇ ਕਬੱਡੀ ਸ਼ੋਅ ਮੈਚ ਵਿੱਚ ਮਾਲਵਾ ਕਬੱਡੀ ਕਲੱਬ ਜਗਰਾਓਂ (ਲੜਕੀਆਂ) ਦੀ ਟੀਮ ਨੇ ਮਾਝਾ ਕਬੱਡੀ ਕਲੱਬ ਗੁਰਦਾਸਪੁਰ (ਲੜਕੀਆਂ) ਦੀ ਟੀਮ ਨੂੰ ਡੇਢ ਅੰਕਾਂ ਦੇ ਫਰਕ ਨਾਲ ਹਰਾਇਆ। ਲੜਕਿਆਂ ਦੇ ਕਬੱਡੀ ਸ਼ੋਅ ਮੈਚ ਵਿੱਚ ਨਾਨਕਸਰ ਕਬੱਡੀ ਕਲੱਬ ਗੁਰਦਾਸਪੁਰ ਦੀ ਟੀਮ ਨੇ ਬਾਬਾ ਬਿਧੀ ਚੰਦ ਕਬੱਡੀ ਕਲੱਬ ਫਰੰਦੀਪੁਰ ਦੀ ਟੀਮ ਨੂੰ 14 ਅੰਕਾਂ ਦੇ ਫਰਕ ਨਾਲ ਹਰਾਇਆ। ਟੂਰਨਾਮੈਂਟ ਦੌਰਾਨ ਕਮੈਂਟਰ ਪ੍ਰਕਾਸ਼ ਸਿੰਘ ਠੱਕਰਸੰਧੂ ਤੇ ਮਨਜੀਤ ਸਿੰਘ ਬੁੱਲਟ ਨੇ ਹੱਲਾਸ਼ੇਰੀ ਦੇ ਬੋਲਾਂ ਦੁਆਰਾ ਕਮੈਂਟਰੀ ਦੀ ਡਿਊਟੀ ਬਾਖੂਬੀ ਨਿਭਾਈ। ਇਨਾਮਵੰਡ ਸਮਾਗਮ 'ਚ ਮੁੱਖ ਮਹਿਮਾਨ ਸਬ ਇੰਸਪੈਕਟਰ ਰਜਵੰਤ ਕੌਰ ਐੱਸਐੱਚਓ ਥਾਣਾ ਸੇਖਵਾਂ ਅਤੇ ਮੇਲਾ ਪ੍ਰਬੰਧਕਾਂ ਵਲੋਂ ਜੇਤੂਆਂ ਨੂੰ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਪ੍ਰਬੰਧਕ ਕਮੇਟੀ ਅਤੇ ਪਿੰਡ ਦੇ ਮੌਜੂਦਾ ਸਰਪੰਚ ਸਮੇਤ ਸਮੁੱਚੀ ਪੰਚਾਇਤ ਤੋਂ ਇਲਾਵਾ ਸਰਪੰਚ ਦੇ ਪਤੀ ਗੁਰਮੀਤ ਸਿੰਘ, ਬਲਰਾਜ ਸਿੰਘ, ਸੰਸਾਰ ਪ੍ਰਸਿੱਧ ਸ਼ਾਇਰ ਸੁਲੱਖਣ ਸਰਹੱਦੀ, ਲੇਖਕ ਕੁਲਵੰਤ ਸਿੰਘ ਕੋਹਾੜਵਾਲਾ, ਮੁਖਤਿਆਰ ਸਿੰਘ, ਐੱਨਆਰਆਈ ਗੁਰਪ੍ਰੀਤ ਸਿੰਘ ਗੋਪੀ ਇਟਲੀ, ਯਾਦਵਿੰਦਰ ਸਿੰਘ, ਡਾਕਟਰ ਬਲਜੀਤ ਸਿੰਘ, ਮਾਸਟਰ ਸੁਰਿੰਦਰ ਸਿੰਘ ਕੁਹਾੜ, ਏਐਸਆਈ ਪਰਮਜੀਤ ਸਿੰਘ ਜੌਹਲ, ਥਾਣਾ ਸੇਖਵਾਂ ਦੇ ਮੁੱਖ ਮੁਨਸ਼ੀ ਦਲਜੀਤ ਸਿੰਘ, ਸਰਪੰਚ ਮਲਕੀਤ ਸਿੰਘ ਕੋਟ ਬੁੱਢਾ ਸਮੇਤ ਇਲਾਕਾ ਭਰ ਤੋਂ ਲੋਕ ਹਾਜ਼ਰ ਸਨ।



# ਆਰ ਜੀ ਆਰ ਸੈੱਲ/ਟੀ ਐੱਨ ਸੀ ਨੇ ਵੱਖ-ਵੱਖ ਪਿੰਡਾਂ 'ਚ ਕੈਂਪ ਲਗਾਏ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਆਰ. ਜੀ. ਆਰ. ਸੈੱਲ ਅਤੇ ਟੀ. ਐੱਨ. ਸੀ. ਵੱਲੋਂ ਚਲਾਏ ਜਾ ਰਹੇ ਪ੍ਰਾਣਾ ਪ੍ਰੋਜੈਕਟ ਦੇ ਅਧੀਨ ਡਾਇਰੈਕਟਰ ਬਲਜਿੰਦਰ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਵੱਖ ਵੱਖ ਪਿੰਡਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ। ਇਹ ਕੈਂਪ ਖੇਤਰੀ ਪ੍ਰਬੰਧਕ ਬਲਜਿੰਦਰ ਸਿੰਘ ਅਤੇ ਜ਼ਿਲਾ ਇੰਚਾਰਜ ਜੋਧਬੀਰ ਸਿੰਘ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ। ਇਸ ਕੈਂਪ ਦੌਰਾਨ ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਨੂੰ ਲੱਗਣ ਵਾਲੀਆਂ ਬਿਮਾਰੀਆਂ ਅਤੇ ਕੀੜੇ ਮਕੌੜੇ ਤੋਂ ਸਮੇਂ ਸਿਰ ਬਚਾਅ ਕਰਨ ਬਾਰੇ ਦੱਸਿਆ ਗਿਆ।ਇਸ ਦੌਰਾਨ ਬੀਮਾਰੀਆਂ ਦੀ ਰੋਕਥਾਮ ਲਈ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀਆਂ ਦਵਾਈਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਬੈਨ ਦਵਾਈਆਂ ਦੀ ਵਰਤੋਂ ਨਾ ਕਰਨ ਲਈ ਕਿਸਾਨਾਂ ਨੂੰ ਸੁਚੇਤ ਕੀਤਾ ਗਿਆ। ਇਸ ਤੋਂ ਇਲਾਵਾ ਮਿੱਟੀ ਦੀ ਸੰਭਾਲ ਲਈ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਖੇਤ ਵਿੱਚ ਮਿਲਾਉਣ ਦੇ ਫਾਇਦਿਆਂ ਬਾਰੇ ਜਾਣੂੰ ਕਰਵਾਇਆ ਗਿਆ।ਇਨ੍ਹਾਂ ਕੈਂਪਾਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਵੱਲੋਂ ਹਿੱਸਾ ਲਿਆ ਗਿਆ।


**ਬਾ-ਅਦਾਲਤ ਨਾਇਬ ਤਹਿਸੀਲਦਾਰ ਕਮ-ਸਰਕਲ ਮਾਲ ਅਫਸਰ ਸਬ ਤਹਿਸੀਲਦਾਰ ਕਮ ਸਰਕਲ ਮਾਲ ਅਫਸਰ ਸਬ-ਤਹਿਸੀਲ ਤਰਸਿੱਕਾ ਤਹਿਸੀਲ ਬਾਬਾ ਬਕਾਲਾ ਸਾਹਿਬ ਅਤੇ ਜ਼ਿਲ੍ਹਾ ਅੰਮ੍ਰਿਤਸਰ**

**ਨੰਬਰ/ਰੀਡਰ 2688-89 ਮਿਤੀ 05.09.2025**

ਵਿਸ਼ਾ : ਦਰਖਾਸਤ ਬਰੂਏ ਮਾਲ ਰਿਕਾਰਡ ਵਿੱਚ ਨਾਮ ਦੀ ਦਰੁਸਤੀ ਕਰਨ ਬਾਰੇ।

ਇਸ ਅਖਬਾਰੀ ਇਸ਼ਤਿਹਾਰ ਰਾਹੀਂ ਪ੍ਰਭਾਵਿਕ ਵਿਅਕਤੀਆਂ ਪਿੰਡ ਦੇ ਆਮ/ਖਾਸ ਵਿਅਕਤੀ/ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਵਰਨ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਰਾਮਦਿਵਾਲੀ ਮੁਸਲਮਾਨਾਂ ਸਬ ਤਹਿਸੀਲ ਤਰਸਿੱਕਾ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਵਗੈਰਾ ਦੇ ਨਾਮ ਉਤੇ ਜਮੀਨ ਵਾਕਿਆ ਰਕਬਾ ਪਿੰਡ ਰਾਮ ਦਿਵਾਲੀ ਮੁਸਲਮਾਨਾਂ ਸਬ ਤਹਿਸੀਲ ਤਰਸਿੱਕਾ ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੈ ਨੇ ਆਪਣੇ ਨਾਮ ਦੀ ਦਰੁਸਤੀ ਕਰਵਾਉਣ ਲਈ ਦਰਖਾਸਤ ਪੇਸ਼ ਕੀਤੀ ਗਈ ਹੈ। ਮਾਲ ਰਿਕਾਰਡ ਵਿੱਚ ਸਰਵਨ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਇੰਦਰ ਸਿੰਘ ਜੋ ਕਿ ਨਾਮ ਗਲਤ ਆ ਰਿਹਾ ਹੈ। ਮਾਲ ਰਿਕਾਰਡ ਵਿੱਚ ਨਾਮ ਦਰੁਸਤ ਕਰਨ ਤੇ ਇਤਰਾਜ ਹੋਵੇ ਤਾਂ ਉਹ ਮਿਤੀ 28.09.2025 ਤੱਕ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋ ਕੇ ਇਤਰਾਜ ਪੇਸ਼ ਕਰ ਸਕਦਾ/ਸਕਦੀ ਹੈ। ਬਾਅਦ ਗੁਜਰਨੇ ਮਿਆਦ ਪੇਸ਼ ਕੀਤੇ ਇਤਰਾਜ/ਇਤਰਾਜਾਂ ਉੱਤੇ ਗੌਰ ਨਹੀਂ ਕੀਤਾ ਜਾਵੇਗਾ ਅਤੇ ਇਸ ਨਾਮ ਦਰੁਸਤੀ ਕੇਸ ਵਿੱਚ ਕਾਨੂੰਨ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸਹੀ/-ਨਾਇਬ ਤਹਿਸੀਲਦਾਰ ਤਰਸਿੱਕਾ


# ਪ੍ਰਾਪਰਟੀ/ਹਾਊਸ ਟੈਕਸ 'ਤੇ ਲੱਗਣ ਵਾਲੇ ਜੁਰਮਾਨੇ ਤੇ ਵਿਆਜ 'ਚ 50 ਫੀਸਦੀ ਛੋਟ

ਪਠਾਨਕੋਟ,(ਦਵਿੰਦਰ ਸਿੰਘ)-ਆਦਿੱਤਿਆ ਉਪਲ ਡਿਪਟੀ ਕਮਿਸ਼ਨਰ-ਕਮ-ਕਮਿਸਨਰ ਨਗਰ ਨਿਗਮ ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪ੍ਰਾਪਰਟੀ ਟੈਕਸ/ਹਾਊਸ ਟੈਕਸ ਉਪਰ ਲੱਗਣ ਵਾਲੇ ਜੁਰਮਾਨਾ ਅਤੇ ਵਿਆਜ ਮਾਫੀ ਲਈ ਜਿਨ੍ਹਾਂ ਲੋਕਾਂ ਦੇ 31.03.2025 ਤੱਕ ਹਾਊਸ ਟੈਕਸ/ਪ੍ਰਾਪਰਟੀ ਟੈਕਸ ਦੇ ਬਕਾਇਆ ਰਹਿੰਦੇ ਹਨ, ਉਨ੍ਹਾਂ ਨੂੰ ਸਹੂਲਤ ਦਿੰਦੇ ਹੋਏ ਸਰਕਾਰ ਵੱਲੋਂ ਅਸਲ ਰਾਸ਼ੀ ਇਕਮੁਸ਼ਤ ਜਮ੍ਹਾਂ ਕਰਵਾਉਣ ਤੇ ਬਣਦੇ ਜੁਰਮਾਨੇ ਅਤੇ ਵਿਆਜ 'ਤੇ 50% ਛੋਟ ਦਿੱਤੀ ਗਈ ਹੈ।ਇਸ ਲਈ ਸਮੂਹ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਕੀਮ ਦਾ ਲਾਭ ਪ੍ਰਾਪਤ ਕਰਨ ਹਿੱਤ ਮਿਤੀ 31.10.2025 ਤੋਂ ਪਹਿਲਾ ਬਣਦਾ ਬਕਾਇਆ ਇਕਮੁਸਤ ਜਮ੍ਹਾਂ ਕਰਵਾਕੇ ਵਿਆਜ ਅਤੇ ਜੁਰਮਾਨੇ ਤੋਂ 50% ਛੋਟ ਦਾ ਲਾਭ ਲਿਆ ਜਾਵੇ।



# ਅਹਿਮਦੀਆ ਜਮਾਤ ਦੇ ਵਿਸ਼ਵ ਮੁਖੀ ਦੀ ਨਜ਼ਰ 'ਚ ਸ਼ਕਤੀ ਤੇ ਸੰਕਟ ਦੇ ਸਮੇਂ ਮੁਸਲਿਮ ਔਰਤਾਂ ਦੀ ਭੂਮਿਕਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਹਫ਼ਤਾਵਾਰੀ ਜੁੰਮਾ ਦੇ ਖ਼ੁਤਬੇ ਵਿੱਚ ਅਹਿਮਦੀਆ ਮੁਸਲਿਮ ਜਮਾਤ ਦੇ ਆਲਮੀ ਸਰਬਰਾਹ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ (ਅ.ਅ.) ਨੇ ਦੁਬਾਰਾ ਸ਼ੁਰੂਆਤੀ ਇਸਲਾਮ ਦੀਆਂ ਵੱਖ-ਵੱਖ ਘਟਨਾਵਾਂ ਦਾ ਜ਼ਿਕਰ ਕੀਤਾ ਅਤੇ ਵੇਰਵਾ ਦਿੱਤਾ।ਇਸ ਸੰਬੰਧ ਵਿੱਚ ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਤਾਰਿਕ ਅਹਿਮਦ ਨੇ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਦੱਸਿਆ ਕਿ ਖ਼ਾਸ ਤੌਰ ਤੇ ਹਜ਼ੂਰ ਨੇ ਹੁਨੈਨ ਦੀ ਜੰਗ ਦੇ ਹਾਲਾਤ ਅਤੇ ਪਵਿੱਤਰ ਨਬੀ ਹਜ਼ਰਤ ਮੁਹੰਮਦ (ਸੱਲੱਲਾਹੁ ਅਲੈਹਿ ਵ ਸੱਲਮ) ਅਤੇ ਉਨ੍ਹਾਂ ਦੇ ਸਾਥੀਆਂ ਦੇ ਉੱਚੇ ਚਾਲ-ਚਲਣ ਦੀ ਵਿਆਖਿਆ ਕੀਤੀ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਕਿਹਾ ਕਿ ਨਬੀ ਦੀ ਪੁਕਾਰ ਤੇ ਤੁਰੰਤ ਲਬੈਕ ਕਹਿਣਾ (ਮੁਸਲਮਾਨ ਲਈ) ਇੱਕ ਬਹੁਤ ਵੱਡਾ ਫ਼ਰਜ਼ ਹੈ। ਦਰਅਸਲ ਇਹ ਸੱਚੇ ਇਮਾਨ ਦੀਆਂ ਸਭ ਤੋਂ ਵੱਡੀਆਂ ਨਿਸ਼ਾਨੀਆਂ ਵਿੱਚੋਂ ਇੱਕ ਹੈ।ਉਨ੍ਹਾਂ ਨੇ ਉਹ ਮੌਕਾ ਵੀ ਦਰਸਾਇਆ ਜਦੋਂ ਹੁਨੈਨ ਦੇ ਅਚਾਨਕ ਹਮਲੇ ਦੌਰਾਨ ਵੱਡੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਮੁਸਲਮਾਨ ਕੁਝ ਸਮੇਂ ਲਈ ਘਬਰਾਹਟ ਅਤੇ ਬੇਤਰਤੀਬੀ ਦਾ ਸ਼ਿਕਾਰ ਹੋ ਗਏ ਸਨ ਪਰ ਸਿਰਫ਼ ਪਵਿੱਤਰ ਨਬੀ ਮੁਹੰਮਦ (ਸੱਲੱਲਾਹੁ ਅਲੈਹਿ ਵ ਸੱਲਮ) ਦੀ ਪੁਕਾਰ ਨੇ ਉਨ੍ਹਾਂ ਦੇ ਹੌਸਲੇ ਅਤੇ ਅਜ਼ਮ ਨੂੰ ਦੁਬਾਰਾ ਜਗਾ ਦਿੱਤਾ।ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਨੇ ਇਹ ਵੀ ਜ਼ੋਰ ਦਿੱਤਾ ਕਿ ਜੰਗ ਦੌਰਾਨ ਮੁਸਲਿਮ ਔਰਤਾਂ ਨੇ ਅਸਾਧਾਰਣ ਬਹਾਦਰੀ ਦਾ ਪ੍ਰਦਰਸ਼ਨ ਕੀਤਾ, ਖ਼ਾਸ ਕਰਕੇ ਹਜ਼ਰਤ ਉਮਮੇ ਸੁਲੈਮ (ਰਾ), ਜੋ ਉਸ ਸਮੇਂ ਗਰਭਵਤੀ ਸਨ, ਪਰ ਫਿਰ ਵੀ ਇਸਲਾਮ ਦੀ ਰੱਖਿਆ ਲਈ ਪੂਰੀ ਤਰ੍ਹਾਂ ਸਮਰਪਿਤ ਰਹੀਆਂ।ਹਜ਼ੂਰ ਨੇ ਹਜ਼ਰਤ ਉਮਮੇ ਸੁਲੈਮ (ਰਾ) ਦੀ ਅਦਭੁੱਤ ਹਿੰਮਤ ਦਾ ਜ਼ਿਕਰ ਕੀਤਾ ਅਤੇ ਖ਼ਤਰੇ ਦੇ ਸਾਹਮਣੇ ਉਨ੍ਹਾਂ ਦੇ ਅਟੱਲ ਫ਼ੈਸਲੇ ਬਾਰੇ ਵੀ ਦੱਸਿਆ। ਉਨ੍ਹਾਂ ਨੇ ਹੋਰ ਉੱਚੀ ਸ਼ਖ਼ਸੀਅਤਾਂ ਵਾਲੀਆਂ ਔਰਤਾਂ ਜਿਵੇਂ ਕਿ ਹਜ਼ਰਤ ਉਮਮੇ ਅੰਮਾਰਾਹ (ਰਾ) ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨੇ ਮੁਸਲਮਾਨਾਂ ਦੇ ਨਾਲ ਖੜ੍ਹ ਕੇ ਆਪਣੇ ਧਰਮ ਦੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

# ਹੜ੍ਹਾਂ ਨਾਲ ਹੋਏ ਨੁਕਸਾਨ ਦੀ ਅੱਜ ਤੋਂ ਵਿਸ਼ੇਸ਼ ਗਿਰਦਾਵਰੀ ਸ਼ੁਰੂ ਕੀਤੀ ਜਾਵੇਗੀ: ਸਿਹਤ ਮੰਤਰੀ

ਅੰਮ੍ਰਿਤਸਰ (ਨਰਿੰਦਰ ਜੀਤ)-ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੜਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਅਤੇ ਹੁਣ ਸਿਹਤ ਸੰਭਾਲ ਲਈ ਚੱਲ ਰਹੇ ਕੰਮਾਂ ਦੀ ਨਿਗਰਾਨੀ ਕਰਨ ਲਈ ਵਿਸ਼ੇਸ਼ ਤੌਰ ਉਤੇ ਪਹੁੰਚੇ ਸਿਹਤ ਵਿਭਾਗ ਦੇ ਕੈਬਿਨਟ ਮੰਤਰੀ ਬਲਬੀਰ ਸਿੰਘ ਨੇ ਪਿੰਡ ਕੋਟ ਗੁਰਬਖ਼ਸ਼, ਹਲਕਾ ਅਜਨਾਲਾ ਵਿਖੇ ਲੋੜਵੰਦ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦੇ ਚੈੱਕ ਵੰਡਦਿਆਂ ਸਪਸ਼ਟ ਕੀਤਾ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੱਲ ਭਾਵ 13 ਸਤੰਬਰ ਤੋਂ ਵਿਸ਼ੇਸ਼ ਗਿਰਦਾਵਰੀ ਸ਼ੁਰੂ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਇੱਛਾ ਹੈ ਕਿ ਕੁਦਰਤ ਨਾਲ ਹੋਏ ਨੁਕਸਾਨ ਨੂੰ ਤਾਂ ਰੋਕਿਆ ਨਹੀਂ ਸੀ ਜਾ ਸਕਦਾ ਪਰ ਹੁਣ ਜੋ ਵੀ ਨੁਕਸਾਨ ਲੋਕਾਂ ਦਾ ਹੋਇਆ ਹੈ ਉਸ ਦਾ ਮੁਆਵਜ਼ਾ ਛੇਤੀ ਤੋਂ ਛੇਤੀ ਜਾਰੀ ਕਰ ਦਿੱਤਾ ਜਾਵੇ।ਹਲਕਾ ਐੱਮਐੱਲਏ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ ਨਾਲ ਹੋਏ ਨੁਕਸਾਨ ਅਤੇ ਹੁਣ ਸਿਹਤ ਵਿਭਾਗ ਵੱਲੋਂ ਸਿਹਤ ਸੰਭਾਲ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਡਿਪਟੀ ਕਮਿਸ਼ਨਰ ਸਾਹਿਬਾਨ ਨਾਲ ਵੀਡੀਓ ਕਾਨਫਰੰਸ ਦੇ ਕੀਤੀ ਮੀਟਿੰਗ ਵਿੱਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਕੁਦਰਤੀ ਆਫ਼ਤ ਨਾਲ ਨਜਿੱਠਣ ਨੂੰ ਲੈ ਕੇ ਵਿਚਾਰ ਚਰਚਾ ਕੀਤੀ।ਉਨ੍ਹਾਂ ਅਧਿਕਾਰੀਆਂ ਨੂੰ 13 ਸਤੰਬਰ ਤੋਂ ਸਪੈਸ਼ਲ ਗਿਰਦਾਵਰੀ ਸ਼ੁਰੂ ਕਰਨ ਅਤੇ ਇਸ ਪ੍ਰਕਿਰਿਆ ਨੂੰ 45 ਦਿਨਾਂ ਦੇ ਅੰਦਰ-ਅੰਦਰ ਪੂਰਾ ਕਰਨ ਦੀਆਂ ਹਦਾਇਤਾਂ ਕੀਤੀਆਂ ਹਨ ਤਾਂ ਜੋ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਛੇਤੀ ਤੋਂ ਛੇਤੀ ਦਿੱਤੇ ਜਾ ਸਕਣ।ਉਨ੍ਹਾਂ ਕਿਹਾ ਕਿ ਸਾਡੇ ਅਧਿਕਾਰੀ ਸਾਹਿਬਾਨ ਪਿੰਡ-ਪਿੰਡ ਜਾ ਕੇ ਖੇਤਾਂ ਦਾ ਮੁਆਇਨਾ ਕਰਕੇ ਰਿਪੋਰਟ ਤਿਆਰ ਕਰਨਗੇ।ਕਿਸਾਨਾਂ ਨੂੰ ਨੁਕਸਾਨੀ ਗਈ ਹਰ ਫ਼ਸਲ ਦਾ ਮੁਆਵਜ਼ਾ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਹੜ੍ਹਾਂ ਕਾਰਨ ਘਰਾਂ ਅਤੇ ਪਸ਼ੂਆਂ ਦੇ ਹੋਏ ਨੁਕਸਾਨ ਦੀ ਵੀ ਭਰਪਾਈ ਕੀਤੀ ਜਾਵੇਗੀ।



# ਪਤੰਗਬਾਜ਼ੀ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਚਾਈਨਾ ਡੋਰ 'ਤੇ ਸ਼ਿਕੰਜਾ ਕੱਸਣ ਦੀ ਲੋੜ

ਗੁਰਦਾਸਪੁਰ (ਜਨਕ ਮਹਾਜਨ)- ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਪਤੰਗਬਾਜ਼ੀ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਬੰਧਿਤ ਵਿਭਾਗ ਨੂੰ ਚਾਈਨਾ ਡੋਰ 'ਤੇ ਸਖਤੀ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਵੀ ਵਿਅਕਤੀ ਦਾ ਇਸ ਦੀ ਲਪੇਟ ਵਿਚ ਆ ਕੇ ਨੁਕਸਾਨ ਨਾ ਹੋ ਸਕੇ।

ਕੁਝ ਨੌਜਵਾਨਾਂ ਵਲੋਂ ਪਤੰਗਬਾਜ਼ੀ ਸ਼ੁਰੂ ਹੋ ਚੁੱਕੀ ਹੈ ਅਤੇ ਲੋਕ ਚਾਈਨਾ ਡੋਰ ਦੀ ਲਪੇਟ ਵਿਚ ਆਉਣ ਲੱਗ ਪਏ ਹਨ। ਅਕਸਰ ਹੀ ਪੇਂਡੂ ਅਤੇ ਸ਼ਹਿਰੀ ਖੇਤਰ ਵਿਚੋਂ ਗੁਜ਼ਰਦੇ ਸਕੂਟਰ, ਮੋਟਰਸਾਈਕਲ ਸਵਾਰ ਲੋਕਾਂ ਦੇ ਗਲ਼ਾਂ ਵਿਚ ਚਾਈਨਾ ਡੋਰ ਫ਼ਿਰਨ ਨਾਲ ਉਹ ਜ਼ਖਮੀ ਹੋ ਜਾਂਦੇ ਹਨ।

ਮੌਸਮ ਕਰਵਟ ਲੈਣ ਨਾਲ ਪਤੰਗਬਾਜ਼ੀ ਜਲਦੀ ਸ਼ੁਰੂ ਹੋਣ ਦੇ ਚਾਂਸ ਹਨ, ਇਸ ਲਈ ਦੁਕਾਨਦਾਰ ਵੀ ਇਸ ਕਾਰੋਬਾਰ ਨੂੰ ਬੜਾਵਾ ਦੇਣ ਲਈ ਪਤੰਗ ਅਤੇ ਡੋਰ ਆਦਿ ਦੀ ਜਮਾਂ ਖੋਰੀ ਸ਼ੁਰੂ ਕਰ ਦੇਣਗੇ। ਇਸ ਸਭ ਨੂੰ ਦੇਖਦੇ ਹੋਏ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਪਤੰਗਬਾਜ਼ੀ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਚਾਈਨਾ ਡੋਰ ਆਦਿ ਨਾ ਸਟੋਰ ਕਰ ਸਕਣ ਅਤੇ ਨਾ ਵੇਚਣ। ਚਾਈਨਾ ਡੋਰ ਵੇਚਣ ਵਾਲਿਆਂ ਨੂੰ ਸਮਾਂ ਰਹਿੰਦੇ ਤਾੜਨਾ ਕਰਨੀ ਚਾਹੀਦੀ ਹੈ ਤਾਂ ਜੋ ਚਾਈਨਾ ਡੋਰ ਦੀ ਜਮਾਂ ਖੋਰੀ ਬੰਦ ਹੋ ਸਕੇ ਤੇ ਲੋਕ ਇਸ ਦੀ ਖਰੀਦਦਾਰੀ ਨਾ ਕਰ ਸਕਣ। ਲੋਕਾਂ ਨੇ ਦੱਸਿਆ ਕਿ ਚਾਈਨਾ ਡੋਰ ਦੀ ਲਪੇਟ 'ਚ ਜਿਥੇ ਆਮ ਲੋਕ, ਜਾਨਵਰ ਅਤੇ ਪੰਛੀ ਇਸ ਦੀ ਲਪੇਟ ਵਿਚ ਆਉਣ ਕਾਰਨ ਦਮ ਤੋੜ ਦਿੰਦੇ ਹਨ। ਲੋਕਾਂ ਨੇ ਚਾਈਨਾ ਡੋਰ ਨੂੰ ਨੱਥ ਪਾਉਣ ਲਈ ਪ੍ਰਸ਼ਾਸਨ ਪਾਸੋਂ ਸਖ਼ਤੀ ਨਾਲ ਕਾਰਵਾਈ ਦੀ ਮੰਗ ਕੀਤੀ ਹੈ।


**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-107 | 29.09.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ 'ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ ਐਸਐਲਆਰ ਕੰਪਾਰਟਮੈਂਟ) 14682/F1, 14720/F1, 19612/F1, 15015/F1, 22486/F1, 14616/F1, 19326/F1, 14604/F1, 11058/R1 & 19614/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2780/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Capital Small Finance Bank**

**Capital Small Finance Bank Limited**
**H.O: MIDAS CORPORATE PARK 3rd FLOOR, 37 G.T. ROAD, JALANDHAR**

**ਜਾਇਦਾਦ ਵਿਕਰੀ ਸੂਚਨਾ**

ਨਿਮਨ ਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 29.09.2025 ਨੂੰ ਕਰਵਾਈ ਜਾਵੇਗੀ।

ਖਾਤੇ ਦਾ ਨਾਂਅ : (1) ਕਿਰਨਜੀਤ ਕੌਰ ਪਤਨੀ ਹਰਜੀਵਨ ਸਿੰਘ ਵਾਸੀ ਮਕਾਨ ਨੰ. 179, ਕੋਟ ਈਸੇ ਖਾਂ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਪੰਜਾਬ-142047 (ਕਰਜ਼ਦਾਰ) (2) ਹਰਜੀਵਨ ਸਿੰਘ ਪੁੱਤਰ ਸੀਤਾ ਸਿੰਘ ਵਾਸੀ ਵਾਰਡ ਨੰ. 6, ਕੋਟ ਈਸੇ ਖਾਂ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 (ਕਰਜ਼ਦਾਰ) (3) ਨਿਸ਼ਾਨ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮਕਾਨ ਨੰ. 77, ਝਤਰਾ ਰੋਡ, ਮਾਡਲ ਟਾਊਨ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 (ਗਰੰਟਰ)

ਬਕਾਇਆ ਰਕਮ ਐੱਚ ਐੱਲ/128611000012 : 1. ਰੁਪਏ 24, 24, 331/- (ਅਤੇ 01.09.2025 ਤੋਂ ਭਵਿੱਖੀ ਵਿਆਜ)

ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2018-19/117/1/1481 ਮਿਤੀ 24-01-2019 ਅਨੁਸਾਰ ਕਿਰਨਜੀਤ ਕੌਰ ਪਤਨੀ ਹਰਜੀਵਨ ਸਿੰਘ ਦੀ ਮਲਕੀਅਤ ਅਚੱਲ ਜਾਇਦਾਦ ਰਕਬਾ 7 ਮਰਲੇ ਮਨਸੂਰਦੇਵਾ ਵਿਖੇ ਸਥਿਤ, ਹੱਦਬਸਤ ਨੰ. 328, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। (ਮੌਜੂਦਾ ਪਤਾ: ਅਵਾਣ ਰੋਡ, ਨਿਊ ਐਂਬਰੋਸਿਆਲ ਪਬਲਿਕ ਸਕੂਲ, ਜ਼ੀਰਾ, ਫਿਰੋਜ਼ਪੁਰ।

ਰਾਖਵੀਂ ਕੀਮਤ : 1. ਰੁਪਏ 15,00,000/- (ਪੰਦਰਾਂ ਲੱਖ ਰੁਪਏ ਕੇਵਲ)

ਈ ਐੱਮ ਡੀ (ਬਿਆਨਾ ਰਾਸ਼ੀ) : ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 29.09.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ।

ਬੈਂਕ ਨੂੰ ਮਾਲੂਮ ਇੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 29.09.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਜ਼ੀਰਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸਿਆਂ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਸ਼ਰਤਾਂ ਅਤੇ ਨਿਯਮਾਂ ਨੂੰ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ਬਦਲਣ ਦਾ ਹੱਕ ਪ੍ਰਾਪਤ ਹੈ।

ਮਿਤੀ : 12-09-2025 ਅਧਿਕਾਰਤ ਅਫਸਰ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**Punjab & Sind Bank** (A Govt. of India Undertaking)
**B/O:- International Banking Division, Gill Road, Millerganj, Ludhiana. Phone: 0161- 5068062,63**

**ਰਹਿਣ ਕੀਤੀ ਜਾਇਦਾਦ ਦੀ ਵਿਕਰੀ ਲਈ ਜਨਤਕ ਨੋਟਿਸ**

ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 (" ਸਰਫੇਸੀ ਐਕਟ") ਦੇ ਸੈਕਸ਼ਨ 13(8) ਜੋ ਸਕਿਉਰਿਟੀ ਇੰਟਰਸੈਕਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 (6) ਨਾਲ ਪੜ੍ਹਿਆ ਜਾਏ, ਤਹਿਤ ਮਿਲੇ ਅਧਿਕਾਰਾਂ ਅਨੁਸਾਰ ਰਿਡੰਪਸ਼ਨ ਦਾ ਨੋਟਿਸ ਮਿਤੀ 02.09.2025

ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਿੱਤੇ ਅਧਿਕਾਰਤ ਅਫਸਰ ਨੇ "ਜਿਵੇਂ ਹੈ ਜਿੱਥੇ ਹੈ" "ਜਿਵੇਂ ਹੈ ਜੋ ਹੈ" ਤੇ "ਜਿਸ ਵੀ ਹਾਲਤ ਵਿਚ ਹੈ" ਅਨੁਸਾਰ ਜਾਇਦਾਦਾਂ/ਅਸਾਸੇ ਹੇਠਾਂ ਦਿੱਤੇ ਈ-ਨਿਲਾਮੀ ਅਨੁਸਾਰ ਵੇਚਣ ਦਾ ਫੈਸਲਾ ਕੀਤਾ ਹੈ ਤਾਂ ਜੋ ਦੱਸੇ ਕਰਜ਼ਦਾਰਾਂ ਤੇ ਗਰੰਟਰਾਂ ਤੋਂ ਬੈਂਕ ਦਾ ਰਹਿੰਦਾ ਪੈਸਾ ਵਸੂਲਿਆ ਜਾਏ।

ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 (54 ਆਫ 2002) ਦੇ ਨਾਲ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8(6) ਨਾਲ ਪੜ੍ਹਿਆ ਜਾਵੇ ਤਹਿਤ ਦੱਸੇ ਕਰਜ਼ਦਾਰਾਂ/ਗਾਰੰਟਰਾਂ ਨੂੰ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ 30 ਦਿਨਾਂ ਦੇ ਸਮੇਂ ਅੰਦਰ ਸਕਿਉਰਡ ਅਸਾਸੇ ਸੁਰੱਖਿਅਤ ਕਰ ਲੈਣ। ਖਾਤੇ ਅਤੇ ਸਕਿਉਰਡ ਐਸੇਟਸ ਦਾ ਵੇਰਵਾ ਬਕਾਇਆ ਰਕਮ ਸਮੇਤ ਹੇਠਾਂ ਦਿੱਤਾ ਜਾਂਦਾ ਹੈ।

**ਅਚਲ ਜਾਇਦਾਦ ਦੀ ਵਿਕਰੀ ਦਾ ਵੇਰਵਾ :-**
**ਈ-ਨਿਲਾਮੀ ਤਾਰੀਕ ਤੇ ਸਮਾਂ 28.11.2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ**

| ਕਰਜ਼ਦਾਰ/ਗਰੰਟਰ/ਜਾਇਦਾਦ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ | ਡਿਮਾਂਡ ਨੋਟਿਸ ਮਿਤੀ ਤੇ ਬਕਾਇਆ ਰਕਮ |
|---|---|---|---|
| (ਕਰਜ਼ਦਾਰ/ਰਹਿਣਕਾਰ) 1. ਮੈਸਰਜ਼ ਸਹਾਇ ਐਂਟਰਪ੍ਰਾਇਜਿਜ਼ ਰਾਹੀਂ ਇਸ ਦੇ ਹਿੱਸੇਦਾਰ ਸ੍ਰੀ ਕੁਲਬੀਰ ਸਿੰਘ ਤੇ ਮਿਸਟਰ ਵਿਸ਼ਾਲ ਸੂਦ, ਸ਼ਾਪ ਨੰਬਰ 5, ਸਤਿਆ ਕੰਪਲੈਕਸ, ਸਾਹਮਣੇ ਸਟੇਟ ਬੈਂਕ ਆਫ ਇੰਡੀਆ, ਦੁਗਰੀ ਰੋਡ, ਮਾਡਲ ਟਾਊਨ ਲੁਧਿਆਣਾ-141003. (2) (ਹਿੱਸੇਦਾਰ/ਗਰੰਟਰ) ਮਿਸਟਰ ਕੁਲਬੀਰ ਸਿੰਘ | ਜਾਇਦਾਦ ਦੁਕਾਨ ਨੰਬਰ 5, ਅੱਪਰ ਗਰਾਊਂਡ ਫਲੋਰ ਐਮ ਸੀ ਨੰਬਰ ਬੀ-18-971/8, ਮਿਣਤੀ 44.44 ਵਰਗ ਗਜ਼ ਸਥਿਤ ਸੱਤਿਆ ਕੰਪਲੈਕਸ, ਦੁੱਗਰੀ ਰੋਡ ਸਾਹਮਣੇ ਸਟੇਟ ਬੈਂਕ ਆਫ ਇੰਡੀਆ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਤਬਾਦਲਾ ਕੀਤੀ ਡੀਡ ਜੋ ਕਿ ਸਬ ਰਜਿਸਟਰਾਰ ਲੁਧਿਆਣਾ ਨਾਲ ਰਜਿਸਟਰਡ ਹੈ, ਵਸੀਕਾ ਨੰਬਰ 293 ਮਿਤੀ 10/04/2017 ਜੋ ਕਿ ਮਿਸਟਰ ਵਿਸ਼ਾਲ ਸੂਦ ਨਾਲ ਸੰਬੰਧਤ ਹੈ। | Rs. 70,55,000/- | 05.12.2024 ਰੁ. 53,09,678.92 (ਤਰਵਿੰਜਾ ਲੱਖ ਨੌਂ ਹਜ਼ਾਰ ਛੇ ਸੌ ਅਠੱਤਰ ਰੁਪਏ ਬਾਨਵੇ ਪੈਸੇ ਕੇਵਲ) ਸਮੇਤ ਵਿਆਜ 30.11.2024 ਤੱਕ ਸਮੇਤ ਹੋਰ ਖਰਚੇ ਸਮੇਤ ਭਵਿੱਖੀ ਦਾ ਵਿਆਜ ਤੇ ਖਰਚੇ ਜੋ ਕਿ 01.12.2024 ਤੋਂ ਲਾਗੂ ਹਨ। |

ਪੁੱਤਰ ਸ੍ਰੀ ਲਾਲ ਸਿੰਘ ਸਰਾਂ, ਪਿੰਡ ਤੇ ਡਾਕਖਾਨਾ ਪਾਤਰੇਵਾਲਾ, ਖੁਈਆਂ ਸਰਵਰ, ਫਿਰੋਜ਼ਪੁਰ ਪੰਜਾਬ-152128 (3) (ਹਿੱਸੇਦਾਰ/ਗਰੰਟਰ) ਮਿਸਟਰ ਵਿਸ਼ਾਲ ਸੂਦ ਪੁੱਤਰ ਸ੍ਰੀ ਵਿਨੋਦ ਸੂਦ ਮਕਾਨ ਨੰਬਰ 109 ਆਰ ਮਾਡਲ ਟਾਊਨ ਲੁਧਿਆਣਾ ਪੰਜਾਬ 141002 (4) (ਗਰੰਟਰ) ਸ੍ਰੀਮਤੀ ਆਰਤੀ ਸੂਦ ਪਤਨੀ ਸ੍ਰੀ ਵਿਸ਼ਾਲ ਸੂਦ, ਮਕਾਨ ਨੰਬਰ 109 ਆਰ ਮਾਡਲ ਟਾਊਨ ਲੁਧਿਆਣਾ ਪੰਜਾਬ-141002

ਮਿਤੀ: 02.09.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**Punjab & Sind Bank** (A Govt. of India Undertaking)
**B/O:- International Banking Division, Gill Road, Millerganj, Ludhiana. Phone: 0161- 5068062,63**

**ਰਹਿਣ ਕੀਤੀ ਜਾਇਦਾਦ ਦੀ ਵਿਕਰੀ ਲਈ ਜਨਤਕ ਨੋਟਿਸ**

ਸਿਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨਸ਼ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਿਕਿਉਰਿਟੀ ਇੰਟਰੈਸਟ ਐਕਟ 2002 (" ਸਰਫੇਸੀ ਐਕਟ") ਦੇ ਸੈਕਸ਼ਨ 13 (8) ਜੋ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 (6) ਨਾਲ ਪੜ੍ਹਿਆ ਜਾਏ, ਤਹਿਤ ਮਿਲੇ ਅਧਿਕਾਰਾਂ ਅਨੁਸਾਰ ਰਿਡੰਪਸ਼ਨ ਦਾ ਨੋਟਿਸ ਮਿਤੀ-02-09-2025

ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਿੱਤੇ ਅਧਿਕਾਰਤ ਅਫਸਰ ਨੇ "ਜਿਵੇਂ ਜਿੱਥੇ ਹੈ" "ਜਿਵੇਂ ਜੋ ਹੈ" ਤੇ "ਜਿਸ ਵੀ ਹਾਲਤ ਵਿਚ ਹੈ" ਅਨੁਸਾਰ ਜਾਇਦਾਦਾਂ/ਅਸਾਸੇ ਹੇਠਾਂ ਦਿੱਤੇ ਈ-ਨਿਲਾਮੀ ਅਨੁਸਾਰ ਵੇਚਣ ਦਾ ਫੈਸਲਾ ਕੀਤਾ ਹੈ ਤਾਂ ਜੋ ਦੱਸੇ ਕਰਜ਼ਦਾਰਾਂ ਤੇ ਗਰੰਟਰਾਂ ਤੋਂ ਬੈਂਕ ਦਾ ਰਹਿੰਦਾ ਪੈਸਾ ਵਸੂਲਿਆ ਜਾਏ।

ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (54 ਆਫ 2002) ਦੇ ਨਾਲ ਪੜ੍ਹੇ ਜਾਂਦੇ ਸਿਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8(6) ਨਾਲ ਪੜ੍ਹਿਆ ਜਾਵੇ ਤਹਿਤ ਦੱਸੇ ਕਰਜ਼ਦਾਰ/ਗਾਰੰਟਰਾਂ ਨੂੰ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ 30 ਦਿਨਾਂ ਦੇ ਸਮੇਂ ਅੰਦਰ ਸਕਿਉਰਡ ਅਸਾਸੇ ਸੁਰੱਖਿਅਤ ਕਰ ਲੈਣ। ਖਾਤੇ ਅਤੇ ਸਿਕਿਉਰਡ ਐਸੇਟਸ ਦਾ ਵੇਰਵਾ ਬਕਾਇਆ ਰਕਮ ਸਮੇਤ ਹੇਠਾਂ ਦਿੱਤਾ ਜਾਂਦਾ ਹੈ।

**ਅਚਲ ਜਾਇਦਾਦ ਦੀ ਵਿਕਰੀ ਦਾ ਵੇਰਵਾ :-**
**ਈ-ਨਿਲਾਮੀ ਤਰੀਕ ਤੇ ਸਮਾਂ 28.11.2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ**

| ਕਰਜ਼ਦਾਰ/ਗਰੰਟਰ/ਜਾਇਦਾਦ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ | ਡਿਮਾਂਡ ਨੋਟਿਸ ਮਿਤੀ ਤੇ ਬਕਾਇਆ ਰਕਮ |
|---|---|---|---|
| (ਕਰਜ਼ਦਾਰ/ਮਾਰਟਗੇਜ਼ਰ) 1. ਸ੍ਰੀ ਸ਼ੈਲੇਂਦਰ ਕੁਮਾਰ ਪੁੱਤਰ ਸ੍ਰੀ ਜੀਤ ਲਾਲ ਪਾਲ ਵਾਸੀ ਗਲੀ ਨੰਬਰ 11/3 ਕਬੀਰ ਨਗਰ, ਡਾਬਾ ਰੋਡ, ਲੁਧਿਆਣਾ-141003 ਨਾਲ ਹੀ ਮਕਾਨ ਨੰਬਰ 59, ਗਲੀ ਨੰਬਰ 1, ਨੇੜੇ ਪਿੱਪਲ ਚੌਕ, ਨਿਊ ਪ੍ਰੇਮ ਨਗਰ ਗਿਆਸਪੁਰਾ, ਲੋਹਾਰਾ, ਲੁਧਿਆਣਾ-141016 ਨਾਲ ਹੀ ਮਾਰਫਤ ਮੈਸਰਜ਼ ਰੌਣਕ ਫੈਬਰੀਕੇਟਰਸ ਪ੍ਰਾਈਵੇਟ ਲਿਮਟਿਡ ਸੀ-30, ਫੇਜ਼- | ਜਾਇਦਾਦ ਰਕਬਾ 50 ਵਰਗ ਗਜ਼ ਖਸਰਾ ਨੰਬਰ 172, 171, 173, 176 ਖਾਤਾ ਨੰਬਰ 330/423, 331/424 ਜਮਾਂਬੰਦੀ ਸਾਲ 2008-09 ਸਥਿਤ ਪਿੰਡ ਡਾਬਾ, ਸਾਹਮਣੇ ਅਨੁ ਆਟੋ ਸੈਂਟਰ ਸਟਰੀਟ, ਨੇੜੇ ਨਿਰਮਲ ਪੈਲੇਸ, ਹਦਬਸਤ ਨੰਬਰ 262, ਸਥਾਨ ਕਬੀਰ ਨਗਰ ਵਜੋਂ ਜਾਣਿਆ ਜਾਂਦਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਸੇਲ ਡੀਡ ਰਜਿਸਟਰਡ ਦਫਤਰ ਸਬ ਰਜਿਸਟਰਾਰ, ਲੁਧਿਆਣਾ ਵਸੀਕਾ ਨੰਬਰ 2019-20/103/1/8768 ਮਿਤੀ 29-10-2019 | Rs. 11,02,000/- | 05.03.2024 ਰੁ. 12,82,333.59 (ਬਾਰਾਂ ਲੱਖ ਬਿਆਸੀ ਹਜ਼ਾਰ ਤਿੰਨ ਸੌ ਤੇਤੀ ਰੁਪਏ ਉਨਾਹਠ ਪੈਸੇ ਕੇਵਲ) ਸਮੇਤ ਵਿਆਜ 29.02.2024 ਤੱਕ ਸਮੇਤ ਲਾਗੂ ਭਵਿੱਖੀ ਵਿਆਜ ਤੇ ਹੋਰ ਖਰਚੇ ਜੋ ਕਿ 01.03.2024 ਤੋਂ ਮਹੀਨਾਵਾਰ ਲਾਗੂ ਹਨ। |

2, ਫੋਕਲ ਪੁਆਇੰਟ, ਲੁਧਿਆਣਾ-141014 (2) (ਸਹਿ-ਕਰਜ਼ਦਾਰ ਤੇ ਰਹਿਣਕਾਰ) ਸ੍ਰੀਮਤੀ ਕੰਚਨ ਦੇਵੀ ਵਾਸੀ ਗਲੀ ਨੰਬਰ 11/3, ਕਬੀਰ ਨਗਰ, ਡਾਬਾ ਰੋਡ, ਲੁਧਿਆਣਾ-141003 ਨਾਲ ਹੀ ਮੈਸਰਜ਼ ਪ੍ਰੀਤ ਸਟੇਸ਼ਨਰੀ ਐਂਡ ਡਾਕੂਮੈਂਟ ਸੈਂਟਰ 2213, ਗਲੀ ਨੰਬਰ 12, ਜਨਤਾ ਨਗਰ, ਨੇੜੇ ਗੋਲਡਨ ਪਾਰਕ, ਭਵਨ ਚੌਕ ਲੁਧਿਆਣਾ-141001

ਮਿਤੀ: 02.09.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



**Capital Small Finance Bank**

**Capital Small Finance Bank Limited**
**H.O: MIDAS Corporate Park, 3rd Floor, 37 G.T. Road, JALANDHAR CITY**

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਵਰਿੰਦਰ ਸਿੰਘ ਉਰਫ ਵਰਿੰਦਰ ਸਿੰਘ ਘਾਰੂ ਪੁੱਤਰ ਬਿੱਕਰ ਸਿੰਘ ਵਾਸੀ ਦੁਨੇਕੇ, ਮੋਗਾ, ਪੰਜਾਬ-142001 (2) ਸ੍ਰੀਮਤੀ ਪਰਮਿੰਦਰ ਕੌਰ ਪਤਨੀ ਵਰਿੰਦਰ ਸਿੰਘ ਘਾਰੂ ਵਾਸੀ ਨੇੜੇ ਪ੍ਰਗਟ ਦੀ ਚੱਕੀ, ਦੁਨੇਕੇ, ਮੋਗਾ, ਪੰਜਾਬ-142001 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਗੁਰਤੇਜ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਵਾਰਡ ਨੰ. 45, ਦੁਨੇਕੇ, ਮੋਗਾ, ਪੰਜਾਬ-142001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਡਬਲਯੂ ਸੀ ਟੀ ਐੱਲ/013612000943 'ਚ ਰੁਪਏ 2,83,362.02 ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਮੋੜਨ ਲਈ ਮਿਤੀ 29.05.2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਡਬਲਯੂ ਸੀ ਟੀ ਐੱਲ/013612000943 'ਚ ਬਕਾਇਆ ਰਕਮ ਰੁਪਏ 2,83,362.02/- ਸਮੇਤ 01.05.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2838 ਮਿਤੀ 28-06-2006 ਅਨੁਸਾਰ ਸ੍ਰੀ ਵਰਿੰਦਰ ਸਿੰਘ ਉਰਫ ਵਰਿੰਦਰ ਸਿੰਘ ਘਾਰੂ ਪੁੱਤਰ ਬਿੱਕਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 5 ਮਰਲੇ 3 ਸਰਸਾਈ ਰਕਬਾ ਦੁਨੇਕੇ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਨਾਲ ਸੰਬੰਧਤ ਸਭ ਕੁਝ।

ਸਥਾਨ : ਮੋਗਾ ਮਿਤੀ : 12.09.2025 ਸਹੀ/- ਅਧਿਕਾਰਤ ਅਫਸਰ



**IDBI BANK**
**IDBI Bank Ltd, NPA Management Group 7th Floor, IDBI Towers, World Trade Centre, Cuffe Parade, Colaba, Mumbai-400005**

**ਕਾਰਣ ਦੱਸੋ ਨੋਟਿਸ**

ਕਰਜ਼ਦਾਰ : ਚੀਮਾ ਸਪਿਨਟੈਕਸ ਲਿਮਟਿਡ ਐਂਡ ਰਜਿਸਟਰਡ ਦਫਤਰ ਪਤਾ:
ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ
ਹਾਊਸ ਨੰਬਰ 176/2, ਸੈਕਟਰ 41-ਏ, ਚੰਡੀਗੜ੍ਹ-160036

ਹੇਠਾਂ ਦਿੱਤੇ ਵਿਅਕਤੀਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕਮਰਸ਼ੀਅਲ ਬੈਂਕਾਂ (ਸਮੇਤ ਰੀਜਨਲ ਰੂਰਲ ਬੈਂਕਾਂ) ਅਤੇ ਆਲ ਇੰਡੀਆ ਫਾਇਨਾਂਸ਼ੀਅਲ ਇੰਸਟੀਚਿਊਸ਼ਨਜ਼ ਮਿਤੀ 15 ਜੁਲਾਈ, 2024 (ਮਾਸਟਰ ਡਾਇਰੈਕਸ਼ਨਜ਼) ਵਿੱਚ ਫਰਾਡ ਰਿਸਕ ਮੈਨੇਜਮੈਂਟ ਬਾਰੇ ਆਰ ਬੀ ਆਈ ਦੇ ਪ੍ਰਮੁੱਖ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਰਾਡ ਵਜੋਂ ਵਰਗੀਕਰਨ ਕਰਨ ਲਈ ਹੇਠਾਂ ਦਿੱਤੇ ਵਿਅਕਤੀਆਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਗਈ ਸੀ। ਬੈਂਕ ਵੱਲੋਂ ਉਨ੍ਹਾਂ ਨੂੰ ਜਾਰੀ ਕੀਤੇ ਕਾਰਣ ਦੱਸੋ ਨੋਟਿਸ ਬਿਨਾਂ ਤਾਮੀਲ ਕੀਤਿਆਂ ਵਾਪਸ ਆ ਗਏ ਸਨ।

| ਨਾਂਅ | ਪਤਾ | ਅਹੁਦਾ (ਪ੍ਰੋਮੋਟਰ/ਡਾਇਰੈਕਟਰ) |
|---|---|---|
| ਸ੍ਰੀ ਹਰਦਿਆਲ ਸਿੰਘ ਚੀਮਾ | ਸ੍ਰੀ ਹਰਦਿਆਲ ਸਿੰਘ ਚੀਮਾ ਪਤਾ ਸ੍ਰੀ ਹਰਦਿਆਲ ਸਿੰਘ ਚੀਮਾ ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ ਐਸ ਸੀ ਓ ਨੰਬਰ 64-65, ਤੀਸਰੀ ਮੰਜ਼ਿਲ, ਸੈਕਟਰ 17-ਏ ਚੰਡੀਗੜ੍ਹ-160017<br>ਸ੍ਰੀ ਹਰਦਿਆਲ ਸਿੰਘ ਚੀਮਾ ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ ਪਿੰਡ ਕੌਲੀ ਮਾਜਰਾ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ-140506<br>ਸ੍ਰੀ ਹਰਦਿਆਲ ਸਿੰਘ ਚੀਮਾ ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ ਨੰਬਰ 167, ਸੈਕਟਰ 19-ਏ, ਚੰਡੀਗੜ੍ਹ-160019<br>ਸ੍ਰੀ ਹਰਦਿਆਲ ਸਿੰਘ ਚੀਮਾ ਪੁੱਤਰ ਸ੍ਰੀ ਅਮਰਜੀਤ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ, 260 ਸੈਕਟਰ 9-ਸੀ ਚੰਡੀਗੜ੍ਹ-160009 | ਪ੍ਰੋਮੋਟਰ/ ਡਾਇਰੈਕਟਰ ਚੀਮਾ ਸਪਿਨਟੈਕਸ ਲਿਮਟਿਡ |
| ਸ੍ਰੀ ਅਮਰਜੀਤ ਸਿੰਘ ਚੀਮਾ | ਸ੍ਰੀ ਅਮਰਜੀਤ ਸਿੰਘ ਚੀਮਾ ਪੁੱਤਰ ਸ੍ਰੀ ਭਾਗ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ ਪਿੰਡ ਕੌਲੀ ਮਾਜਰਾ ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸ ਏ ਐਸ ਨਗਰ ਮੋਹਾਲੀ ਪੰਜਾਬ-140506<br>ਸ੍ਰੀ ਅਮਰਜੀਤ ਸਿੰਘ ਚੀਮਾ ਪੁੱਤਰ ਸ੍ਰੀ ਭਾਗ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ 260 ਸੈਕਟਰ 9-ਸੀ. ਚੰਡੀਗੜ੍ਹ 160009<br>ਸ੍ਰੀ ਅਮਰਜੀਤ ਸਿੰਘ ਚੀਮਾ ਪੁੱਤਰ ਸ੍ਰੀ ਭਾਗ ਸਿੰਘ ਚੀਮਾ ਡਾਇਰੈਕਟਰ ਮੈਸਰਜ਼ ਚੀਮਾ ਸਪਿਨਟੈਕਸ ਲਿਮਟਿਡ, ਚੀਮਾ ਨਿਵਾਸ ਕਾਸ਼ੀਪੁਰ, ਜ਼ਿਲ੍ਹਾ ਊਧਮ ਸਿੰਘ ਨਗਰ, ਉੱਤਰਾਖੰਡ-244713 | ਪ੍ਰੋਮੋਟਰ/ ਡਾਇਰੈਕਟਰ ਚੀਮਾ ਸਪਿਨਟੈਕਸ ਲਿਮਟਿਡ |

ਉਕਤ ਵਿਅਕਤੀ ਜੇਕਰ ਉਹ ਚਾਹੁੰਦੇ ਹਨ (ਏ) ਤਾਂ ਉਹ ਤੁਰੰਤ ਕਾਰਣ ਦੱਸੋ ਨੋਟਿਸ ਦੀ ਕਾਪੀ ਨਿੱਜੀ ਤੌਰ 'ਤੇ ਜਾਂ ਅਧਿਕਾਰਤ ਵਿਅਕਤੀ ਦੁਆਰਾ ਪਛਾਣ ਦਾ ਸਬੂਤ ਪੇਸ਼ ਕਰਕੇ ਹੇਠਾਂ ਦਿੱਤੇ ਅਧਿਕਾਰੀ ਦੇ ਪਤੇ 'ਤੇ ਜਿਵੇਂ ਕਿ ਉੱਪਰ ਦਿੱਤਾ ਗਿਆ ਹੈ, ਤੋਂ ਲੈ ਸਕਦੇ ਹਨ (ਬੀ) ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ ਕਾਰਨ ਦੱਸ ਸਕਦੇ ਹਨ ਕਿ ਉਨ੍ਹਾਂ ਦਾ ਨਾਂਅ ਕਿਉਂ ਨਾ ਮਾਸਟਰ ਡਾਇਰੈਕਸ਼ਨਜ਼ ਤੇ ਕੀਤੇ ਜਾਣ ਵਾਲੇ ਐਕਸ਼ਨ ਵਿੱਚ ਫਰਾਡ ਵਜੋਂ ਵਰਗੀਕਰਨ ਕਿਉਂ ਨਾ ਕੀਤਾ ਜਾਵ

(ਭਾਵਿਕ ਸ਼ਾਸਤਰੀ)
ਮਿਤੀ : 13/09/2025 ਡਿਪਟੀ ਜਨਰਲ ਮੈਨੇਜਰ

# ਟਰਾਂਸਪੋਰਟ ਵਿਭਾਗ ਦੇ ਆਨਲਾਈਨ ਚਲਾਨ ਦੇ ਮਾਮਲੇ 'ਚ ਹੋ ਰਹੀ ਵੱਡੀ ਗੜਬੜ

## ਜਾਅਲੀ ਨੰਬਰ ਪਲੇਟ ਵਾਲੀ ਸਕੂਟਰੀ ਦਾ ਚਲਾਨ ਕੱਟਿਆ ਕਾਰ ਮਾਲਕ ਦੇ ਨਾਮ





**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਬਿਲਾਸਪੁਰ ਦੀ ਤਹਿਸੀਲ ਜੰਡੂਤਾ ਦੇ ਪਿੰਡ ਸਿਘਾਸਣੀ ਵਿੱਚ ਖੜੀ ਇੱਕ ਨਿੱਜੀ ਕਾਰ ਦਾ 155 ਕਿਲੋਮੀਟਰ ਦੂਰ ਹੁਸ਼ਿਆਰਪੁਰ ਦੇ ਗੜ੍ਹਦੀਵਾਲਾ ਵਿੱਚ ਚਲਾਣ ਕੱਟ ਹੋ ਗਿਆ। ਹੈਰਾਨੀ ਵਾਲੀ ਗੱਲ ਤਾਂ ਇਹ ਰਹੀ ਕਿ ਇਸ ਚਲਾਣ ਫਾਰਮ ਉੱਪਰ ਜਿਸ ਗੱਡੀ ਦਾ ਚਲਾਣ ਕੱਟ ਹੋਇਆ ਉਸ ਖਾਨੇ ਵਿੱਚ ਇੱਕ ਸਕੂਟਰੀ ਦੀ ਫੋਟੋ ਲੱਗੀ ਹੋਈ ਹੈ ਜਿਸ ਦੀ ਨੰਬਰ ਪਲੇਟ ਉੱਪਰ ਐੱਚਪੀ 89-9639 ਲਿਖਿਆ ਹੋਇਆ ਹੈ ਜੋ ਅਸਲ ਵਿੱਚ ਇੱਕ ਮਾਰੂਤੀ ਸੁਜ਼ੂਕੀ ਕਾਰ ਦਾ ਹੈ ਜੋ ਉਕਤ ਹਿਮਾਚਲ ਪ੍ਰਦੇਸ਼ ਵਾਲੇ ਪਤੇ ਉੱਪਰ ਕਾਫੀ ਦਿਨਾਂ ਤੋਂ ਖੜ੍ਹੀ ਹੈ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਓਂਕਾਰੇਸ਼ਵਰ ਮਹਾਂਦੇਵ ਮੰਦਰ ਸਿੰਘਾਸਣੀ ਹਿਮਾਚਲ ਪ੍ਰਦੇਸ਼ ਦੇ ਗੱਦੀ ਨਸ਼ੀਨ ਸੁਆਮੀ ਮਾਨਸੀ ਗਿਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਮੋਬਾਈਲ ਤੇ ਉਨ੍ਹਾਂ ਦੀ ਦਾਦੀ ਸਤਿਆ ਦੇਵੀ ਪਤਨੀ ਪ੍ਰਕਾਸ਼ ਚੰਦ ਦੇ ਨਾਮ ਤੇ ਮਾਰੂਤੀ ਕਾਰ ਦੇ ਚਲਾਨ ਦਾ ਮੈਸੇਜ ਆਇਆ ਜਿਸ ਨੂੰ ਦੇਖ ਕੇ ਉਹ ਹੈਰਾਨ ਹੋ ਗਏ ਕਿਉਂਕਿ ਪਿਛਲੇ ਕਾਫੀ ਦਿਨਾਂ ਤੋਂ ਉਨ੍ਹਾਂ ਦੀ ਕਾਰ ਬਾਰਿਸ਼ ਕਾਰਣ ਹੋਈ ਲੈਂਡ ਸਲਾਈਡ ਵਿੱਚ ਫਸੀ ਹੋਣ ਕਾਰਣ ਸੜਕ ਤੇ ਨਹੀਂ ਆਈ ਜਦਕਿ ਉਸ ਦਾ ਆਨਲਾਈਨ ਚਲਾਨ 155 ਕਿਲੋਮੀਟਰ ਦੂਰ ਪੰਜਾਬ ਸੂਬੇ ਵਿੱਚ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੱਟ ਹੋਇਆ। ਸੁਆਮੀ ਮਾਨਸੀ ਗਿਰੀ ਨੇ ਦੱਸਿਆ ਕਿ ਜਦੋਂ ਚਲਾਨ ਫਾਰਮ ਦਾ ਪ੍ਰਿੰਟ ਕੱਢ ਕੇ ਧਿਆਨ ਨਾਲ ਦੇਖਿਆ ਤਾਂ ਉੱਪਰ ਸਕੂਟਰੀ ਦੀ ਫੋਟੋ ਲੱਗੀ ਹੋਈ ਸੀ ਜਿਸ 'ਤੇ ਉਨ੍ਹਾਂ ਦੀ ਕਾਰ ਦਾ ਨੰਬਰ ਲਿਖਿਆ ਹੋਇਆ ਸੀ। ਜਿਸ ਤੋਂ ਇਹ ਲੱਗਦਾ ਕਿ ਸ਼ਾਇਦ ਸਕੂਟਰੀ ਉੱਪਰ ਨੰਬਰ ਪਲੇਟ ਜਾਅਲੀ ਲੱਗੀ ਹੋਈ ਸੀ। ਜਿਸ ਨਾਲ ਉਨ੍ਹਾਂ ਦੀ ਸੁਰੱਖਿਆ ਲਈ ਵੱਡਾ ਖਤਰਾ ਪੈਦਾ ਹੋ ਗਿਆ ਹੈ ਜਿਸ ਨੂੰ ਵੇਖਦਿਆਂ ਉਨ੍ਹਾਂ ਇਸ ਵੱਡੀ ਕੋਤਾਹੀ ਲਈ ਆਨ ਲਾਈਨ ਲੋਕ ਮਿੱਤਰ ਪੋਰਟਲ 'ਤੇ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

**ਕੀ ਕਹਿੰਦੇ ਨੇ ਆਰ ਟੀ ਓ**

ਇਸ ਮਾਮਲੇ ਵਿੱਚ ਸੰਪਰਕ ਕਰਨ 'ਤੇ ਹੁਸ਼ਿਆਰਪੁਰ ਦੀ ਆਰਟੀਉ ਅਮਨਦੀਪ ਕੌਰ ਘੁੰਮਣ ਨੇ ਦੱਸਿਆ ਕਿ ਜੇਕਰ ਚਲਾਨ ਗਲਤ ਕੱਟ ਹੋਇਆ ਹੈ ਤਾਂ ਵਾਹਨ ਦਾ ਮਾਲਕ ਆਪਣੀ ਲਿਖਤੀ ਸ਼ਿਕਾਇਤ ਦੇਵੇ ਇਸ ਮਾਮਲੇ ਦੀ ਪੂਰੀ ਜਾਂਚ ਕੀਤੀ ਜਾਵੇਗੀ।

# 'ਵਿੱਤੀ ਗਿਆਨ' ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਖਾਲਸਾ ਕਾਲਜ ਚਵਿੰਡਾ ਦੇਵੀ ਵਿਖੇ ਕਾਮਰਸ ਵਿਭਾਗ ਵੱਲੋਂ ਨਿਸ਼ਮ ਇਨਸਟੀਚਿਊਟ ਦੇ ਸਹਿਯੋਗ ਨਾਲ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਦਾ ਮੁੱਖ ਵਿਸ਼ਾ ਵਿੱਤੀ ਗਿਆਨ ਸੀ।ਇਸ ਵਰਕਸ਼ਾਪ ਦੀ ਆਰੰਭਤਾ ਮੌਕੇ ਕਾਲਜ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਸਭ ਤੋਂ ਪਹਿਲਾਂ ਗੁਲਦਸਤੇ ਭੇਟ ਕਰਦੇ ਹੋਏ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵਿੱਤੀ ਗਿਆਨ ਵਿਸ਼ੇ ਦੀ ਲੋੜ ਅਤੇ ਪ੍ਰਸੰਗਿਕਤਾ ਤੋਂ ਜਾਣੂ ਕਰਵਾਇਆ। ਵਰਕਸ਼ਾਪ ਵਿੱਚ ਨਗੇਸ਼ ਕੁਮਾਰ ਅਤੇ ਮੈਡਮ ਅਨੀਤਾ ਸੈਣੀ ਨੇ ਵੱਖ-ਵੱਖ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਆਰੰਭਿਕ ਸੈਸ਼ਨ ਵਿੱਚ ਨਗੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਪੂੰਜੀ ਬਾਜ਼ਾਰ ਦੀਆਂ ਕਿਸਮਾਂ ਅਤੇ ਪੂੰਜੀ ਬਾਜ਼ਾਰ ਵਿੱਚ ਨਿਵੇਸ਼ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਜਾਣਕਾਰੀ ਦਿੱਤੀ।ਵਿਦਿਆਰਥੀਆਂ ਦਾ ਇੱਕ ਆਨਲਾਈਨ ਕੁਇੱਜ਼ ਮੁਕਾਬਲਾ ਵੀ ਕਰਵਾਇਆ ਗਿਆ।ਵਰਕਸ਼ਾਪ ਦੇ ਦੂਸਰੇ ਸੈਸ਼ਨ ਵਿੱਚ ਮੈਡਮ ਅਨੀਤਾ ਸੈਣੀ ਨੇ ਵਿਦਿਆਰਥੀਆਂ ਨੂੰ ਨਿਵੇਸ਼ ਦੀਆਂ ਵੱਖ-ਵੱਖ ਕਿਸਮਾਂ ਅਤੇ ਲਾਭਾਂ ਉਪਰ ਵਿਸਥਾਰਪੂਰਵਕ ਰੋਸ਼ਨੀ ਪਾਈ। ਇਸ ਮੌਕੇ ਕਾਲਜ ਦੇ ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਹਰਦੇਵ ਸਿੰਘ ਨੇ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਕਿ ਜਲਦ ਹੀ ਵਿਦਿਆਰਥੀਆਂ ਦੀ ਸਹੂਲਤ ਲਈ ਜੀਐੱਸਟੀ ਅਤੇ ਟੈਲੀ ਵਰਗੇ ਸਾਫਟਵੇਅਰ ਨਾਲ ਸੰਬੰਧਿਤ ਪ੍ਰਯੋਗੀ ਕੋਰਸਾਂ ਨੂੰ ਕਾਲਜ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਕਿ ਕਾਮਰਸ ਵਿਸ਼ੇ ਨੂੰ ਵਿਦਿਆਰਥੀਆਂ ਲਈ ਵਧੇਰੇ ਕਿੱਤਾ ਮੁੱਖੀ ਬਣਾਇਆ ਜਾ ਸਕੇ।ਇਸ ਮੌਕੇ ਵਿਭਾਗ ਦੇ ਮੁੱਖੀ ਪ੍ਰੋ. ਹਰਦੇਵ ਸਿੰਘ ਨੇ ਵਿਸ਼ੇਸ਼ ਸਹਿਯੋਗ ਲਈ ਸਮੂਹ ਵਿਭਾਗ ਦੇ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਕਿਸਾਨ ਜਥੇਬੰਦੀ ਨੇ ਹੜ੍ਹਾਂ ਨੂੰ ਮੱਦੇਨਜ਼ਰ ਡੀ ਸੀ ਤਰਨਤਾਰਨ ਨੂੰ ਦਿੱਤਾ ਮੰਗ ਪੱਤਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦਾ ਵਫਦ ਨੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਡੀਸੀ ਤਰਨ ਤਾਰਨ ਨੂੰ ਮੰਗ ਪੱਤਰ ਦਿੱਤਾ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੂਬਾ ਆਗੂ ਦੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਦਿਆਲ ਸਿੰਘ ਮੀਆਂਵਿੰਡ, ਰਣਯੋਧ ਸਿੰਘ ਗੱਗੋਬੂਆ, ਬੀਬੀ ਰਣਜੀਤ ਕੌਰ ਕੱਲਾ ਨੇ ਹੜ੍ਹਾਂ ਦੇ ਕਾਰਨਾਂ ਦੀ ਜਾਂਚ ਲਈ ਸਿਟਿੰਗ ਜੱਜਾਂ ਦੇ ਅਧਾਰ ਤੇ ਜੁਡੀਸ਼ੀਅਲ ਕਮਿਸ਼ਨ ਦਾ ਗਠਨ ਕੀਤਾ ਜਾਵੇ। ਇਸ ਦੇ ਨਾਲ ਵਾਤਾਵਰਨ ਮਾਹਿਰ, ਸਿੰਚਾਈ ਮਾਹਿਰ, ਭੂ ਵਿਗਿਆਨੀ, ਡੈਮ ਪ੍ਰਬੰਧਾਂ ਦੇ ਮਾਹਿਰ, ਵਿਰੋਧੀ ਧਿਰਾਂ ਦੇ ਨੁਮਾਇੰਦੇ ਅਤੇ ਇੱਕ ਨੁਮਾਇੰਦਾ ਸਰਕਾਰੀ ਤੌਰ ਦਾ ਜੋੜਿਆ ਜਾਵੇ। ਦੋਸ਼ੀ ਸਾਬਤ ਹੋਣ ਵਾਲੇ ਸਿਆਸੀ ਲੋਕਾਂ ਅਤੇ ਵੱਡੇ ਤੋਂ ਛੋਟੇ ਅਧਿਕਾਰੀਆਂ ਤੱਕ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਹੜ੍ਹਾਂ ਵਿੱਚ ਜਾਨ ਗਵਾਉਣ ਵਾਲਿਆਂ ਨੂੰ ਇਹ ਕਰੋੜ ਰੁਪਏ ਮੁਆਵਜ਼ਾ ਦਿੱਤਾ ਜਾਵੇ।ਭੇਡਾਂ ਬੱਕਰੀਆਂ ਅਤੇ ਪੋਲਟਰੀ ਫਾਰਮ ਦੇ ਨੁਕਸਾਨ ਦੀ 100 ਪ੍ਰਤੀਸ਼ਤ ਭਰਪਾਈ ਕੀਤੀ ਜਾਵੇ।ਅਗਲੀ ਫ਼ਸਲ ਦੀ ਬਜਾਈ ਲਈ ਮੁਫ਼ਤ ਬੀਜ ਅਤੇ ਖਾਦ ਦਿੱਤੀ ਜਾਣ।ਬੰਨ੍ਹਾਂ ਦੀ ਪੱਕੀ ਉਸਾਰੀ ਕਰਕੇ ਨੁਕਸਾਨ ਰੋਕਿਆ ਜਾ ਸਕਦਾ ਹੈ। ਕਿਸਾਨਾਂ ਨੂੰ ਦਰਿਆ ਤੋਂ ਬਾਹਰ ਬਰਾਬਰ ਮਿਣਤੀ ਵਿੱਚ ਜ਼ਮੀਨ ਅਲਾਟ ਕੀਤੀ ਜਾਵੇ।ਆਗੂਆਂ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਯੋਗ ਸਹਾਇਤਾ ਜਥੇਬੰਦੀ ਵੱਲੋਂ ਕੀਤੀ ਜਾਵੇਗੀ।

# ਹੜ੍ਹ ਪੀੜਤਾਂ ਨੂੰ ਟੁੱਟੇ ਮਕਾਨਾਂ ਲਈ ਤਰਪਾਲਾਂ ਤੇ ਪਸ਼ੂਆਂ ਲਈ ਚਾਰਾ ਵੰਡਿਆ



**ਪਠਾਨਕੋਟ (ਦਵਿੰਦਰ ਸਿੰਘ)-** ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਕਾਨੂੰਨੀ ਸੇਵਾ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਜ਼ਿਲ੍ਹਾ ਅਤੇ ਸੈਸ਼ਨ ਜਤਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਪਠਾਨਕੋਟ ਵਿੱਚ ਹੜ ਪੀੜਤਾਂ ਦੀ ਮਦਦ ਲਈ ਬਣਾਈ ਗਈ ਜੁਡੀਸ਼ਲੀ ਕਮੇਟੀ ਵੱਲੋਂ ਕੀਤੇ ਗਏ ਸਰਵੇ ਦੇ ਮੁਤਾਬਕ ਜ਼ਿਲ੍ਹਾ ਪਠਾਨਕੋਟ ਦੇ ਵੱਖ-ਵੱਖ ਜਗ੍ਹਾ ਵਿੱਚ ਹਾੜ ਪੀੜਤਾਂ ਦੀ ਮਦਦ ਕੀਤੀ ਗਈ, ਉੱਥੇ ਹੀ ਮਲਿਕਪੁਰ ਗੁਜਰਾਂ ਦੀ ਬਸਤੀ ਵਿੱਚ ਪਸ਼ੂ ਪਾਲਣ ਵਿਭਾਗ ਦੇ ਸਹਿਯੋਗ ਨਾਲ ਜਿਨਾਂ ਦੇ ਮਕਾਨ ਹੜ ਦੇ ਚਲਦੇ ਟੁੱਟ ਗਏ ਸੀ, ਉਨ੍ਹਾਂ ਨੂੰ ਤਰਪਾਲਾਂ ਵੰਡੀਆਂ ਗਈਆਂ ਅਤੇ ਪਸ਼ੂਆਂ ਲਈ ਚਾਰਾ ਮੁਹੱਈਆ ਕਰਵਾਇਆ ਗਿਆ। ਇਸ ਮੌਕੇ ਤੇ ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂਆਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਵੈਕਸੀਨ ਲਗਾਈ ਗਈ।ਇਸ ਮੌਕੇ ਤੇ ਸੀਜੇਐੱਮ ਰੁਪਿੰਦਰ ਸਿੰਘ ਨੂੰ ਗੁਜਰ ਬਸਤੀ ਦੇ ਲੋਕਾਂ ਨੇ ਦੱਸਿਆ ਕਿ ਉਹ 40 ਸਾਲ ਤੋਂ ਇੱਥੇ ਰਹਿ ਰਹੇ ਹਨ ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਵੀ ਪੱਕਾ ਰਸਤਾ ਨਹੀਂ ਮਿਲਿਆ ਜਿਸ ਕਾਰਨ ਉਹਨਾਂ ਨੂੰ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬਰਸਾਤ ਦੇ ਦਿਨਾਂ ਵਿੱਚ ਉਹ ਇੱਕ ਟਾਪੂ ਦੇ ਰੂਪ ਵਿੱਚ ਬਣ ਜਾਂਦੇ ਹਨ।ਉਹਨਾਂ ਮੰਗ ਕੀਤੀ ਕਿ ਉਨ੍ਹਾਂ ਨੂੰ ਰਸਤਾ ਮੁਹੱਈਆ ਕਰਵਾਇਆ ਜਾਵੇ, ਜਿਸ ਤੇ ਸੀਜੇਐੱਮ ਰੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇ ਕੇ ਕਾਨੂੰਨੀ ਤਰੀਕੇ ਨਾਲ ਉਨਾਂ ਨੂੰ ਰਸਤਾ ਦਿਵਾਇਆ ਜਾਵੇਗਾ। ਇਸ ਮੌਕੇ ਚੀਫ ਡਿਫੈਂਸ ਕੌਂਸਲ ਪ੍ਰਭਦੀਪ ਸਿੰਘ ਸੰਧੂ, ਸੀਨੀਅਰ ਵੈਟਰਨਰੀ ਅਫਸਰ ਡਾਕਟਰ ਵਿਜੇ ਕੁਮਾਰ, ਡਾਕਟਰ ਅਮਨਦੀਪ, ਪੀਐੱਲਵੀ ਵਿਨੋਦ ਕੁਮਾਰ, ਅਮਰੀਕ ਸਿੰਘ ਆਦਿ ਸ਼ਾਮਿਲ ਸਨ।

# ਐਲ ਪੀ ਯੂ ਦੇ ਵਿਦਿਆਰਥੀਆਂ ਨੇ ਫੈਸ਼ਨ ਵੀਕ 2025 ਵਿੱਚ ਆਪਣੇ ਡਿਜ਼ਾਈਨ ਪ੍ਰਦਰਸ਼ਿਤ ਕੀਤੇ



**ਜਲੰਧਰ (ਸ਼ੈਲੀ ਐਲਬਰਟ)-** ਕਿਸੇ ਵੀ ਫੈਸ਼ਨ ਡਿਜ਼ਾਈਨਰ ਦੀ ਯਾਤਰਾ ਇੱਕ ਸੁਪਨੇ ਨਾਲ ਸ਼ੁਰੂ ਹੁੰਦੀ ਹੈ ਕਿ ਉਹ ਆਪਣੀਆਂ ਰਚਨਾਵਾਂ ਨੂੰ ਇੱਕ ਵੱਡੇ ਫੈਸ਼ਨ ਵੀਕ ਦੇ ਰਨਵੇਅ 'ਤੇ ਚੱਲਦੇ ਦੇਖਣ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਵਿਦਿਆਰਥੀਆਂ ਲਈ, ਇਹ ਸੁਪਨਾ ਦੂਜੇ ਵਿਦਿਆਰਥੀਆਂ ਨਾਲੋਂ ਬਹੁਤ ਪਹਿਲਾਂ ਸੱਚ ਹੋ ਗਿਆ, ਕਿਉਂਕਿ ਉਹ ਅਕਾਦਮਿਕ ਸਟੂਡੀਓ ਤੋਂ ਚੰਡੀਗੜ੍ਹ ਟਾਈਮਜ਼ ਫੈਸ਼ਨ ਵੀਕ 2025 ਦੇ ਆਕਰਸ਼ਣ ਦੇ ਕੇਂਦਰ ਵਿੱਚ ਚਲੇ ਗਏ। ਪਰੰਪਰਾ ਅਤੇ ਨਵੀਨਤਾ ਦੇ ਇੱਕ ਸ਼ਾਨਦਾਰ ਸੁਮੇਲ ਵਿੱਚ, ਪਹਿਲੇ ਤੋਂ ਚੌਥੇ ਸਾਲ ਦੇ ਫੈਸ਼ਨ ਵਿਦਿਆਰਥੀਆਂ ਨੇ ਦ ਲਲਿਤ ਚੰਡੀਗੜ੍ਹ ਵਿੱਚ ਦਰਸ਼ਕਾਂ ਨੂੰ ਮੋਹਿਤ ਕੀਤਾ। ਫੈਸ਼ਨ ਵੀਕ ਨਾਲ ਯੂਨੀਵਰਸਿਟੀ ਦੇ ਸਹਿਯੋਗ ਨੇ ਇੱਕ ਵਿਲੱਖਣ ਉਦਯੋਗ-ਅਗਵਾਈ ਵਾਲਾ ਪਲੇਟਫਾਰਮ ਪ੍ਰਦਾਨ ਕੀਤਾ ਜਿਸਨੇ 45 ਚਾਹਵਾਨ ਡਿਜ਼ਾਈਨਰਾਂ ਨੂੰ 136 ਕੱਪੜਿਆਂ ਸਮੇਤ 45 ਸ਼ਾਨਦਾਰ ਡਿਜ਼ਾਈਨ ਪ੍ਰਦਰਸ਼ਿਤ ਕਰਨ ਦਾ ਮੌਕਾ ਦਿੱਤਾ। ਹਰੇਕ ਕੱਪੜਾ ਰੀਗਲ ਅੰਬਰਜ਼, ਕੋਲਮ, ਰੰਗਾਇਣ, ਸਿੰਧੂਰੀ ਅਤੇ ਡਿਵਾਈਨ ਨਾਰੀਵਾਦ ਦੇ ਥੀਮਾਂ ਦੇ ਆਲੇ-ਦੁਆਲੇ ਸੋਚ-ਸਮਝ ਕੇ ਤਿਆਰ ਕੀਤਾ ਗਿਆ ਸੀ। ਇਹ ਡਿਜ਼ਾਈਨ ਭਾਰਤ ਦੀ ਅਮੀਰ ਟੈਕਸਟਾਈਲ ਵਿਰਾਸਤ ਦਾ ਸਨਮਾਨ ਕਰਨ ਵਾਲੇ ਸੂਝਵਾਨ ਕਾਰੀਗਰੀ, ਟਿਕਾਊ ਅਭਿਆਸਾਂ ਅਤੇ ਸਮਕਾਲੀ ਡਿਜ਼ਾਈਨ ਦੁਆਰਾ ਜੀਵਨ ਵਿੱਚ ਆਏ। ਫੈਸ਼ਨ ਵੀਕ ਵਿੱਚ ਉੱਭਰ ਰਹੀਆਂ ਅਤੇ ਸਥਾਪਿਤ ਪ੍ਰਤਿਭਾਵਾਂ ਵਿਚਕਾਰ ਮਹੱਤਵਪੂਰਨ ਸਹਿਯੋਗ ਵੀ ਦੇਖਿਆ ਗਿਆ, ਜਿਸ ਵਿੱਚ ਐਲਪੀਯੂ ਦੇ ਵਿਦਿਆਰਥੀਆਂ ਨੇ ਪ੍ਰਸਿੱਧ ਡਿਜ਼ਾਈਨਰ ਅੰਜਲੀ ਅਰਜੁਨ ਕਪੂਰ, ਸਿਧਾਰਥ ਕੱਕੜ, ਬਾਬੀ ਗਰੇਵਾਲ ਅਤੇ ਛਬੀ ਅਗਰਵਾਲ ਨਾਲ ਸਟੇਜ ਸਾਂਝਾ ਕੀਤਾ। ਸੇਲਿਬ੍ਰਿਟੀ ਸ਼ੋਅਸਟਾਪਰ ਅਪਾਰਸ਼ਕਤੀ ਖੁਰਾਨਾ, ਸੋਨਲ ਚੌਹਾਨ ਅਤੇ ਮਧੁਰਿਮਾ ਤੁਲੀ ਨੇ ਪੇਸ਼ੇਵਰ ਅਤੇ ਵਿਦਿਆਰਥੀ ਡਿਜ਼ਾਈਨਰਾਂ ਦੋਵਾਂ ਦੁਆਰਾ ਬਣਾਏ ਗਏ ਡਿਜ਼ਾਈਨ ਪਹਿਨ ਕੇ ਰਨਵੇਅ 'ਤੇ ਚੱਲੇ।

# ਬਲਾਕ ਤਰਸਿੱਕਾ ਦੀ ਬਹਾਲੀ ਨੂੰ ਲੈ ਕੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਬਲਾਕ ਤਰਸਿੱਕਾ ਨੂੰ ਖ਼ਤਮ ਕਰਨ ਦੇ ਸਰਕਾਰੀ ਫੈਸਲੇ ਵਿਰੁੱਧ ਲੋਕਾਂ ਦਾ ਰੋਹ ਭੜਕ ਉੱਠਿਆ ਹੈ।ਬਲਾਕ ਤਰਸਿੱਕਾ ਬਚਾਓ ਮੋਰਚੇ ਦੇ ਸੱਦੇ 'ਤੇ ਇਲਾਕੇ ਦੇ ਲੋਕਾਂ ਨੇ ਇੱਕ ਵਿਸ਼ਾਲ ਟਰੈਕਟਰ ਰੋਸ ਮਾਰਚ ਕੱਢ ਕੇ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਹ ਮਾਰਚ ਇੰਨਾ ਵੱਡਾ ਸੀ ਕਿ ਇਸ ਵਿੱਚ 400 ਤੋਂ ਵੱਧ ਟਰੈਕਟਰਾਂ ਨੇ ਹਿੱਸਾ ਲਿਆ, ਜਿਸ ਨਾਲ ਲਗਭਗ ਚਾਰ ਕਿਲੋਮੀਟਰ ਲੰਬਾ ਕਾਫ਼ਲਾ ਬਣ ਗਿਆ।ਇਹ ਵਿਸ਼ਾਲ ਕਾਫ਼ਲਾ ਵੱਖ-ਵੱਖ ਪਿੰਡਾਂ ਵਿੱਚੋਂ ਲੰਘਿਆ ਜਿੱਥੇ ਲੋਕਾਂ ਨੇ ਟਰੈਕਟਰ ਮਾਰਚ ਦਾ ਖੁੱਲ੍ਹ ਕੇ ਸਮਰਥਨ ਕੀਤਾ।ਲੋਕਾਂ ਦਾ ਜੋਸ਼ ਦੇਖਣ ਵਾਲਾ ਸੀ।ਕਈ ਥਾਵਾਂ ਤੇ ਲੋਕਾਂ ਨੇ ਰੋਸ ਮਾਰਚ ਵਿੱਚ ਸ਼ਾਮਲ ਲੋਕਾਂ ਲਈ ਠੰਢੇ, ਜਲ ਅਤੇ ਚਾਹ ਦਾ ਪ੍ਰਬੰਧ ਵੀ ਕੀਤਾ।ਇਸ ਨਾਲ ਇਹ ਸਾਫ਼ ਹੋ ਗਿਆ ਹੈ ਕਿ ਇਸ ਮੁੱਦੇ 'ਤੇ ਇਲਾਕੇ ਦੇ ਲੋਕ ਪੂਰੀ ਤਰ੍ਹਾਂ ਇੱਕਜੁੱਟ ਹਨ ਅਤੇ ਉਨ੍ਹਾਂ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ। ਇਸ ਰੋਸ ਮਾਰਚ ਦੀ ਸਮਾਪਤੀ ਮਹਿਤਾ ਚੌਂਕ ਦੀ ਦਾਣਾ ਮੰਡੀ ਵਿੱਚ ਹੋਈ, ਜਿੱਥੇ ਮੋਰਚੇ ਦੇ ਆਗੂਆਂ ਨੇ ਭਗਵੰਤ ਮਾਨ ਸਰਕਾਰ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦਾ ਪੁਤਲਾ ਫੂਕਿਆ।ਇਸ ਮੌਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਕਾਮਰੇਡ ਸੰਗਠਨਾਂ ਦੇ ਆਗੂਆਂ ਨੇ ਇਕ ਮੰਚ ਤੋਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਤੁਰੰਤ ਬਲਾਕ ਤਰਸਿੱਕਾ ਦੀ ਬਹਾਲੀ ਦਾ ਨੋਟੀਫਿਕੇਸ਼ਨ ਜਾਰੀ ਨਾ ਕੀਤਾ, ਤਾਂ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਿਕ ਆਗੂ, ਜਥੇਬੰਦੀਆਂ ਦੇ ਨੁਮਾਇੰਦੇ ਅਤੇ ਇਲਾਕੇ ਦੇ ਆਮ ਲੋਕ ਮੌਜੂਦ ਸਨ, ਜੋ ਸਰਕਾਰ ਦੇ ਫੈਸਲੇ ਤੋਂ ਬੇਹੱਦ ਨਾਰਾਜ਼ ਸਨ।

# ਦਸਮੇਸ਼ ਵਿੱਦਿਅਕ ਸੰਸਥਾਵਾਂ ਨੇ ਹੜ੍ਹ ਪੀੜਤਾਂ ਲਈ 2,91,000 ਰੁਪਏ ਅਤੇ ਰਾਹਤ ਸਮੱਗਰੀ ਭੇਜੀ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-** ਇਲਾਕੇ ਦੀਆਂ ਨਾਮਵਰ ਵਿੱਦਿਅਕ ਸੰਸਥਾਵਾਂ ਦਸਮੇਸ਼ ਵਿੱਦਿਅਕ ਸੰਸਥਾਵਾਂ ਬਾਬਾ ਬਕਾਲਾ ਸਾਹਿਬ ਅਤੇ ਮਹਿਤਾ ਚੌਂਕ ਦੇ ਸਮੂਹ ਅਦਾਰੇ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ ਬਾਬਾ ਬਕਾਲਾ ਸਾਹਿਬ, ਦਸਮੇਸ਼ ਪਬਲਿਕ ਸੀਨੀ. ਸੈਕੰ. ਮਹਿਤਾ ਚੌਂਕ, ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ, ਨਿਊ ਇੰਡੀਅਨ ਪਬਲਿਕ ਸਕੂਲ ਬੁਤਾਲਾ, ਸ੍ਰੀ ਕਲਗੀਧਰ ਪਬਲਿਕ ਸਕੂਲ ਬੁਤਾਲਾ, ਬੀਐੱਸਟੀ ਸੂਜੋਕਾਲੀਆ, ਬੀਐੱਸਟੀ ਬਿਹਾਰੀਪੁਰ, ਦੂਨ ਪਬਲਿਕ ਸਕੂਲ ਹੁਸ਼ਿਆਰਪਰ, ਅਲਪਾਈਨ ਪਬਲਿਕ ਸਕੂਲ ਭੱਠਨੂਰਾਂ ਕਲਾਂ ਵੱਲੋਂ ਕੱਪੜੇ, ਬਿਸਤਰੇ, ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤੂਆਂ ਦੀ ਖੇਪ ਅਤੇ 2,91,000 ਰੁਪਏ ਦੀ ਰਾਸ਼ੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਵੱਲੋਂ ਪੁੱਜੇ ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ ਚੌਂਕ ਨੂੰ ਸੌਂਪੀ ਗਈ।ਉਪਰੋਕਤ ਸਕੂਲਾਂ ਦੇ ਸਮੂਹ ਪ੍ਰਿੰਸੀਪਲ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਇਨ੍ਹਾਂ ਰਾਹਤ ਕਾਰਜਾਂ ਵਿੱਚ ਉਚੇਚੇ ਤੌਰ ਤੇ ਹਰ ਤਰਾਂ ਦੀ ਰਾਹਤ ਸਮੱਗਰੀ ਅਤੇ ਨਕਦ ਰਾਸ਼ੀ ਨਾਲ ਸਹਿਯੋਗ ਕੀਤਾ ਗਿਆ। ਇਸ ਮੌਕੇ ਦਸਮੇਸ਼ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਕੁਲਬੀਰ ਸਿੰਘ ਮਾਨ, ਮੀਤ ਪ੍ਰਧਾਨ ਕੁਲਵੰਤ ਸਿੰਘ ਕੁਹਾੜ, ਹਰਸ਼ਦੀਪ ਸਿੰਘ ਰੰਧਾਵਾ, ਚੇਅਰਮੈਨ ਸੁਰਜੀਤ ਸਿੰਘ ਕੰਗ, ਅਵਤਾਰ ਸਿੰਘ ਬੁੱਟਰ, ਭਾਈ ਪ੍ਰਕਾਸ਼ ਸਿੰਘ, ਭਾਈ ਹਰਭਜਨ ਸਿੰਘ, ਪਰਮਿੰਦਰ ਸਿੰਘ ਮਹਿਤਾ, ਗੁਰਿੰਦਰਜੀਤ ਸਿੰਘ ਬੁੱਟਰ, ਭਾਈ ਨਿਰਮਲ ਸਿੰਘ ਅਤੇ ਸਕੂਲ ਸਟਾਫ਼ ਮੈਂਬਰ ਹਾਜ਼ਰ ਸਨ।

# ਪਰਾਲੀ ਦੀ ਸੰਭਾਲ ਤੇ ਹੜ੍ਹ ਰੋਕੂ ਪ੍ਰਬੰਧਾਂ 'ਚ ਵੀ ਨਰੇਗਾ ਮਜ਼ਦੂਰਾਂ ਨੂੰ ਕੰਮ ਦਿੱਤਾ ਜਾਵੇ : ਜਗਸੀਰ ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)** ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਵੱਲੋਂ ਬਲਾਕ ਬਾਘਾ ਪੁਰਾਣਾ ਦੇ ਪਿੰਡਾਂ ਬੰਬੀਹਾ ਭਾਈ ਤੇ ਵਾਂਦਰ ਵਿਖੇ ਨਰੇਗਾ ਮਜ਼ਦੂਰਾਂ ਨਾਲ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ। ਨਰੇਗਾ ਕਾਮਿਆਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ ਕਿਹਾ ਕਿ ਮਸ਼ੀਨਰੀ ਯੁੱਗ ਵਿੱਚ ਜਦੋਂ ਦਿਨੋ ਦਿਨ, ਪਿੰਡਾਂ ਦੇ ਕਿਰਤੀਆਂ ਕੋਲੋਂ ਰੁਜ਼ਗਾਰ ਖੁੱਸਦਾ ਜਾ ਰਿਹਾ ਤੇ ਹਰ ਖੇਤਰ ਵਿੱਚ ਮਜ਼ਦੂਰਾਂ ਦੇ ਹੱਥੀਂ ਕਰਨ ਵਾਲਾ ਕੰਮ ਮਸ਼ੀਨਰੀ ਨੇ ਸਾਂਭ ਲਿਆ ਹੈ। ਇਸ ਮੌਕੇ ਨਰੇਗਾ ਵਰਗਾ ਕਾਨੂੰਨ ਉਨ੍ਹਾਂ ਲਈ ਵਰਦਾਨ ਸਾਬਤ ਹੋ ਸਕਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਮੌਜੂਦਾ ਸਰਕਾਰਾਂ ਤੇ ਅਫਸਰਸ਼ਾਹੀ ਨਰੇਗਾ ਨੂੰ ਖਤਮ ਕਰਨ 'ਤੇ ਤੁਲੀਆਂ ਹੋਈਆਂ ਹਨ।ਉਨ੍ਹਾਂ ਕਿਹਾ ਕਿ ਜਿੱਥੇ ਕੇਂਦਰ ਸਰਕਾਰ ਹਰ ਸਾਲ ਨਰੇਗਾ ਬਜਟ ਘਟਾ ਰਹੀ ਹੈ, ਉਥੇ ਪੰਜਾਬ ਵਿੱਚ ਕੀਤੇ ਜਾਣ ਵਾਲੇ ਬਹੁਤ ਸਾਰੇ ਕੰਮਾਂ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।ਉਨ੍ਹਾਂ ਮਜ਼ਦੂਰਾਂ ਨੂੰ ਕਿਹਾ ਕਿ ਨਰੇਗਾ ਤਹਿਤ 100 ਦਿਨ ਦੀ ਗਰੰਟੀ ਲੈਣ ਲਈ ਕੰਮ ਦੀਆਂ ਅਰਜ਼ੀਆਂ ਭਰ ਕੇ ਉਨ੍ਹਾਂ ਦੀਆਂ ਰਸੀਦਾਂ ਲਾਜ਼ਮੀ ਲਵੋ ਤੇ ਜੇਕਰ ਸਰਕਾਰ 15 ਦਿਨ ਦੇ ਅੰਦਰ ਕੰਮ ਨਹੀਂ ਦਿੰਦੀ ਤਾਂ ਬੇਰੁਜ਼ਗਾਰੀ ਭੱਤਾ ਕਲੇਮ ਕੀਤਾ ਜਾਵੇ। ਇਸ ਮੌਕੇ ਸੀ.ਪੀ. ਆਈ. ਦੇ ਬਲਾਕ ਸਕੱਤਰ ਗੁਰਮੀਤ ਸਿੰਘ ਵਾਂਦਰ, ਮੇਟ ਰਵਿੰਦਰ ਕੌਰ ਬੰਬੀਹਾ ਭਾਈ, ਮੇਟ ਸੁਨੀਤਾ ਰਾਣੀ ਵਾਂਦਰ ਤੇ ਅਮਰਜੀਤ ਕੌਰ ਬੰਬੀਹਾ ਭਾਈ ਹਾਜ਼ਰ ਸਨ।

# ਅਧਿਆਪਕ ਦਿਵਸ ਦੇ ਸੰਬੰਧ 'ਚ ਸਮਾਰੋਹ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਰੋਟਰੀ ਕਲਬ ਆਫ ਹੁਸ਼ਿਆਰਪੁਰ ਵੱਲੋਂ ਅਧਿਆਪਕ ਦਿਵਸ ਦੇ ਸਬੰਧ ਵਿੱਚ ਇੱਕ ਪਰਵਾਰਕ ਸਮਾਰੋਹ ਭਾਗਿਆ ਤਾਰਾ ਚੈਰੀਟੇਬਲ ਟ੍ਰਸਟ ਦੇ ਹਾਲ ਵਿੱਚ ਪ੍ਰਧਾਨ ਟਿਮਾਟਨੀ ਆਹਲੂਵਾਲੀਆ ਦੀ ਅਗਵਾਈ ਵਿੱਚ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਲਲੀਤਾ ਅਰੋੜਾ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ। ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪੀ.ਡੀ.ਜੀ. ਸੁਰਿੰਦਰ ਵਿਜ ਅਤੇ ਜੀ. ਐਸ. ਬਾਵਾ ਇਸ ਸਮਾਰੋਹ ਵਿੱਚ ਸਾਰੇ ਰੋਟੇਰੀਅਨ ਪਰਿਵਾਰਕ ਮੈਂਬਰ, ਅਧਿਆਪਕ ਅਤੇ ਮਹਿਮਾਨ ਸ਼ਾਮਿਲ ਹੋਏ ਅਤੇ ਇਸ ਸਮਾਰੋਹ ਨੂੰ ਕਾਮਯਾਬ ਕਰਵਾਉਣ ਵਿੱਚ ਪ੍ਰੋਜੈਕਟ ਡਾਇਰੈਕਟਰ ਰੋਟੇਰੀਅਨ ਰਾਜਿੰਦਰ ਮੋਦਗਿਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਤੇ ਅਲੱਗ-ਅਲੱਗ ਸਕੂਲਾਂ ਤੋਂ 17 ਅਧਿਆਪਕਾਂ ਨੂੰ ਸਰਟੀਫਿਕੇਟ, ਮੋਮੈਂਟੋ, ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਅਧਿਆਪਕਾਂ ਦੀ ਸਿਲੈਕਸ਼ਨ ਵਿੱਚ ਅਵਾਰਡ ਕਮੇਟੀ ਦੁਆਰਾ ਮਹਿਨਤ ਸਦਕਾ ਮੈਰਿਟ ਦੇ ਆਧਾਰ ਤੇ ਕੀਤਾ ਗਿਆ। ਸਭ ਤੋਂ ਪਹਿਲਾ ਰਾਸ਼ਟਰੀ ਗੀਤ ਨਾਲ ਸਮਾਰੋਹ ਸ਼ੁਰੂ ਕੀਤਾ ਗਿਆ ਪ੍ਰਧਾਨ ਟਿਮਾਟਨੀ ਆਹਲੂਵਾਲੀਆਂ ਨੇ ਸੰਬੋਧਨ ਕੀਤਾ ਫਿਰ ਸੱਕਤਰ ਅਤੇ ਪ੍ਰੋਜੈਕਟ ਡਾਇਰੈਕਟਰ ਰਾਜਿੰਦਰ ਮੋਦਗਿਲ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਮਹਿਮਾਨ ਵਕਤਾ ਸ਼੍ਰੀ ਜਤਿੰਦਰ ਸਿੰਘ ਐਸ.ਐਸ. ਟੀਚਰ ਸਰਕਾਰੀ ਸਕੂਲ ਘੰਟਾ ਘਰ ਨੇ ਵਿਸਤਾਰਪੂਰਕ ਅਧਿਆਪਕ ਦਿਵਸ ਦੀ ਮਹਾਨਤਾ ਬਾਰੇ ਦੱਸਿਆ। ਲਲੀਤਾ ਅਰੋੜਾ ਜ਼ਿਲ੍ਹਾ ਅਫਸਰ ਸੈਕੰਡਰੀ ਨੇ ਆਪਣੇ ਸੰਬੋਧਨ ਵਿੱਚ ਰੋਟਰੀ ਕਲੱਬ ਦੀ ਰੋਟਰੀ ਕਲੱਬ ਦੀ ਜਮ ਕੇ ਤਰੀਫ ਕੀਤੀ ਅਤੇ ਕਿਹਾ ਰੋਟਰੀ ਕਲੱਬ ਵਿੱਚ ਆ ਕੇ ਉਹਨਾ ਨੂੰ ਆਪਣੇ ਘਰ ਵਰਗਾ ਮਾਹੌਲ ਮਿਲਦਾ ਹੈ। ਇਸ ਮੌਕੇ ਤੇ ਰੋਟੇਰੀਅਨ ਸੁਰਿੰਦਰ ਵਿਜ, ਜੀ.ਐਸ. ਬਾਵਾ, ਪ੍ਰਧਾਨ ਟਿਮਾਟਨੀ ਆਹਲੂਵਾਲੀਆ, ਸਕੱਤਰ ਸੰਜੀਵ ਕੁਮਾਰ, ਪ੍ਰੋਜੈਕਟ ਚੈਅਰਮੈਨ ਰਜਿੰਦਰ ਮੋਦਗਿਲ, ਸਹਾਇਕ ਗਵਰਨਰ ਸਨੇਹ ਜੈਨ, ਅਸ਼ੋਕ ਜੈਨ, ਰਵੀ ਜੈਨ, ਜਸਵਿੰਦਰ ਬਾਵਾ ਆਦਿ ਸ਼ਾਮਿਲ ਸਨ।

# ਸਾਰਾਗੜ੍ਹੀ ਸ਼ਹੀਦਾਂ ਦੀ ਬਰਸੀ 25 ਨੂੰ



**ਚੋਹਲਾ ਸਾਹਿਬ (ਰਮਨ ਚੱਢਾ)-** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਥੋਂ ਨਜ਼ਦੀਕੀ ਪਿੰਡ ਧੁੰਨ ਢਾਏ ਵਾਲਾ ਵਿਖੇ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਬਰਸੀ 25 ਸਤੰਬਰ ਨੂੰ ਮਨਾਈ ਜਾਵੇਗੀ। ਇਸ ਸਬੰਧੀ ਹੋਣ ਜਾਣਕਾਰੀ ਦਿੰਦੇ ਹੋਏ ਮੇਜਰ ਜਰਨਲ ਬਲਵੰਤ ਸਿੰਘ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ, ਸਾਬਕਾ ਸੈਨਿਕਾਂ ਅਤੇ ਸ਼ਹੀਦ ਨਾਇਕ ਲਾਲ ਸਿੰਘ ਦੇ ਪਰਿਵਾਰ ਦੇ ਸਹਿਯੋਗ ਨਾਲ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਬਰਸੀ ਸਮਾਗਮ ਧੁੰਨ ਢਾਏ ਵਾਲਾ ਵਿਖੇ ਮਨਾਈ ਜਾਵੇਗੀ ਜਿਸ ਵਿੱਚ ਫੌਜ ਦੀ ਟੁਕੜੀ ਸ਼ਹੀਦਾਂ ਨੂੰ ਸਲਾਮੀ ਦੇਵੇਗੀ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੀ ਦੇਖ-ਰੇਖ ਸਾਰਾਗੜ੍ਹੀ ਫਾਊਂਡੇਸ਼ਨ ਅਮਰੀਕਾ ਮੇਜਰ ਜਰਨਲ ਰਿਟਾਇਰਡ ਬਲਵਿੰਦਰ ਸਿੰਘ ਅਤੇ ਡਾਕਟਰ ਬਲਜੀਤ ਕੌਰ ਕਰਨਗੇ। ਇਸ ਸਮੇਂ ਚੇਅਰਮੈਨ ਸ਼ੁਬੇਗ ਸਿੰਘ ਧੁੰਨ, ਬਲਰਾਜ ਸਿੰਘ, ਸੁਰਜੀਤ ਸਿੰਘ, ਹੰਸਾ ਸਿੰਘ, ਜੁਗਰਾਜ ਸਿੰਘ, ਮਨਜਿੰਦਰ ਸਿੰਘ, ਚਮਕੌਰ ਸਿੰਘ, ਸੂਬੇਦਾਰ ਰਸ਼ਪਾਲ ਸਿੰਘ, ਚਰਨਜੀਤ ਸਿੰਘ, ਗੁਰਜੀਤ ਸਿੰਘ, ਪਲਵਿੰਦਰ ਸਿੰਘ, ਸਰਪੰਚ ਜਗਰੂਪ ਸਿੰਘ, ਸੋਹਣ ਸਿੰਘ, ਨਿਰਵੈਲ ਸਿੰਘ, ਸੂਬੇਦਾਰ ਲਖਮੀਰ ਸਿੰਘ ਆਦਿ ਹਾਜ਼ਰ ਸਨ।

# ਐੱਨ ਪੀ ਈ ਪੀ ਤਹਿਤ ਜ਼ਿਲ੍ਹਾ ਪੱਧਰੀ ਰੋਲ ਪਲੇਅ, ਲੋਕ ਨਾਚ ਤੇ ਰੈੱਡ ਰਿਬਨ ਪੀਸ ਮੁਕਾਬਲੇ ਕਰਾਏ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਡਾਇਰੈਕਟਰ ਐੱਸਸੀਈਆਰਟੀ ਪੰਜਾਬ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਮੁਨੀਲਾ ਅਰੋੜਾ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਦੀ ਯੋਗ ਅਗਵਾਈ ਤਹਿਤ ਸਫ਼ਲਤਾ ਪੂਰਵਕ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਜੀਦਪੁਰ ਵਿਖੇ ਕਰਾਏ ਗਏ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੁਨੀਲਾ ਅਰੋੜਾ ਨੇ ਦੱਸਿਆ ਕਿ ਇਹ ਮੁਕਾਬਲੇ ਵਿਦਿਆਰਥੀਆਂ ਵਿਚ ਜਾਗਰੂਕਤਾ ਪੈਦਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਨਾਲ ਵਿਦਿਆਰਥੀਆਂ 'ਚ ਭੇਦਭਾਵ ਦੀ ਭਾਵਨਾ ਖਤਮ ਹੁੰਦੀ ਹੈ, ਚੰਗਾ ਤੇ ਨਰੋਇਆ ਸਮਾਜ ਸਿਰਜਿਆ ਜਾਂਦਾ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ, ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਡਾ. ਸਤਿੰਦਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੇ ਦੱਸਿਆ ਕਿ ਰੈੱਡ ਰਿਬਨ ਕੁਇਜ਼ ਮੁਕਾਬਲੇ ਦੇ ਪਹਿਲੇ ਤਿੰਨ ਜੇਤੂਆਂ ਨੂੰ ਕ੍ਰਮਵਾਰ 4000 ਪਹਿਲਾ ਇਨਾਮ, 3000 ਦੂਜਾ ਇਨਾਮ, 2000 ਤੀਜਾ ਇਨਾਮ ਵਿਭਾਗ ਵੱਲੋਂ ਦਿੱਤਾ ਗਿਆ। ਜ਼ਿਲ੍ਹਾ ਨੋਡਲ ਅਫ਼ਸਰ ਅਸ਼ਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੇ ਜੇਤੂ ਹੁਣ ਆਉਣ ਵਾਲੇ ਦਿਨਾਂ ਵਿਚ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲੈਣਗੇ। ਇਸ ਮੌਕੇ ਜੱਜ ਸਾਹਿਬਾਨ ਦੀ ਭੂਮਿਕਾ ਰੁਪਿੰਦਰ ਕੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰ ਖਾਂ, ਰਵੀਇੰਦਰ ਸਿੰਘ, ਗੁਰਵਿੰਦਰ ਸਿੰਘ, ਸੁਮਿਤ ਪਾਲ ਸਿੰਘ, ਸ਼ਰੁਤੀ, ਅਮਨਪ੍ਰੀਤ ਕੌਰ ਨੇ ਨਿਭਾਈ। ਸੁਰਿੰਦਰ ਕੌਰ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਜੀਦਪੁਰ ਤੇ ਸਹਾਇਕ ਨੋਡਲ ਅਫ਼ਸਰ ਸੰਦੀਪ ਬੱਬਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਬਲਵਿੰਦਰ ਸਿੰਘ ਤੇ ਸਮੂਹ ਸਟਾਫ਼ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਜੀਦਪੁਰ ਹਾਜ਼ਰ ਹੋਏ।

# ਫਸਲਾਂ, ਘਰਾਂ ਤੇ ਪਸ਼ੂਆਂ ਦਾ ਮੁਆਵਜ਼ਾ ਦੇਣ ਲਈ ਮਾਨ ਸਰਕਾਰ ਨੇ ਉਚਿਤ ਕਦਮ ਚੁੱਕੇ : ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਵਿਧਾਨ ਸਭਾ ਹਲਕਾ ਅਜਨਾਲਾ ਸਮੇਤ ਪੰਜਾਬ ਭਰ 'ਚ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਤੇ ਕਸਬਿਆਂ 'ਚ ਕਿਸਾਨਾਂ ਦੀਆਂ ਤਬਾਹ ਹੋਈਆਂ ਫਸਲਾਂ ਦੀਆਂ ਗਿਰਦਾਵਰੀਆਂ ਕਰਵਾ ਕੇ ਅਤੇ ਨੁਕਸਾਨੇ ਗਏ ਹਰ ਵਰਗ ਦੇ ਘਰਾਂ ਤੇ ਪਸ਼ੂਆਂ ਦਾ ਸਰਵੇਖਣ ਕਰਵਾ ਕੇ ਪ੍ਰਭਾਵਿਤ ਕਿਸਾਨਾਂ ਤੇ ਲੋਕਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ 15 ਅਕਤੂਬਰ ਤੱਕ ਉਚਿਤ ਮੁਆਵਜ਼ਾ ਦੇਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਚਿਤ ਕਦਮ ਚੁੱਕ ਲਏ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ. ਕੁਲਦੀਪ ਸਿੰਘ ਧਾਲੀਵਾਲ ਨੇ ਹਲਕੇ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਪਰੋ ਸਾਹਿਬ, ਸੁਧਾਰ (ਅਜਨਾਲਾ) ਵਿਖੇ ਇਲਾਕੇ ਦੀ ਸੁੱਖ ਸ਼ਾਂਤੀ, ਹੜ੍ਹ ਪੀੜਤਾਂ ਦੀ ਚੜਦੀ ਕਲਾ, ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਤੇ ਹੋਰ ਯੋਗ ਸਹਾਇਤਾ ਲਈ ਨਿਸ਼ਕਾਮ ਸੇਵਾਵਾਂ ਨਿਭਾਉਣ ਵਾਲੀਆਂ ਤੇ ਨਿਭਾਅ ਰਹੀਆਂ ਧਾਰਮਿਕ ਤੇ ਸਮਾਜਿਕ ਸੇਵਾ ਸੁਸਾਇਟੀਆਂ, ਕਾਰਸੇਵਾ ਵਾਲੇ ਬਾਬਿਆਂ, ਰਾਜਸੀ ਸੰਗਠਨਾਂ ਦੇ ਕਾਰਕੁੰਨਾਂ ਤੇ ਗ੍ਰਾਮ ਪੰਚਾਇਤਾਂ ਦਾ ਸ਼ੁਕਰਾਨਾ ਕਰਨ ਅਤੇ ਸਰਬੱਤ ਦੇ ਭਲੇ ਲਈ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਰਖਵਾਏ ਪਾਠ ਦੇ ਭੋਗ ਉਪਰੰਤ ਅਰਦਾਸ ਜੋਦੜੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਬਾਬਾ ਵਰਿਆਮ ਸਿੰਘ, ਪ੍ਰੋ: ਨਿਰਮਲ ਸਿੰਘ ਛੇਹਰਟਾ, ਭਾਈ ਮਨਜੀਤ ਸਿੰਘ ਭੋਮਾ, ਖੁਸ਼ਪਾਲ ਸਿੰਘ ਧਾਲੀਵਾਲ, ਅਮਨਦੀਪ ਕੌਰ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਨਗਰ ਪੰਚਾਇਤ ਅਜਨਾਲਾ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਅਮਿਤ ਔਲ, ਮਹਿਲਾ ਵਿੰਗ ਹਲਕਾ ਕੋਆਰਡੀਨੇਟਰ ਗੁਰਦੀਪ ਕੌਰ, ਕੌਂਸਲਰ ਰਾਜਬੀਰ ਕੌਰ ਚਾਹਲ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਸਮੇਤ ਦਰਜਨਾਂ ਸੀਨੀਅਰ ਆਗੂ, ਪੰਚ ਸਰਪੰਚ ਤੇ ਧਾਰਮਿਕ ਸਮਾਜਿਕ ਸੰਗਠਨਾਂ ਦੇ ਆਗੂ ਮੌਜੂਦ ਸਨ।

# ਕਾਮਰੇਡ ਸੀਤਾਰਾਮ ਯੇਚੁਰੀ ਦੀ ਪਹਿਲੀ ਬਰਸੀ ਮਨਾਈ



**ਪਠਾਨਕੋਟ (ਦਵਿੰਦਰ ਸਿੰਘ)-** ਕਮਿਊਨਿਸਟ ਪਾਰਟੀ ਆਫ਼ ਇੰਡੀਆਂ ਮਾਰਕਸਵਾਦੀ ਜ਼ਿਲ੍ਹਾ ਕਮੇਟੀ ਪਠਾਨਕੋਟ ਵੱਲੋਂ ਕਾਮਰੇਡ ਪ੍ਰਸ਼ੋਤਮ ਕੁਮਾਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਦੀ ਪਹਿਲੀ ਬਰਸੀ ਮਨਾਈ ਗਈ ਜੋ ਪਿਛਲੇ ਸਾਲ 12 ਸਤੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ।ਮਾਸਟਰ ਸੱਤਿਆ ਪ੍ਰਕਾਸ਼ ਨੇ ਉਨ੍ਹਾਂ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਉਹ ਅਰਥ ਸ਼ਾਸਤਰ ਦੇ ਵਿਗਿਆਨੀ ਸਨ। ਉਹ ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਰਹੇ।ਜਵਾਹਰ ਲਾਲ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ। 1992 ਵਿਚ ਪੋਲਿਟਬਿਊਰੋ ਦੇ ਮੈਂਬਰ ਬਣੇ।9 ਸਾਲ ਪਾਰਟੀ ਦੇ ਜਨਰਲ ਸਕੱਤਰ ਰਹੇ।ਇੰਡੀਆ ਗਠਜੋੜ ਬਣਾਉਣ ਵਿਚ ਉਨ੍ਹਾਂ ਦੀ ਮੁਖ ਭੂਮਿਕਾ ਸੀ।ਕਾਮਰੇਡ ਸੁਧਾ ਰਾਣੀ, ਕਾਮਰੇਡ ਬਲਵੰਤ ਸਿੰਘ ਅਤੇ ਮਾਸਟਰ ਰਾਜ ਕੁਮਾਰ, ਕਾਮਰੇਡ ਦੇਵੀ ਸੈਣੀ ਅਤੇ ਕਾਮਰੇਡ ਬਿਕਰਮਜੀਤ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਕਾਮਰੇਡ ਯੇਚੁਰੀ ਦੀ ਸੋਚ 'ਤੇ ਤੁਰਨ ਦਾ ਪ੍ਰਣ ਲਿਆ।ਇਸ ਮੌਕੇ ਕਾਮਰੇਡ ਜਗਦੀਸ਼, ਕਾਮਰੇਡ ਚਮਨ ਲਾਲ ਘੋ ਆਦਿ ਹਾਜ਼ਰ ਸਨ।

# ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਿਮਾਹੀ ਮੀਟਿੰਗ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵਰਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪ੍ਰਧਾਨਗੀ ਮੰਡਲ ਵਿੱਚ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸੂਰਜ ਪ੍ਰਕਾਸ਼ ਆਨੰਦ, ਸ਼ਮਸ਼ੇਰ ਸਿੰਘ ਧਾਮੀ ਹੁਸ਼ਿਆਰਪੁਰ, ਅਜੀਤ ਸਿੰਘ ਗੁਰਾਇਆ ਟਾਂਡਾ, ਦਲਬੀਰ ਸਿੰਘ ਭੁੱਲਰ ਦਸੂਹਾ, ਗਿਆਨ ਸਿੰਘ ਗੁਪਤਾ ਤਲਵਾੜਾ, ਮਲਕੀਤ ਸਿੰਘ ਮਾਹਲਪੁਰ, ਸਰੂਪ ਚੰਦ ਗੜ੍ਹਸ਼ੰਕਰ ਸ਼ਾਮਿਲ ਹੋਏ। ਇਸ ਮੀਟਿੰਗ ਦੌਰਾਨ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀ ਹਾਜ਼ਰ ਹੋਏ। ਬੀਤੀ ਤਮਾਹੀ ਦੌਰਾਨ ਮੀਟਿੰਗ ਦੇ ਸ਼ੁਰੂ ਵਿੱਚ ਸਾਥੀ ਅਵਤਾਰ ਸਿੰਘ ਟੈਗੋਰ ਨਗਰ ਹੁਸ਼ਿਆਰਪੁਰ ਅਤੇ ਸੁਰਿੰਦਰ ਸਿੰਘ ਕੁਮਾਰ ਤਹਿਸੀਲ ਪ੍ਰਧਾਨ ਮੁਕੇਰੀਆਂ, ਪਿਆਰਾ ਸਿੰਘ ਪਰਖ ਮੁਕੇਰੀਆਂ ਅਤੇ ਹੋਰ ਸਵਰਗ ਸੁਧਾਰ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਸੀਨੀਅਰ ਪ੍ਰਧਾਨ ਸੂਰਜ ਪ੍ਰਕਾਸ਼ ਨੇ ਚੱਲ ਰਹੇ ਕੋਰਟ ਕੇਸਾਂ ਦੇ ਸਬੰਧੀ ਅਤੇ ਪੈਨਸ਼ਨਰਜ਼ ਸਮੱਸਿਆਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਹੜ੍ਹ ਪ੍ਰਭਾਵਿਤ ਬਿਪਤਾ ਵਿੱਚ ਫਸੇ ਲੋਕਾਂ ਦੀ ਸਹਾਇਤਾ ਲਈ ਡੀ ਸੀ ਹੁਸ਼ਿਆਰਪੁਰ ਦੇ ਰਾਹਤ ਫੰਡ ਵਿੱਚ ਰਾਸ਼ੀ ਦੇਣ ਸਬੰਧੀ ਮਤਾ ਵੀ ਮੀਟਿੰਗ ਵਿੱਚ ਪੇਸ਼ ਕੀਤਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਰਿਲੀਜ਼ ਕਰਦਿਆਂ ਪ੍ਰੈਸ ਸਕੱਤਰ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਕਰਨ ਦੀ ਬਜਾਏ ਧਾਰੀ ਮੁਜਮਰਾਨਾ ਚੁੱਪ, ਮੀਟਿੰਗਾਂ ਦੇ ਕੇ ਭਗੋੜੇ ਹੋਣ ਦੀ ਪਾਈ ਨਵੀਂ ਘਟੀਆ ਪਿਰਤ, ਡੀਏ ਦੀਆਂ ਬਕਾਇਆ ਕਿਸ਼ਤਾਂ ਨਾ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਮੂੰਹ ਬੁਲਾਰਿਆਂ ਨੇ ਹੜ੍ਹ ਪ੍ਰਭਾਵਿਤ ਬਿਪਤਾ ਵਿੱਚ ਫਸੇ ਲੋਕਾਂ ਦੀ ਸਹਾਇਤਾ ਲਈ ਡੀ ਸੀ ਹੁਸ਼ਿਆਰਪੁਰ ਦੇ ਰਾਹਤ ਫੰਡ ਵਿੱਚ ਰਾਸ਼ੀ ਦੇਣ ਬਾਰੇ ਸਹਿਮਤੀ ਪ੍ਰਗਟ ਕੀਤੀ। ਉਪਰੰਤ ਹੜ੍ਹ ਪੀੜਤਾਂ ਦੀ ਮਦਦ ਲਈ ਰੱਖੇ ਮੱਤੇ ਨੂੰ ਸਮੂਹ ਮੀਟਿੰਗ ਵਿੱਚ ਸ਼ਾਮਿਲ ਮੈਂਬਰਾਂ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ। ਅੰਤ ਵਿੱਚ ਸੂਬਾ ਪ੍ਰਧਾਨ ਕੁਲਵਰਨ ਸਿੰਘ ਨੇ ਮੀਟਿੰਗ ਦੌਰਾਨ ਪੈਨਸ਼ਨਰਾਂ ਵੱਲੋਂ ਉਠਾਏ ਸਵਾਲਾਂ ਦਾ ਜਵਾਬ ਦਿੱਤਾ ਅਤੇ ਭਵਿੱਖ ਵਿੱਚ ਮੰਗਾਂ ਪ੍ਰਤੀ ਵਿੱਢੇ ਸੰਘਰਸ਼ਾਂ ਤੇ ਪਹਿਲਾਂ ਦੀ ਤਰ੍ਹਾਂ ਸਹਿਯੋਗ ਦੇਣ ਦੀ ਅਪੀਲ ਕੀਤੀ। ਮੀਟਿੰਗ ਉਪਰੰਤ ਪਾਸ ਕੀਤੇ ਮਤੇ ਅਨੁਸਾਰ ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜਿਲਾ ਹੁਸ਼ਿਆਰਪੁਰ ਵੱਲੋਂ ਹੜ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਿਲੀਫ ਫੰਡ ਲਈ ਮਾਨਯੋਗ ਡਿਪਟੀ ਕਮਿਸ਼ਨਰ ਰਾਹੀਂ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਨੂੰ ਇੱਕ ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਜਿਲਾ ਜਨਰਲ ਸਕੱਤਰ ਮਨਜੀਤ ਸਿੰਘ ਸੈਣੀ ਨੇ ਬਖੂਬੀ ਨਿਭਾਈ। ਇਸ ਮੌਕੇ ਸੁਦੇਸ਼ ਚੰਦਰ ਸ਼ਰਮਾ ਜ਼ਿਲ੍ਹਾ ਵਿੱਤ ਸਕੱਤਰ, ਓਮ ਸਿੰਘ ਸਟਿਆਣਾ, ਮਹਿੰਦਰ ਸਿੰਘ ਹੀਰ, ਗੁਰਚਰਨ ਸਿੰਘ, ਪਰਦੁਮਨ ਸਿੰਘ, ਹਰਦੀਪ ਸਿੰਘ, ਸੁਰਜੀਤ ਸਿੰਘ, ਕੁਲਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸਾਥੀ ਹਾਜ਼ਰ ਸਨ।

# ਸਰਕਾਰਾਂ ਦੀ ਅਣਗਹਿਲੀ ਕਾਰਨ 2000 ਤੋਂ ਵੱਧ ਪਿੰਡਾਂ ਨੂੰ ਪਈ ਹੜ੍ਹ ਦੀ ਮਾਰ : ਉਗਰਾਹਾਂ



**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਮੋਗਾ ਦੀ ਭਰਵੀਂ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਗਰਾਹਾਂ ਨੇ ਕਿਹਾ ਕਿ ਪੰਜਾਬ ਵਿੱਚ ਜੋ ਹੜ੍ਹ ਆਏ ਹਨ, ਇਹ ਕੁਦਰਤ ਦੀ ਕਰੋਪੀ ਕਰਕੇ ਨਹੀਂ, ਬਲਕਿ ਸਰਕਾਰਾਂ ਦੀ ਅਣਗਹਿਲੀ ਕਰਕੇ ਆਏ ਹਨ। ਇਹ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਨਾ ਤਾਂ ਮਸ਼ੀਨਰੀ ਤੇ ਨਾ ਹੀ ਬੰਨ੍ਹਾਂ ਦੀ ਮੁਰੰਮਤ ਕਰਾਈ ਗਈ ਹੈ।ਨਾ ਡੈਮ ਵਿੱਚ ਜਮ੍ਹਾਂ ਹੋਈ ਗਾਰ-ਜਿਲਟ ਕਢਾਈ ਗਈ ਹੈ।ਭਾਖੜਾ ਡੈਮ ਦੀ ਗੁਰੂ ਗੋਬਿੰਦ ਸਿੰਘ ਸਾਗਰ ਝੀਲ ਵਿੱਚੋਂ 1963 ਤੋਂ ਬਾਅਦ ਇਸ ਚੋਂ ਹੁਣ ਤੱਕ ਗਾਰ -ਜਿਲਟ ਨਹੀਂ ਕਢਾਈ ਗਈ, ਨਾ ਹੀ ਉਸ ਦੀ ਸਫਾਈ ਕਰਾਈ ਗਈ ਹੈ ਜੇਕਰ ਉਸਦੀ ਸਫਾਈ ਕਰਾਈ ਹੁੰਦੀ ਤਾਂ ਉਸ ਵਿੱਚ ਹੋਰ ਬਹੁਤ ਸਾਰਾ ਪਾਣੀ ਜਮ੍ਹਾਂ ਹੋ ਸਕਦਾ ਸੀ ਤੇ ਪਾਣੀ ਘੱਟ ਛੱਡਣ ਦੀ ਲੋੜ ਪੈਣੀ ਸੀ।